# ਸਿਰਜਣਾ

ਅਕਤੂਬਰ-ਦਸੰਬਰ 2013 (ਅੰਕ 170)

**October- December 2013**

**ਸੰਪਾਦਕ: ਰਘਬੀਰ ਸਿੰਘ**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਨਿੱਜੀ ਲਾਇਬ੍ਰੇਰੀ ਵਿੱਚੋਂ।

# ਇਜਾਜ਼ਤ
# Permission

ਮੈਂ ਰਘੁਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ –Sign: [signature]

ਪਤਾ –Address:
1728, ਸੈਕਟਰ 43-ਬੀ, ਚੰਡੀਗੜ੍ਹ - 160022
1728, Sector 43-B, Chandigarh - 160022 India

ਤਾਰੀਕ –Date: 25-10-2014

# ਸਿਰਜਣਾ



ਅਕਤੂਬਰ-ਦਸੰਬਰ 2013 **170** 30 ਰੁਪਏ

# ਸਿਰਜਣਾ

170
ਅਕਤੂਬਰ-ਦਸੰਬਰ 2013

ਸੰਪਾਦਕ : ਰਘਬੀਰ ਸਿੰਘ
Editor : Raghbir Singh

✵

1728, ਸੈਕਟਰ 43-ਬੀ,
ਚੰਡੀਗੜ੍ਹ-160 022
ਫੋਨ : +91-172-2601693

✵

***SIRJANA***
***1728, Sector 43-B,***
***Chandigarh-160 022***
***INDIA***
***Phone : +91-172-2601693***
***E-mail :***
***raghbirssirjana@yahoo.com***

✵

Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966


## ਇਸ ਅੰਕ ਵਿਚ


ਰਘਬੀਰ ਸਿੰਘ / ਸੰਪਾਦਕੀ / ਜਾਤ-ਪਾਤ ਅਤੇ ਮਜ਼ਹਬੀ ਜਨੂੰਨ/1

ਗੁਰਪ੍ਰੀਤ / ਦੋ ਕਵਿਤਾਵਾਂ / 3

ਮਲਵਿੰਦਰ / ਕੁਝ ਕਵਿਤਾਵਾਂ / 4

ਦਰਸ਼ਨ ਬੁਲੰਦਵੀ / ਕਵਿਤਾ/ਇਤਿਹਾਸ ਬੋਲਦਾ ਏ / 8

ਗੁਰਨਾਮ ਢਿੱਲੋਂ/ ਸੱਤ ਲਘੂ ਕਵਿਤਾਵਾਂ/10

ਸੈਣੀ ਸੁਖਪ੍ਰੀਤ/ਕਵਿਤਾ/ਜ਼ਫ਼ਰਨਾਮਾ/11

ਅਜਾਇਬ ਸਿੰਘ ਹੁੰਦਲ/ਦੋ ਗ਼ਜ਼ਲਾਂ/12

ਕੇਸਰਾ ਰਾਮ/ ਕਹਾਣੀ / ਬੀਮਾਰ ਆਦਮੀ / 13

ਇਕਬਾਲ ਰਾਮੂਵਾਲੀਆ / ਕਹਾਣੀ / ਮਿੱਟੀ ਦੀ ਜ਼ਾਤ / 28

ਸ਼ਸ਼ੀ ਸਮੁੰਦਰਾ / ਕਹਾਣੀ / ਸਿਧਾਰਥ/41

ਗੁਰਬਚਨ ਸਿੰਘ ਭੁੱਲਰ / ਨਿਬੰਧ / ਪੰਜਾਬੀ ਦਾ ਕੌਮੀ ਅਤੇ ਕੌਮਾਂਤਰੀ ਭਵਿੱਖ / 46

ਸੁਰਜੀਤ ਹਾਂਸ / ਨਿਬੰਧ / ਭਾਸ਼ਾ ਦਾ ਸਰੀਰਕ ਪੱਖ / 63

ਬਲਜੀਤ ਬਾਸੀ/ ਨਿਬੰਧ/ ਕਿਰਪਾਨ ਨਹੀਂ ਹੈ ਕਿਰਪਾ+ਆਨ/ 66

ਨੀਰੂ ਅਸੀਮ/ ਪ੍ਰਭਾਵ/ ਭਾਵੇਂ ਕੱਟੀਏ ਪੋਰੀਆਂ-ਪੋਰੀਆਂ/ 69

ਸਰਵਣ ਸਿੰਘ/ ਰਿਵਿਊ ਨਿਬੰਧ/ ਵਰਿਆਮ ਸੰਧੂ ਦੀ ਗੁਫ਼ਾ ਵਿਚਲੀ ਉਡਾਣ / 74

ਗੁਲਜ਼ਾਰ ਸਿੰਘ ਸੰਧੂ / ਰਿਵਿਊ / ਚਿੱਤ ਚੇਤਾ / 78

ਜਸਬੀਰ / ਰਿਵਿਊ / ਭੂਮਿਕਾ / 80

ਚੰਦਰ ਮੋਹਨ/ ਰਿਵਿਊ/ ਨਵੀਂ ਸਦੀ ਦੀ ਨਵੀਂ ਨਸਲ/ 82

ਚੰਦਰ ਮੋਹਨ/ ਰਿਵਿਊ/ ਖਾਰਾ ਪਾਣੀ /85

ਰਾਜਿੰਦਰ ਪਾਲ ਸਿੰਘ / ਰਿਵਿਊ/ਖੁਸ਼ਕ ਅੱਖ ਦਾ ਖ਼ਾਬ /87

ਮਨਦੀਪ ਸਿੰਘ / ਰਿਵਿਊ/ ਯਾਤਰੀ ਹਾਲੇ ਪਰਤੇ ਨਹੀਂ / 90

ਜੇ.ਬੀ.ਸੇਖੋਂ/ ਰਿਵਿਊ/ ਹੀਰ ਬੈਰਾਗਨ/ 92

ਸਤਿੰਦਰਪਾਲ ਸਿੰਘ ਬਾਵਾ/ਸੂਰਨਾਮੀ ਕਵਿਤਾ:ਕੌਮੀਅਤ,ਸ਼ਨਾਖ਼ਤ ਅਤੇ ਡਾਇਸਪੋਰਾ / 94

ਚੰਦਰਮੋਹਨ/ ਰਿਵਿਊ/ ਨੋ ਸਪੇਸ ਜ਼ੋਨ ਤੇ ਜਾਈਂ ਨਾ ਓਸ ਦਰੇ/ 96

ਪੱਤਰ : ਚਮਨ ਲਾਲ, ਗੁਰਦੀਪ ਕੌਰ, ਡਾ. ਜਸਬੀਰ ਕੌਰ, ਜੋਗਿੰਦਰ ਸਿੰਘ ਨਿਰਾਲਾ, ਮਲਵਿੰਦਰ, ਗੁਰਸੇਵਕ ਸਿੰਘ ਰੋੜਕੀ



ਟਾਈਟਲ ਚਿੱਤਰ : ਦੇਵ   ਟਾਈਪ-ਸੈਟਿੰਗ ਅਤੇ ਡਿਜ਼ਾਈਨਿੰਗ: ਰਾਜਪ੍ਰੀਤ ਸਿੰਘ

ਚੰਦਾ-ਦਸ ਅੰਕ : ਦੇਸ : 300 ਰੁਪਏ, ਵਾਰਸ਼ਿਕ : 120 ਰੁਪਏ
ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 25 ਪੌਂਡ, 50 ਡਾਲਰ


## ਸੰਪਾਦਕੀ

# ਜਾਤ-ਪਾਤ ਅਤੇ ਮਜ਼ਹਬੀ ਜਨੂੰਨ

ਜਾਤ-ਪਾਤ ਅਤੇ ਧਾਰਮਿਕ ਸੰਕੀਰਨਾ ਦੋ ਅਤਿ ਦੀਰਘ ਰੋਗ ਹਨ, ਜਿਹਨਾਂ ਦਾ ਸਰੂਪ ਤਾਂ ਭਾਵੇਂ ਬਦਲਦਾ ਰਿਹਾ, ਪਰ ਜੋ ਸਾਡੇ ਸਮਾਜ ਨੂੰ ਚੁੰਬੜੇ ਰਹੇ ਹਨ, ਅਤੇ ਚੁੰਬੜੇ ਹੋਏ ਹਨ। ਇਹਨਾਂ ਤੋਂ ਮੁਕਤ ਹੋਏ ਬਿਨਾਂ ਸਾਡਾ ਕਲਿਆਣ ਸੰਭਵ ਨਹੀਂ। ਕਿੰਨੇ ਹੀ ਲੰਮੇ ਸਮੇਂ ਤਕ ਤਾਂ ਇਹਨਾਂ ਰੋਗਾਂ ਨੂੰ ਹੀ ਸਾਡੇ ਸਮਾਜ-ਸਭਿਆਚਾਰ ਦੀ ਉੱਚਤਾ ਦੇ ਪ੍ਰਮਾਣ ਵਜੋਂ ਪੇਸ਼ ਕੀਤਾ ਜਾਂਦਾ ਰਿਹਾ। ਭਾਰਤੀ ਸੰਸਕ੍ਰਿਤੀ ਦੀ ਮਹਿਮਾ ਕਰਨ ਲਈ ਇਹ ਆਖਿਆ ਜਾਂਦਾ ਹੈ ਕਿ ਇਹ ਸਭ ਤੋਂ ਪੁਰਾਣੀ ਸਭਿਅਤਾ ਹੈ। ਅਤੇ ਇਸ ਪ੍ਰਾਚੀਨਤਾ ਦੀ ਵਿਸ਼ੇਸ਼ਤਾ ਹੀ ਹੈ ਮਨੂੰ ਦਾ ਉਹ ਸੂਤਰ ਜੋ ਸਮਾਜ ਦੀ ਸ਼੍ਰੇਣੀ-ਵੰਡ ਨੂੰ ਪ੍ਰਵਾਨਗੀ ਦਿੰਦਿਆਂ ਇਸ ਵਿਚ ਵਰਣ-ਵੰਡ ਨੂੰ ਸ਼ਾਮਲ ਕਰਦਾ ਹੈ। ਇਸ ਵਰਣ-ਵੰਡ ਨੇ ਹੀ ਉੱਚ ਵਰਗਾਂ ਦਾ ਸੇਵਾਦਾਰ, ਨਿਰੰਤਰ ਗ਼ੁਲਾਮੀ ਦੀ ਹਾਲਤ ਵਿਚ ਰਹਿਣ ਲਈ ਮਜਬੂਰ, ਇਕ ਵਰਗ ਬਣਾਇਆ ਜਿਸਨੂੰ ਸ਼ੂਦਰ ਦਾ ਨਾਂ ਦਿੱਤਾ ਗਿਆ। ਔਰਤ ਨੂੰ ਨਾਲ ਜੋੜ ਕੇ ਇਸ ਵਰਗ ਨੂੰ ਜੀਣ ਥੀਣ ਦੀ ਮਾਨਵੀ ਹੋਂਦ ਦੇ ਅਧਿਕਾਰ ਤੋਂ ਹੀ ਵਾਂਝਿਆਂ ਕਰ ਦਿੱਤਾ ਗਿਆ। ਇਹੀ ਗੱਲ ਧਰਮ ਦੇ ਸੰਬੰਧ ਵਿਚ ਹੈ। ਭਾਰਤ ਨੂੰ ਰਿਸ਼ੀਆਂ ਮੁਨੀਆਂ ਦੀ ਧਰਤੀ ਆਖ ਕੇ ਅਸੀਂ ਕਿਸੇ ਵੀ ਹੋਰ ਦੇਸ਼ ਜਾਂ ਸਮਾਜ ਦੇ ਟਾਕਰੇ ਧਾਰਮਿਕ ਉੱਚਤਾ ਦੇ ਦਾਅਵੇਦਾਰ ਬਣਦੇ ਰਹੇ ਹਾਂ। ਰਿਸ਼ੀਆਂ ਮੁਨੀਆਂ ਦੇ ਵਰਤਾਰੇ ਉੱਤੇ ਤਾਂ ਕੋਈ ਟਿੱਪਣੀ ਨਾ ਕਰਨ ਵਿਚ ਹੀ ਭਲਾ ਹੈ, ਪਰ 'ਧਰਮੀ ਕਰਮੀ' ਲੋਕ ਹਨੇਰ-ਬਿਰਤੀ ਫੈਲਾਉਣ ਦੇ ਨਾਲ 'ਪੂਜ-ਸਥਾਨਾਂ' ਵਿਚ ਹੀ ਜੋ ਜੋ ਕੁਕਰਮ ਕਰਦੇ ਰਹੇ ਅਤੇ ਕਰਦੇ ਹਨ, ਉਹਨਾਂ ਦੇ ਵੇਰਵਿਆਂ ਨਾਲ ਇਤਿਹਾਸ ਭਰਿਆ ਪਿਆ ਹੈ।

ਜੇ ਇਸ ਸਭ ਕੁਝ ਉੱਤੇ ਮਾਣ ਕੀਤਾ ਜਾਂਦਾ ਰਿਹਾ ਤਾਂ ਇਸ ਦਾ ਕਾਰਨ ਉਹ ਵਿਵਸਥਾ ਸੀ ਜਿਸ ਦੇ ਸੱਤਾ-ਤੰਤਰ ਨੂੰ ਗ਼ੁਲਾਮਦਾਰੀ ਜਾਂ ਜਗੀਰਦਾਰੀ ਕਿਹਾ ਗਿਆ ਹੈ। ਪੂੰਜੀਵਾਦੀ ਵਿਵਸਥਾ ਦੇ ਆਉਣ ਤਕ ਜਨ ਸਾਧਾਰਨ ਲਈ ਚੇਤਨਾ ਦੇ ਉਸ ਪੱਧਰ ਤਕ ਪਹੁੰਚਣਾ ਹੀ ਕਠਿਨ ਸੀ, ਜਿਸ ਪੱਧਰ ਉੱਤੇ ਉਹ ਆਪਣੀ ਹੋਂਦ ਦੇ ਇਸ ਸੰਤਾਪ ਨੂੰ ਜਾਣ ਸਮਝ ਸਕਦਾ। ਸੰਤਾਪ ਤੋਂ ਛੁਟਕਾਰਾ ਪਾਉਣ ਤੋਂ ਪਹਿਲਾਂ ਇਸਦੀ ਸੋਝੀ ਹੋਣੀ ਜ਼ਰੂਰੀ ਹੈ। ਅਤੇ ਇਹ ਸੋਝੀ ਸਮਾਜਕ ਵਿਕਾਸ ਦੇ ਇਕ ਨਿਸਚਤ ਪੜਾਅ ਉੱਤੇ ਹੀ ਸੰਭਵ ਹੋ ਸਕਦੀ ਸੀ, ਜਿਸਨੂੰ ਪੂੰਜੀਵਾਦ ਕਿਹਾ ਜਾਂਦਾ ਹੈ ਅਤੇ ਜਿਸ ਵਿਚੋਂ ਸੰਸਾਰ ਦਾ ਵਡੇਰਾ ਭਾਗ ਪਿਛਲੀਆਂ ਦੋ ਤਿੰਨ ਸਦੀਆਂ ਤੋਂ ਲੰਘ ਰਿਹਾ ਹੈ। ਪਹਿਲੇ ਸਮਿਆਂ ਵਾਂਗ ਹੀ ਪੂੰਜੀਵਾਦੀ ਸਮਾਜ ਦਾ ਚਰਿੱਤਰ ਤਾਂ ਜਮਾਤੀ ਹੀ ਹੈ, ਇਸ ਚਰਿੱਤਰ ਅਨੁਸਾਰ ਆਰਥਿਕ ਲੁੱਟ-ਖਸੁੱਟ ਦਾ ਖਾਤਮਾ ਤਾਂ ਸੰਭਵ ਨਹੀਂ, ਲੋਕ ਤੰਤਰ ਦਾ ਦਾਅਵਾ ਕਰਨ ਦੇ ਬਾਵਜੂਦ ਇਸਦਾ ਰਾਜ-ਤੰਤਰ ਵੀ ਨਿਆਈਂ ਨਹੀਂ। ਪਰ ਇਸ ਵਿਚ ਉਹਨਾਂ ਰੋਗਾਂ ਦਾ ਖਾਤਮਾ ਜ਼ਰੂਰ ਮੁਮਕਿਨ ਹੈ ਜੋ ਮਾਨਵੀ ਹੋਂਦ ਨੂੰ ਹੀ ਨਕਾਰਦੇ ਜਾਂ ਖੋਰਦੇ ਆਏ ਹਨ। ਇਹਨਾਂ ਖਤਮ ਕੀਤੇ ਜਾ ਸਕਣ ਵਾਲੇ ਰੋਗਾਂ ਵਿਚ ਹੀ ਧਾਰਮਿਕ ਹਨੇਰ ਬਿਰਤੀ ਅਤੇ, ਸਾਡੇ ਦੇਸ਼ ਦੇ ਪ੍ਰਸੰਗ ਵਿਚ ਖਾਸ ਤੌਰ 'ਤੇ, ਜਾਤਪਾਤ ਦੇ ਰੋਗ ਆਉਂਦੇ ਹਨ।

ਪਰ ਦੁੱਖ ਇਸ ਗੱਲ ਦਾ ਹੈ ਕਿ ਇਹ ਰੋਗ ਘਟਣ ਦੀ ਬਜਾਏ ਸਗੋਂ ਵਧਦੇ ਪ੍ਰਤੀਤ ਹੁੰਦੇ

ਹਨ। ਕਈ ਹਾਲਤਾਂ ਵਿਚ ਤਾਂ ਇਹਨਾਂ ਨੂੰ ਖਤਮ ਕਰਨ ਦੇ ਨਾਂ ਉੱਤੇ ਹੀ ਇਹਨਾਂ ਦੇ ਫੈਲਣ ਲਈ ਆਧਾਰ ਬਣ ਜਾਂਦਾ ਹੈ। ਜਾਤ ਪਾਤ ਦੀ ਪ੍ਰਥਾ ਨਿਸਚੇ ਹੀ ਅਨਿਆਈਂ ਹੈ। ਇਸ ਨੇ ਵਿਵਸਥਾ ਉੱਤੇ ਕਾਬਜ਼ ਸਾਧਨ-ਸੰਪੰਨ ਉੱਚ ਵਰਗ ਤੋਂ ਬਿਨਾਂ ਬਾਕੀ ਸਭਨਾਂ ਨੂੰ ਹੀ ਨਪੀੜਿਆ ਹੈ, ਐਪਰ ਛੂਤ-ਛਾਤ ਅਤੇ ਸੁੱਚ-ਭਿੱਟ ਦੇ ਵੇਸ ਵਿਚ ਇਸ ਨੇ ਦਲਿਤਾਂ ਨੂੰ ਜਿਸ ਅਮਾਨਵੀ ਸਥਿਤੀ ਵਿਚ ਡੱਕੀ ਰੱਖਿਆ ਹੈ, ਉਸਦੀ ਕੋਈ ਸੀਮਾ ਨਹੀਂ। ਦਲਿਤ ਭਾਈਚਾਰੇ ਵੱਲੋਂ ਹੀ ਕਿਉਂ, ਸਭਨਾਂ ਵੱਲੋਂ ਇਸ ਪ੍ਰਥਾ ਦਾ ਵਿਰੋਧ ਕੀਤਾ ਜਾਣਾ ਵਾਜਬ ਹੈ। ਇਸ ਪ੍ਰਥਾ ਨੂੰ ਮੁੱਢੋਂ ਸੁੱਢੋਂ ਖਤਮ ਕੀਤੇ ਜਾਣ ਦੀ ਲੋੜ ਹੈ। ਪਰ ਜੇ ਇਹ ਵਿਰੋਧ ਹੀ ਇਸਨੂੰ ਪਰਿਪੱਕ ਕਰਨ ਦਾ ਕਾਰਣ ਬਣ ਜਾਵੇ ਤਾਂ ਇਹ ਵੀ ਚਿੰਤਾ ਵਾਲੀ ਗੱਲ ਹੈ।

ਜ਼ਮੀਨ ਦੇ ਛੋਟੇ ਵੱਡੇ ਮਾਲਕ ਕਿਸਾਨ ਦੀ ਸਥਿਤੀ ਵਿਚ ਜਿਵੇਂ ਬਿਹਤਰੀ ਵਾਲੇ ਪਾਸੇ ਤਬਦੀਲੀ ਹੋਈ ਹੈ, ਉਸਨੇ ਪੰਜਾਬ ਵਿਚ 'ਜੱਟਵਾਦ' ਦੇ ਰੂਪ ਵਿਚ ਨਵੀਂ ਭਾਂਤ ਦੀ ਜਾਤੀਵਾਦੀ ਹੈਂਕੜ ਨੂੰ ਉਭਾਰਿਆ ਹੈ। 'ਜੱਟਵਾਦ' ਇਕ ਅਜਿਹੀ ਭੁਲਾਂਦਰੇਮਈ ਚੇਤਨਾ ਹੈ, ਜਿਸ ਨੇ ਪੰਜਾਬ ਦੀ ਬਾਕੀ ਵਸੋਂ ਨੂੰ ਤਾਂ ਪ੍ਰੇਸ਼ਾਨ ਕੀਤਾ ਹੀ ਹੈ, ਇਹ ਖੁਦ ਪੰਜਾਬੀ ਕਿਸਾਨ ਲਈ ਤ੍ਰਾਸਦੀ ਦੇ ਬੀਜ ਬੀਜਦੀ ਹੈ। ਜਿਸ ਸਿੱਖ ਰਾਜਨੀਤੀ ਨੇ ਕਿਸੇ ਸਮੇਂ ਜਾਤ ਗੋਤ ਨੂੰ ਦਰਸਾਉਣ ਵਾਲੀ ਨਾਮਾਵਲੀ ਦੀ ਵਰਤੋਂ ਦੀ ਮਨਾਹੀ ਕੀਤੀ ਸੀ, ਉਸੇ ਵੱਲੋਂ ਹੁਣ ਇਸਨੂੰ ਸਮਾਜਕ ਉੱਚਤਾ ਦੇ ਚਿੰਨ੍ਹ ਵਜੋਂ ਪਰਚਾਰਿਆ ਪਸਾਰਿਆ ਜਾ ਰਿਹਾ ਹੈ। ਵਿਡੰਬਨਾ ਇਹ ਵੀ ਹੈ ਕਿ ਵਿਕਸਤ ਪੱਛਮੀ ਦੇਸ਼ਾਂ ਵਿਚ ਗਏ ਸਾਡੇ ਲੋਕ ਇਸ ਤੋਂ ਛੁਟਕਾਰਾ ਪਾਉਣ ਦੀ ਥਾਂ ਸਗੋਂ ਸਭਿਆਚਾਰਕ ਵਿਲੱਖਣਤਾ ਦੇ ਨਾਂ 'ਤੇ ਇਸ ਦਾ ਵਧੇਰੇ ਸ਼ਿਕਾਰ ਹੁੰਦੇ ਹਨ।

ਇਹੀ ਗੱਲ ਧਰਮ ਵਿਚ ਆਸਥਾ ਅਤੇ ਮਜ਼ਹਬੀ ਚਿੰਨ੍ਹਾਂ ਬਾਰੇ ਹੋ ਰਹੀ ਹੈ। ਪ੍ਰਕਿਰਤੀ ਦੇ ਨੇਮਾਂ ਦੀ ਸੋਝੀ ਦੀ ਅਣਹੋਂਦ ਅਤੇ ਵਿਸ਼ਾਲ ਬ੍ਰਹਿਮੰਡ ਸਾਹਵੇਂ ਮਨੁੱਖ ਦੀ ਲਘੁਤਾ ਹੀ ਉਸਨੂੰ ਧਾਰਮਿਕ ਆਸਥਾ ਦੇ ਲੜ ਲਾਉਂਦੀ ਹੈ। ਪਰ ਵਿਗਿਆਨ ਵਿਚ ਨਵੀਆਂ ਲੱਭਤਾਂ ਦੇ ਸਮਾਨਾਂਤਰ ਵਿਗਿਆਨਕ ਦ੍ਰਿਸ਼ਟੀ ਦਾ ਸੰਚਾਰ ਨਹੀਂ ਹੋ ਰਿਹਾ। ਸਗੋਂ ਇਸਦੀ ਥਾਂ ਜਨੂੰਨ ਵਧੇਰੇ ਪਨਪ ਰਿਹਾ ਹੈ, ਜੋ ਮਾਨਵੀ ਪਿਆਰ ਨਹੀਂ ਵਧਾਉਂਦਾ, ਨਫਰਤ ਤੇ ਦਵੈਖ ਫੈਲਾਉਂਦਾ ਹੈ। ਕਿਤੇ ਇਹ ਆਫਰ ਕੇ ਦੂਜਿਆਂ ਨੂੰ ਲਤਾੜਦਾ ਹੈ, ਕਿਤੇ ਝੂਠੇ ਸੱਚੇ ਲਤਾੜੇ ਜਾਣ ਦੀ ਬਿਰਤੀ ਦਾ ਸ਼ਿਕਾਰ ਹੁੰਦਾ ਹੈ। ਪੰਜਾਬੀ ਅਤੇ ਖਾਸ ਕਰਕੇ ਸਿੱਖ ਇਹੋ ਜਿਹੀ 'ਧਰਮ-ਬਿਰਤੀ' ਨੇ ਕੈਦ ਕਰ ਰੱਖੇ ਹਨ, ਜੋ ਜਾਤਪਾਤੀ ਹਉਂ ਤੇ ਸਭਿਆਚਾਰਕ ਉੱਤਮਤਾ ਦਾ ਰੂਪ ਧਾਰ ਕੇ ਹੋਰ ਵੀ ਵਿਗਾੜ ਪਾਉਂਦੀ ਹੈ।

ਗ਼ਦਰ ਲਹਿਰ ਦੀ ਸ਼ਤਾਬਦੀ ਦੇ ਇਸ ਵਰ੍ਹੇ ਵਿਚ ਇਹੀ ਚੇਤੇ ਰੱਖਣਾ ਬਣਦਾ ਹੈ ਕਿ ਗ਼ਦਰੀ ਸੂਰਬੀਰਾਂ ਨੇ ਆਪਣੇ ਸੰਗਰਾਮ ਵਿਚ ਮਜ਼ਹਬ ਜਾਂ ਜਾਤਪਾਤ ਨੂੰ ਕਿਧਰੇ ਦਖਲ ਨਹੀਂ ਸੀ ਦੇਣ ਦਿੱਤਾ। ਕਲਮਾਂ ਵਾਲਿਆਂ ਦਾ ਤਾਂ ਖਾਸ ਤੌਰ 'ਤੇ ਫਰਜ਼ ਬਣਦਾ ਹੈ ਕਿ ਉਹ ਆਪਣੀ ਲਿਖਤ ਵਿਚ ਵੀ ਅਤੇ ਆਪਣੇ ਵਿਵਿਹਾਰ ਵਿਚ ਵੀ ਇਹਨਾਂ ਰੋਗਾਂ ਦੇ ਨਿਵਾਰਣ ਦਾ ਵਾਹਣ ਬਣਨ ਅਤੇ ਧਰਮ-ਨਿਰਪੇਖ, ਨਿਆਂਈਂ, ਸਾਂਝੀਵਾਲ ਸਮਾਜ ਦੀ ਗ਼ਦਰੀ ਦੇਸ਼ਭਗਤਾਂ ਦੀ ਕਲਪਨਾ ਨੂੰ ਸਾਕਾਰ ਕਰਨ ਵਾਲੇ ਪਾਸੇ ਤੁਰਨ।

-ਰਘਬੀਰ ਸਿੰਘ



## ਦੋ ਕਵਿਤਾਵਾਂ/ ਗੁਰਪ੍ਰੀਤ

### ਨਵੀਂ ਸ਼ੁਰੂਆਤ

ਹਰ ਸਾਹ ਨਾਲ
ਕਰਨਾ ਚਾਹੁੰਦਾ ਹਾਂ
ਨਵੀਂ ਸ਼ੁਰੂਆਤ
ਬੱਚਾ ਜਿਵੇਂ
ਘਰ ਬਣਾਉਂਦਾ ਹੈ ਹੁਣੇ
ਤੇ ਢਾਹ ਦਿੰਦਾ ਹੈ ਅਗਲੇ ਪਲ
ਮੈਂ ਇਕੋ ਸਾਹ
ਵਾਰ ਵਾਰ
ਕਿਉਂ ਲਈ ਜਾਂਦਾ ਹਾਂ?
ਆਪਣੇ ਅੰਦਰਲੇ ਬੱਚੇ ਦੀ ਭਾਲ 'ਚ
ਲਿਖਦਾ ਹਾਂ
ਇਕ ਤੋਂ ਬਾਅਦ ਦੂਜੀ ਕਵਿਤਾ...॥

### ਇਹ ਸ਼ਹਿਰ ਮੇਰਾ ਹੈ

ਮੇਰੇ ਸ਼ਹਿਰ 'ਚ
ਸਵੇਰ ਹੁੰਦਿਆਂ ਹੀ
ਤੁਰ ਪੈਂਦੀ ਹੈ
ਸੜਕਾਂ 'ਤੇ ਸੁੱਤੀ ਹੋਈ ਭੀੜ
ਮੈਂ ਵੀ ਸ਼ਾਮਲ ਹਾਂ ਇਸ ਵਿਚ
ਭੀੜ ਖਤਮ ਕਰਦੀ ਹੈ
ਇਕ ਸਾਬਤ-ਸਬੂਤਾ ਦਿਨ
ਆਪਣਾ ਆਪਾ ਲੱਭਦਿਆਂ
ਭੀੜ ਸਿਰ ਲੁਕਾ ਲੈਂਦੀ ਹੈ ਰਾਤ 'ਚ
ਆਪਣਾ ਬਹੁਤ ਕੁਝ ਗੁਆ
ਮੈਂ ਵੀ ਸ਼ਾਮਲ ਹਾਂ ਇਸ ਵਿਚ

ਮੇਰੇ ਸ਼ਹਿਰ 'ਚ ਨੇ
ਅਜਿਹੇ ਬਹੁਤ ਸਾਰੇ ਲੋਕ
ਜੋ ਮੈਨੂੰ ਦੇਖਦੇ ਜਾਣਦੇ ਉਹੋ ਜਿਹਾ
ਜਿਹੋ ਜਿਹਾ ਲੋੜੀਂਦਾ ਹਾਂ ਉਹਨਾਂ ਨੂੰ
ਮੇਰੇ ਸ਼ਹਿਰ 'ਚ
ਮੈਂ ਵੀ ਨਹੀਂ ਜਾਣਦਾ ਆਪਣੇ ਆਪ ਨੂੰ
ਪਿੰਡਾਂ ਵੱਲੋਂ ਆਉਂਦੀਆਂ ਸਾਰੀਆਂ ਸੜਕਾਂ
ਮੇਰੇ ਸ਼ਹਿਰ 'ਚ ਦਮ ਤੋੜ ਜਾਂਦੀਆਂ ਹਨ
ਇੱਥੇ ਅਜੇ ਵੀ

ਕਿੰਨੇ ਹੀ ਟੋਏ ਅਜਿਹੇ
ਜੋ ਨਹੀਂ ਭਰੇ
ਪਿੰਡਾਂ ਦੀਆਂ ਪੂਰੀਆਂ ਉਮਰਾਂ
ਖਪ ਗਈਆਂ ਇਹਨਾਂ ਵਿਚ

ਮੇਰੇ ਸ਼ਹਿਰ 'ਚ
ਇਮਾਰਤਾਂ ਨੇ-ਵੱਡੀਆਂ ਉੱਚੀਆਂ
ਬਜ਼ਾਰ ਨੇ-ਸਜੇ ਸਜੇ
ਲੋਕ ਨੇ-ਰੰਗ ਬਰੰਗੇ ਲਿਫਾਫਿਆਂ 'ਚ ਬੰਦ

ਮੇਰੇ ਸ਼ਹਿਰ 'ਚ
ਇਕ ਤੂੰ ਨਹੀਂ-ਜ਼ਿੰਦਗੀ
ਜਿਸ ਨੂੰ ਮੈਂ ਅਕਸਰ ਤਸੱਵਰ ਕਰਦਾ ਹਾਂ
ਇਕ ਮਸੱਵਰ ਵਾਂਗ

ਕਹਿਣ ਨੂੰ ਤਾਂ
ਮੈਂ ਕਹਿ ਰਿਹਾ ਹਾਂ
ਇਹ ਸ਼ਹਿਰ ਮੇਰਾ ਹੈ
ਪਰ ਅਸੰਖ ਸਦੀਆਂ ਤੋਂ
ਕਦੇ ਵੀ, ਕਿਸੇ ਦਾ ਵੀ
ਨਹੀਂ ਬਣ ਸਕਿਆ
ਇਹ ਸ਼ਹਿਰ ਮੇਰਾ ਹੈ॥

ਸੁਖਨ ਨਿਵਾਸ, ਵਾਰਡ ਨੰ: 1, ਸ਼ਰਮਾ ਸਟਰੀਟ, ਲਿੰਕ ਰੋਡ, ਮਾਨਸਾ-151 505,
ਮੋਬਾਇਲ : 9872375898 poetgurpreet@gmail.com

## ਕੁਝ ਕਵਿਤਾਵਾਂ/ਮਲਵਿੰਦਰ

### ਮੈਂ ਕਵਿਤਾ ਲਿਖਣੀ ਏਂ

ਏਨਾ ਵੀ ਨਾ ਰੁੱਸਿਆ ਕਰ
ਕਿ ਸੱਚੀ ਮੁੱਚੀ ਰੁੱਸ ਜਾਣ
ਸ਼ਬਦ ਮੇਰੇ ਨਾਲ

ਕਦੀ ਤਾਂ ਬੋਲ ਏਨਾ ਹੌਲੀ
ਕਿ ਮੈਂ ਤੇਰੇ ਹੋਠਾਂ ਦੀ ਹਰਕਤ 'ਚੋਂ
ਸ਼ਬਦ ਪੜ੍ਹ ਸਕਾਂ

ਹਰ ਵੇਲੇ ਕੰਨਾਂ 'ਚ
ਸ਼ੋਰ ਬਣ ਗੂੰਜਦੀ ਏਂ
ਕਦੀ ਚੁੱਪ ਬਣ ਗੂੰਜ
ਮੈਂ ਕਵਿਤਾ ਲਿਖਣੀ ਏਂ
ਸਾਰਾ ਦਿਨ- ਟੈਲੀ 'ਚ ਵੜੀ ਰਹਿੰਦੀ ਏਂ
ਕਦੀ ਸ਼ੀਸ਼ੇ 'ਚ ਵੜਕੇ



ਆਪਣਾ ਚਿਹਰਾ ਵੇਖ
ਤੇਰੇ ਚਿਹਰੇ 'ਤੇ ਉੱਗ ਪਈਆਂ ਨੇ
ਮੇਰੀ ਕਵਿਤਾ ਦੀਆਂ ਸਤਰਾਂ
ਪੜ੍ਹਕੇ ਵੇਖ
ਏਨਾ ਲਾਡ ਵੀ ਨਾ ਕਰ
ਕਿ ਸੱਚੀ ਮੁੱਚੀ ਕਵਿਤਾ
ਸ਼ਰਮਸਾਰ ਹੋ ਜਾਵੇ

### ਕੋਲ਼ ਰਹੇਂ ਤੂੰ

ਮੈਂ ਜਿੰਨਾ ਤੇਰੇ ਵਿਵਹਾਰ ਨੂੰ ਪੜ੍ਹਦਾਂ
ਕਵਿਤਾ ਉਨਾ
ਮੇਰੇ ਨੇੜੇ ਸਰਕ ਆਉਂਦੀ
ਹਰ ਰਾਤ ਲਿਖਦਾਂ ਮੈਂ ਕਵਿਤਾ
ਹਰ ਰਾਤ ਤੇਰੀ ਦੂਰੀ ਘਟਦੀ
ਰਿਸ਼ਤੇ ਇੰਝ ਵੀ ਪਨਪਦੇ, ਸ਼ਬਦਾਂ 'ਚ
ਕਵਿਤਾ ਕੋਲੋਂ ਜਾਣਿਆਂ
ਤੂੰ ਸ਼ਬਦ ਬੋਧ ਤੋਂ ਕੋਰੀ
ਅਰਥਾਂ ਤੋਂ ਅਨਜਾਣ
ਵਿਚਾਰਾਂ 'ਚ ਢਲ ਰਹੀ
ਤੇਰੀ ਕਾਇਆ 'ਚ ਢਲ ਰਹੇ
ਵਿਚਾਰ ਮੇਰੇ
ਨਿਪੁੰਸਕ ਹੋ ਰਹੇ
ਤੇਰੀ ਤੇ ਕਵਿਤਾ ਦੀ ਨੇੜਤਾ
ਇਕੋ ਵੇਲੇ
ਮੇਰੀ ਹੋਂਦ ਖੋਰ ਰਹੀ
ਮਿਟ ਜਾਵੇ ਹੋਂਦ
ਹੀਣ ਹੋ ਜਾਣ ਵਿਚਾਰ
ਕੋਲ਼ ਰਹੇਂ ਤੂੰ
ਨੇੜੇ ਰਹੇ ਕਵਿਤਾ
ਪੜ੍ਹਦਾ ਰਹਾਂ ਮੈਂ ਤੈਨੂੰ

### ਸ਼ਬਦਾਂ ਦਾ ਹਾਣ

ਤੂੰ ਕਵਿਤਾ ਤੋਂ ਕੋਹਾਂ ਦੂਰ
ਕਵਿਤਾ 'ਚ ਢਲ ਰਹੀ
ਕਾਇਆ ਤੇਰੀ
ਥੋੜ੍ਹਾ ਥੋੜ੍ਹਾ ਸਿਆਣਨ ਲੱਗੀ ਏਂ
ਤੂੰ ਕਵਿਤਾ ਨੂੰ
ਕਵਿਤਾ ਤੈਨੂੰ

ਅਜੀਬ ਰਿਸ਼ਤਾ ਏ
ਤੇਰਾ ਤੇ ਕਵਿਤਾ ਦਾ
ਮੇਰੀ ਥੀਂ ਹੋ ਕੇ ਗੁਜ਼ਰਦਾ
ਤੇਰੇ ਵਿਵਹਾਰ ਨੂੰ ਪੜ੍ਹਦਿਆਂ
ਮੈਂ ਜਦ ਥੱਕ ਜਾਨਾਂ
ਕਵਿਤਾ ਆ ਜਾਂਦੀ ਮੇਰੇ ਕੋਲ
ਤੂੰ ਹਰ ਜਤਨ ਕਰਦੀ
ਖਿਝ ਜਾਵਾਂ ਮੈਂ
ਪਰ ਸਹਿਜ ਰੱਖਦੀ ਮੈਨੂੰ ਕਵਿਤਾ
ਮੈਂ ਤਦ ਤਕ ਬਰਦਾਸ਼ਤ ਕਰਾਂਗਾ ਤੈਨੂੰ
ਜਦ ਤਕ ਬਰਦਾਸ਼ਤ ਕਰੇਗੀ
ਕਵਿਤਾ ਸ਼ਬਦਾਂ ਨੂੰ
ਸ਼ਬਦ ਮੈਨੂੰ
ਤੂੰ ਸ਼ਬਦਾਂ ਦੇ ਹਾਣ ਦੀ ਹੋ ਕੇ ਵਿਖਾ

## ਨਵੇਂ ਯੁਗ ਦੀ ਹਾਨਣ

ਅੱਜ ਫਿਰ ਸੈਰ ਕਰਦਿਆਂ
ਮੈਂ ਤੇਰੇ ਕਦਮਾਂ ਦੀ ਪੈੜ-ਚਾਪ ਸੁਣੀ
ਪਾਰਕ ਕੋਲੋਂ ਲੰਘਦਿਆਂ
ਅੱਜ ਫਿਰ ਗੂੰਜਿਆ ਤੇਰਾ ਹਾਸਾ

ਠਹਾਕਾ ਮਾਰ ਹੱਸ ਪਿਆ ਮੈਂ
ਤੇਰੇ ਕਿਸੇ ਜਵਾਬ ਨੂੰ ਸੁੰਘ

ਅੱਜ ਫਿਰ ਬੁਰਾ ਮਨਾ ਗਈ ਤੂੰ
ਧੀਮੀ ਗਤੀ ਪਰਤਦੇ-ਹਵਾਈ ਸੰਦੇਸ਼ਾਂ ਦਾ

ਪਰ ਅੱਜ- ਕੁਝ ਵੀ ਨਵਾਂ ਨਾ ਵਾਪਰਿਆ
ਨਾ ਨਵੇਂ ਬਿੰਬ ਸੁੱਝੇ
ਨਾ ਨਵੇਂ ਆਕਾਰ ਕਵਿਤਾ ਦੇ

ਇੰਝ ਹੀ ਕਿਉਂ ਹੋ ਗਈ ਏਂ ਤੂੰ
ਕਿਉਂ ਰੋਜ਼ ਪਹਿਨਦੀ ਏਂ
ਵਿਵਹਾਰ ਦਾ ਪੁਰਾਣਾ ਲਿਬਾਸ
ਨਵੀਂ ਜਿਹੀ ਬਣ ਕੇ ਆਇਆ ਕਰ
ਨਵੇਂ ਯੁੱਗ ਦੀ ਹਾਨਣ-ਨਵੀਆਂ ਪੈੜਾਂ ਪਾਉਂਦੀ

ਕੱਲ ਆਵੇਂਗੀ ਨਾ ਇੰਝ
ਮੈਂ ਇਕ ਨਵੀਂ ਕਵਿਤਾ ਲਿਖਣੀ ਹੈ।



## ਕਲਪਨਾ

ਮੋਬਾਇਲ 'ਤੇ ਗੱਲਾਂ ਕਰਦਿਆਂ
ਚਾਹ ਹੁੰਦੀ ਮਿਲਣ ਦੀ
ਕਲਪਨਾ 'ਤੇ ਮਿਲਦੇ-ਤੇਰੀ ਚਾਹਤ ਹੁੰਦੀ
ਚੁੱਕ ਲੈਂਦਾ ਮੈਂ ਤੈਨੂੰ-ਹੈਰਾਨ ਹੁੰਦੀ ਤੂੰ-ਹਫ਼ ਜਾਂਦਾ ਮੈਂ
ਕਲਪਨਾ 'ਚ ਸਾਕਾਰ ਹੋ ਜਾਂਦੀ
ਕਵਿਤਾ ਜ਼ਿੰਦਗੀ ਦੀ

ਕਲਪਨਾ 'ਚ ਸਾਂਝੇ ਹੁੰਦੇ, ਛਿਣ ਮੁਲਾਕਾਤ ਦੇ
ਦ੍ਰਵਿਤ ਹੁੰਦੇ ਪਲ, ਦ੍ਰਵਿਤ ਹੁੰਦੇ ਆਪਾਂ
ਕਵਿਤਾ ਵੀ ਦ੍ਰਵਿਤ ਹੋ ਜਾਂਦੀ

ਸੈਰ ਕਰਦਿਆਂ-ਤੂੰ ਮੇਰੇ ਅੰਗ ਸੰਗ ਤੁਰਦੀ
ਥੱਕਦਾ ਸਿਰਫ ਮੈਂ-ਕਲਪਨਾ 'ਚ ਥੱਕਦੀ ਤੂੰ

ਸਾਡੀ ਕਲਪਨਾ-ਆਹਰੇ ਲਾਈ ਰੱਖਦੀ ਸਾਨੂੰ
ਜੀਵਨ ਦੇ ਸੁਖਦ ਛਿਣ
ਸਾਡੇ ਅੰਗ ਸੰਗ ਰਹਿੰਦੇ

ਕਲਪਨਾ 'ਚ ਆਇਆ ਕਰ ਤੂੰ
ਮੇਰੇ ਕੋਲ ਕਵਿਤਾ ਵਾਂਗ

## ਕਵਿਤਾ ਦੀ ਸਹੇਲੀ

ਰੋਜ਼ ਕੀਤੀਆਂ ਤੇਰੀਆਂ ਗੱਲਾਂ
ਕਵਿਤਾ ਬਣ ਜਾਂਦੀ
ਰੋਜ਼ ਕਵਿਤਾ 'ਚ ਢਲ ਜਾਂਦੀ ਤੂੰ
ਅਮਰ ਹੋ ਜਾਂਦੀ
ਕਿੰਨੀ ਵਾਰ ਅਮਰ ਹੋਵੇਂਗੀ-ਇਕੋ ਜਨਮ 'ਚ
ਤੇਰੇ ਪੱਲੂ 'ਚ ਬੱਝੀਆਂ-ਕਿੰਨੀਆਂ ਕਵਿਤਾਵਾਂ
ਤੂੰ ਆਪਣੇ ਬਾਰੇ ਲਿਖੀ
ਕਵਿਤਾ ਸੁਣ ਹੱਸ ਪੈਂਦੀ
ਕਦ ਬਣੇਂਗੀ ਤੂੰ, ਕਵਿਤਾ ਦੀ ਸਹੇਲੀ
ਏਨੀਆਂ ਗੱਲਾਂ ਨਾ ਕਰਿਆ ਕਰ
ਮੁੱਕ ਜਾਣ ਸ਼ਬਦ ਮੇਰੇ
ਅਧੂਰੀ ਰਹਿ ਜਾਵੇ ਕਵਿਤਾ
ਕਿਉਂ ਤੈਨੂੰ ਚੰਗਾ ਲੱਗਦਾ
ਰੋਜ਼ ਗੱਲਾਂ ਕਰਨੀਆਂ
ਕਵਿਤਾ ਬਣ ਜਾਣਾ
ਕਦੀ ਕਵਿਤਾ ਨੂੰ ਵੀ ਕਰਨ ਦਿਆ ਕਰ
ਤੇਰੀਆਂ ਗੱਲਾਂ

[ਏ-195,ਗੁਰੂ ਅਮਰਦਾਸ ਐਵੀਨਿਊ,ਏਅਰਪੋਰਟ ਰੋਡ,ਅੰਮ੍ਰਿਤਸਰ,ਮੋਬਾਇਲ:987204-2344]

## ਇਤਿਹਾਸ ਬੋਲਦਾ ਏ/ਦਰਸ਼ਨ ਬੁਲੰਦਵੀ

ਚੁੰਮ ਕੇ ਸੂਲੀ ਸ਼ਹਾਦਤ ਜੋ ਪਾ ਗਿਆ
ਉਹ ਡੁੱਬਿਆ ਸੂਰਜ ਨਹੀਂ ਹੁੰਦਾ
ਬੈਨ ਹੋਏ ਸ਼ਬਦ ਬੁਝ ਗਿਆ ਦੀਵਾ ਨਹੀਂ ਹੁੰਦੇ
ਦਫ਼ਾ ਇਕ ਸੌ ਚੁਤਾਲੀ ਨਾਲ
ਕੋਈ ਕਾਫ਼ਲਾ ਨਹੀਂ ਖਿੰਡ ਜਾਂਦਾ
ਹਿੰਸਾ ਦੀ ਦੀਵਾਰ
ਹਵਾਵਾਂ ਨੂੰ ਕਦ ਰੋਕ ਸਕਦੀ ਹੈ
ਸਾਥੀਓ ਤੁਸੀਂ ਚਲਦੇ ਰਹਿਣਾ
ਇਤਿਹਾਸ ਬੋਲਦਾ ਏ

ਇਨ੍ਹਾਂ ਦਾ ਕੀ ਪਤਾ
ਕਿਸੇ ਵਕਤ ਵੀ
ਇਹ ਨਾਗਾਂ ਦੇ ਡੰਗ ਲੈ ਕੇ
ਤੁਹਾਡਿਆਂ ਚੁਰੱਸਤਿਆਂ ਨੂੰ ਮੱਲ ਲੈਣ
ਤੁਹਾਡੀਆਂ ਉਮੀਦਾਂ ਦੇ ਮੰਚ 'ਤੇ
ਜ਼ਹਿਰ ਆ ਕੇ ਧੂੜ ਦੇਣ
ਸੰਨ ਸੰਤਾਲੀ ਜਾਂ ਚੁਰਾਸੀ ਨਾਲ
ਦਸਤਕਾਂ ਲਈ ਆ ਧਮਕਣ
ਲਹੂ ਦੇ ਚੁਬੱਚਿਆਂ ਚ ਡੋਬ ਦੇਣ
ਸਰਬੱਤ ਦੇ ਭਲੇ ਦੀ ਅਰਦਾਸ
ਤਲੀ 'ਤੇ ਟਿਕਾਈ ਸਰਬ ਸਾਂਝੀ ਜੋਤ
ਅਪਣੇ ਪਸੀਨੇ 'ਚੋਂ ਮਹਿਕਦੀ ਗੁਲਜ਼ਾਰ
ਤੇ ਸਦੀਆਂ ਤੋਂ ਪੱਕ ਰਹੇ ਅਪਣੇ ਰਿਸ਼ਤਿਆਂ ਦੀ ਖੁਸ਼ਬੋ
ਤੁਸੀਂ ਲੱਭਦੇ ਫਿਰੋ ਅਪਣੇ ਘਰ 'ਚੋਂ ਅਪਣੀ ਪਛਾਣ
ਤ੍ਰਭਕਦੇ ਫਿਰੋ
ਆਪਣੇ ਹੀ ਬੂਹੇ 'ਤੇ ਲੱਗੀ
ਆਪਣੇ ਨਾਂ ਦੀ ਤਖਤੀ ਤੋਂ
ਤੇ ਅਪਣੇ ਅੰਗ ਸੰਗ ਤੁਰਦੇ
ਅਪਣੇ ਹੀ ਪ੍ਰਛਾਵੇਂ ਤੋਂ।

ਸਾਥੀਓ ਤੁਸੀਂ ਚਲਦੇ ਰਹਿਣਾ
ਚਲਦਿਆਂ ਹੀ ਰਾਹ ਬਣਦੇ ਹਨ
ਚਲਦਿਆਂ ਨੂੰ ਹੀ ਉਡੀਕਦੀ ਏ ਮੰਜ਼ਿਲ
ਚਲਦਿਆਂ ਹੀ ਸਫ਼ਰ ਸੰਪੂਰਨ ਹੁੰਦਾ ਹੈ
ਕੀ ਹੋਇਆ ਜੇ ਰਸਤੇ ਵਿਚ
ਫਿਰ ਕੋਈ ਬਜ ਬਜ ਘਾਟ ਏ



ਸੀਸ ਮੰਗਦਾ ਕੋਈ ਚਾਂਦਨੀ ਚੌਕ ਏ
ਸ਼ਿੰਗਾਰੀਆਂ ਹੋਈਆਂ ਸਲੀਬਾਂ 'ਤੇ ਬੁਝੇ ਹੋਏ ਚਿਰਾਗ ਹਨ
ਪੈਰਾਂ 'ਚ ਕੁਰਕੀਆਂ ਦੇ ਜਾਲ
ਤੇ ਅੱਗੇ ਹਰ ਮੀਲ ਪੱਥਰ ਹੈ ਸੰਗੀਨ ਹੋਇਆ
ਪਰ ਚਲਦਿਆਂ ਹੀ ਪੈਰੋਂ ਤਿੜਕਦੀ ਏ ਜ਼ੰਜੀਰ
ਕਾਲ਼ੇ ਪਾਣੀਆਂ ਦਾ ਲੋਹਾ ਪਿਘਲਦਾ ਹੈ
ਮਿੱਟੀ ਪੈਰਾਂ ਲਈ ਵਰਦਾਨ ਬਣਦੀ ਹੈ
ਸਾਥੀਓ, ਤੁਸੀਂ ਚਲਦੇ ਰਹਿਣਾ
ਇਤਿਹਾਸ ਬੋਲਦਾ ਏ

ਤੁਸੀਂ ਅਪਣਾ ਦਿਲ ਅਪਣੇ ਹੱਥੀਂ ਨਾ ਤੋੜਿਓ
ਟੁੱਟੇ ਦਿਲਾਂ ਨੂੰ ਕੌਣ ਧਰਵਾਸ ਦਿੰਦਾ ਏ
ਰਿਸਦੇ ਜ਼ਖ਼ਮਾਂ ਦੀ ਕੌਣ ਖ਼ੈਰ ਮੰਗਦਾ ਏ
ਇਨਾਂ ਦਾ ਹਨੇਰਾ ਤਾਂ ਸਦਾ ਹੀ
ਮਜ਼ਲੂਮਾਂ ਦੇ ਹੰਝੂਆਂ ਨਾਲ ਹੱਥ ਧੋਂਦਾ ਏ
ਤੇ ਉਨਾਂ ਦੀ ਹਿੱਕ 'ਤੇ
ਅਪਣੀ ਤਾਕਤ ਦੇ ਅਨਾਰ ਚਲਾਉਂਦਾ ਏ
ਤੇ ਆਓ ਖੋਲ੍ਹੀਏ ਅਪਣੇ ਅੰਦਰੋਂ
ਫਿਰ ਯੁਗਾਂਤਰ ਆਸ਼ਰਮ ਦਾ ਬੂਹਾ
ਜਿੱਥੇ ਲੱਕੜੀ ਦਾ ਹੱਥ ਅੱਜ ਫਿਰ ਵੰਗਾਰਦਾ ਏ
ਸ਼ਹੀਦਾਂ ਦੇ ਬੋਲ ਚਿਤਾਰਦਾ ਏ
ਸਾਥੀਓ, ਤੁਸੀਂ ਚਲਦੇ ਰਹਿਣਾ
ਇਤਿਹਾਸ ਬੋਲਦਾ ਏ।

ਚਲਦੇ ਰਹਿਣਾ ਜਦ ਤੱਕ ਮਾਵਾਂ ਦੇ ਪੁੱਤ
ਪੁਲਸ ਮੁਕਾਬਲਿਆਂ ਤੋਂ ਘਰਾਂ ਨੂੰ ਪਰਤ ਨਹੀਂ ਆਉਂਦੇ
ਜਦ ਤਕ ਫੁੱਟਪਾਥਾਂ ਦੀ ਅਣਹੋਈ
ਕਿਸੇ ਬਸਤੀ ਦਾ ਗੀਤ ਨਹੀਂ ਬਣਦੀ
ਜਦ ਤਕ ਲੋਕਤੰਤਰ ਦਲਾਲਾਂ ਦੀ ਮੰਡੀ ਤੋਂ ਵੱਧ ਕੁਝ ਨਹੀਂ
ਜਿੱਥੇ ਜੀਣ ਦਾ ਮੁੱਲ ਰੀਂਗ ਕੇ ਤਾਰਿਆ ਜਾਂਦਾ
ਜਦ ਤਕ ਆਜ਼ਾਦੀ ਪਰਿੰਦਿਆਂ ਦੇ ਪਰ ਕੁਤਰਨ ਦਾ ਨਾਂ ਏ
ਲੁੱਟਾਂ ਖੋਹਾਂ ਲਈ ਸੁਰੱਖਿਅਤ ਥਾਂ ਏ
ਲਾਲ ਕਿਲੇ 'ਤੇ ਝੂਲਦੇ ਤਿਰੰਗੇ ਦੇ
ਤਿੰਨੇ ਰੰਗਾਂ ਦਾ ਹੀ ਕਤਲੇਆਮ ਏ
ਜਿਸਦੀ ਛਾਂ ਹੇਠ ਹੁਣ ਤਕ ਰੰਡਾ ਕਨੂੰਨ ਪ੍ਰਧਾਨ ਏ
ਸਾਥੀਓ, ਤੁਸੀਂ ਚਲਦੇ ਰਹਿਣਾ
ਇਤਿਹਾਸ ਬੋਲਦਾ ਏ

**[41 Wenban Road, Worthing Sussex, England, BN11 1HY]**

## ਸੱਤ ਲਘੂ ਕਵਿਤਾਵਾਂ/ ਗੁਰਨਾਮ ਢਿੱਲੋਂ

### ਚੁੱਪ ਚਾਪ

ਇਹ ਬੰਦ ਤੇਰੇ ਹੋਂਠ
ਕੀ ਕੁਝ ਕਹਿ ਗਏ ਮੈਨੂੰ
ਮੇਰੇ ਖਿਆਲਾਂ ਵਿਚ
ਇਕ ਤੂਫਾਨ ਆ ਗਿਆ

### ਕਰਾਮਾਤ

ਹਰ ਇਕ ਦਵਾ
ਬੇਅਸਰ ਸੀ
ਜਿਹੜੇ ਬੀਮਾਰ 'ਤੇ
ਤੇਰੀ ਨਜ਼ਰ ਇਕ ਨਾਲ ਉਹ
ਫੁੱਲ ਵਾਂਗ ਖਿੜ ਗਿਆ

### ਵਿਛੋੜਾ

ਜਦੋਂ ਦੇ ਵਿਛੜੇ ਉਹ
ਦਿਲ 'ਚ ਮਿੱਠਾ ਦਰਦ
ਰਹਿੰਦਾ ਹੈ
ਪਤਾ ਨਹੀਂ ਮਿਹਰ ਹੈ ਇਹ
ਜਾਂ ਮਿਲੀ ਮੈਨੂੰ ਸਜ਼ਾ ਕੋਈ

### ਮੁਹੱਬਤ

ਇਹ ਤੇਰੀ ਹੀ
ਮੁਹੱਬਤ ਹੈ
ਨਹੀਂ ਮੇਰੇ 'ਚ
ਗੁਣ ਕੋਈ
ਪਏ ਧਰਤੀ 'ਤੇ ਡਿੱਗੇ ਨੂੰ
ਸ਼ਾਹ-ਅਸਵਾਰ ਕਰ ਦਿੱਤਾ

### ਸ਼ਬਦਾਂ ਦੇ ਆਸ਼ਕ

ਜੇ ਡੂੰਘੇ ਪਾਣੀ ਲਹਿ ਜਾਈਏ
ਨਾਲ ਸਿਦਕ ਦੇ ਤੁਰੀਏ
ਭਾਵੇਂ ਝੱਖੜ ਹੋਣ ਸੁਨਾਮੀ
ਪਰ ਨਾ ਮੂਲੋਂ ਡਰੀਏ
'ਉਹ' ਆਖਣ
ਸ਼ਬਦਾਂ ਦੇ ਮਾਰੋ ਬਾਣ
ਕਲਾ ਵਰਤਾਓ
ਅਸੀਂ ਹਾਂ ਪਰ ਅਰਥਾਂ ਦੇ ਆਸ਼ਕ
ਸ਼ਬਦਾਂ ਨੂੰ ਕੀ ਕਰੀਏ

### ਸ਼ਬਦ ਵਣਜਾਰੇ

ਕਾਤਲ ਸ਼ੋਖ ਅਦਾਵਾਂ



ਨਖਰੇ ਨਟਖਟ
ਚੋਜ ਨਿਆਰੇ
ਦਿਲ 'ਤੇ ਹੱਥ ਰੱਖ ਰਹਿ ਜਾਂਦੇ ਨੇ
ਸਾਰੇ ਵੇਖਣ ਵਾਲੇ
ਨਾਜ਼ੁਕ ਨੱਢੀਆਂ ਆਸ਼ਕ ਮੁੰਡੇ
ਬਣ ਗਏ ਮਾਲ ਵਿਕਾਊ
ਕੀ ਕੀ ਰੂਪ ਵਟਾਉਂਦੇ ਨਹੀਂ ਇਹ
ਸ਼ਬਦਾਂ ਦੇ ਵਣਜਾਰੇ

### ਖੇਖਣਹਾਰ

ਸ਼ਬਦ ਦੇ ਆਰ ਜਾਂਦੇ ਨੇ
ਸ਼ਬਦ ਦੇ ਪਾਰ ਜਾਂਦੇ ਨੇ
ਕਦੇ ਨਾ ਭੁੱਲ ਕੇ 'ਉਹ'
ਸ਼ਬਦ ਦੇ ਵਿਚਕਾਰ ਜਾਂਦੇ ਨੇ
ਬੜੀ ਚਰਚਾ ਬੜੀ ਮਹਿਮਾ
ਬੜੇ ਰੁਤਬੇ ਬੜੇ ਤਮਗੇ
ਜਦੋਂ ਸਜ ਧਜ ਕੇ ਵਿਚ ਮੰਡੀ
ਉਹ ਖੇਖਣਹਾਰ ਜਾਂਦੇ ਨੇ।

**[39, Bullscope Lane, Horndean, Waterlooville, Hants, U.K., PO8 9RA]**

## ਜ਼ਫ਼ਰਨਾਮਾ/ ਸੈਣੀ ਸੁਖਪ੍ਰੀਤ

ਹੇ ਦਸਮ ਪਿਤਾ!
ਲਿਖ ਫਿਰ ਇਕ ਜ਼ਫ਼ਰਨਾਮਾ
ਔਰੰਗਜ਼ੇਬ ਦੇ ਨਾਂ ਨਹੀਂ
ਆਪਣੇ ਸਿੱਖਾਂ ਦੇ ਨਾਂ
ਜਿਹਨਾਂ ਤੇਰੇ ਧਰਮ ਨੂੰ ਵਪਾਰ ਬਣਾ ਦਿੱਤਾ
ਤੇ ਤਨ 'ਤੇ ਲਟਕ ਰਹੀ ਤਲਵਾਰ ਨੂੰ ਜਨੇਊ
ਅੱਜ ਇਹਨਾਂ ਦੀ ਤਲਵਾਰ ਮਜ਼ਲੂਮਾਂ ਦੀ ਰੱਖਿਆ ਨਹੀਂ
ਸਗੋਂ ਆਪਣੀਆਂ ਕੁਰਸੀਆਂ ਦੀ ਰੱਖਿਆ ਕਰਦੀ ਹੈ
ਇਹ ਨੇ ਤੇਰੇ ਪੰਥ ਦੇ ਰਾਖੇ
ਜੋ ਨਿੱਤ ਉਛਾਲਦੇ ਨੇ ਪੱਗਾਂ
ਇਹਨਾਂ ਨੂੰ ਅਜੇ ਤਕ
ਸੰਸਦ ਤੇ ਅਕਾਲ ਤਖਤ ਵਿਚਲਾ ਫਰਕ ਸਮਝ ਨਹੀਂ ਆਇਆ
ਹੇ ਦਸਮ ਪਿਤਾ
ਲਿਖ ਇਹਨਾਂ ਦੇ ਨਾਂ ਵੀ ਇਕ ਜ਼ਫ਼ਰਨਾਮਾ
ਇਹ ਤਾਂ ਤੇਰੇ ਆਪਣੇ ਸਿੱਖ ਨੇ
ਔਰੰਗਜ਼ੇਬ ਤਾਂ ਫਿਰ ਵੀ ਗੈਰ ਸੀ...

[ਪਿੰਡ ਖੁੱਡਾ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ, ਮੋਬਾਇਲ:9781288368]

## ਗ਼ਜ਼ਲ/ ਅਜਾਇਬ ਸਿੰਘ ਹੁੰਦਲ

ਜੁੜ ਜਾਂਦੇ ਨੇ ਨਾਂ ਜਿਹੜੇ ਦੀਵਾਰਾਂ ਨਾਲ
ਕਢ ਲਹਿੰਦੇ ਨੇ ਉਹ ਤੀਰਾਂ ਤਲਵਾਰਾਂ ਨਾਲ।
ਕਤਲ ਦੀਆਂ ਖ਼ਬਰਾਂ ਤੋਂ ਹੋਬ ਬੜਾ ਕੁਝ ਵੀ,
ਵਿੱਕ ਜਾਂਦਾ ਹੈ ਰੱਦੀ ਵਿਚ ਅਖਬਾਰਾਂ ਨਾਲ।
ਸਿਰ ਦਾ ਬਣਨਾ, ਸ਼ੀਸ਼ ਜ਼ਰੂਰੀ ਹੈ, ਵਰਨਾ,
ਕਦ ਮਿਲਦੀ ਸਰਦਾਰੀ ਹੈ ਦਸਤਾਰਾਂ ਨਾਲ
ਉਹ ਸਾਰੇ ਹਾਣੀ ਸਨ ਮੇਰੇ ਵੱਡਿਆਂ ਦੇ
ਮਾਣ ਗਏ ਜੋ ਲੋਕ ਬਹਾਰਾਂ ਯਾਰਾਂ ਨਾਲ।
ਸੱਚ ਪੁੱਛੋਂ ਤਾਂ ਸ਼ਹਿਰ ਦੀਆਂ ਸਭ ਗਲੀਆਂ ਦਾ,
ਰਿਸ਼ਤਾ ਹੁੰਦਾ ਹੈ ਆਪਣੇ ਬਾਜ਼ਾਰਾਂ ਨਾਲ।
ਏਨਾ ਤਾਂ ਮਿਲ ਜਾਣਾ ਨਾਲ ਦੁਆ ਦੇ ਸੀਹ
ਤੂੰ ਜਿੰਨਾ ਪਾ ਸਕਿਆ ਏਂ ਹਥਿਆਰਾਂ ਨਾਲ।
ਦਿੱਤਾ ਮਾਰ ਅਜਾਇਬ, ਉਸ ਨੂੰ ਜਿੱਤਾਂ ਨੇ
ਮਰਿਆ ਨਾ ਸੀ ਬੰਦਾ ਜਿਹੜਾ ਹਾਰਾਂ ਨਾਲ।

000

ਇਕ ਬਸਤੀ ਵਿਚ ਕੋਈ ਵੱਡਾ ਜਾਂ ਕੋਈ ਛੋਟਾ ਹੈ
ਹਰ ਇਕ ਬੰਦਾ ਕ੍ਰਿਸ਼ਨ ਦੀ ਬੰਸੀ ਹੀ ਬਣਨਾ ਚਾਹੁੰਦਾ ਹੈ
ਹੁਣ ਨਾ ਮਨ ਲਗਦਾ ਹੈ ਯਾਰੋ ਏਸ ਪੁਰਾਣੇ ਘਰ ਵਿਚ,
ਬਾਬੇ ਦਾਦੇ ਦਾ ਘਰ ਛੱਡਣਾ ਲਗਦਾ ਵੀ ਔਖਾ ਹੈ।
ਹਰ ਪੌਦੇ ਨੂੰ ਪਾਣੀ ਦੇਣਾ ਬੇਸ਼ਕ ਮੁਸ਼ਕਲ ਹੈ ਪਰ,
ਹਰ ਪੌਦੇ ਨੂੰ ਬਾਰਿਸ਼ ਤੀਕਣ ਹਰਿਆ ਤਾਂ ਰੱਖਣਾ ਹੈ।
ਰਣ ਭੂਮੀ ਵਿਚ ਲੜਦੇ ਹੋਇਆਂ ਇਲਮ ਹੈ ਹੁੰਦਾ ਕਿਸ ਨੂੰ
ਚਲਦੇ ਚਲਦੇ ਰੱਥ ਦਾ ਪਹੀਆ ਕਿਧਰੇ ਫਸ ਸਕਦਾ ਹੈ।
ਲਹਿੰਦਾ ਜਾਂਦਾ ਹੈ ਜੋ ਪਲ ਪਲ ਤੇਰੀ ਝੀਲ ਦਾ ਪਾਣੀ
ਹੌਲੀ ਹੌਲੀ ਸੁੱਕਦਾ ਜਾਂਦਾ ਮੇਰਾ ਵੀ ਦਰਿਆ ਹੈ।
ਕੀ ਹੋਇਆ ਜੇ ਧੋਤਾ ਹੈ ਉਸ ਮੈਲ਼ਾ ਜਿਸਮ ਨਦੀ ਵਿਚ,
ਵਗਦਾ ਹੋਇਆ ਪਾਣੀ ਯਾਰੋ ਕਦ ਹੁੰਦਾ ਮੈਲ਼ਾ ਹੈ।
ਤੂੰ ਵੀ ਦੇਖ ਅਜਾਇਬ, ਕਿਹੜੇ ਪਾਸੇ ਜਾਣ ਹੈ ਤੂੰ,
ਵੇਖ ਰਿਹਾ ਹਰ ਕੋਈ ਆਪਣਾ ਆਪਣਾ ਜਦ ਰਸਤਾ ਹੈ।

ਈ-536, ਰਣਜੀਤ ਐਵਿਨਿਊ, ਅੰਮ੍ਰਿਤਸਰ, ਮੋ: 9915224041



## ਬੀਮਾਰ ਆਦਮੀ

### ਕੇਸਰਾ ਰਾਮ

ਚੀਕ!

ਸਿਵਲ ਹਸਪਤਾਲ, ਹਿਸਾਰ ਦੇ ਮੇਨ ਗੇਟ 'ਤੇ ਲੋਕਾਂ ਨੇ ਇਕ ਲੜਕੀ ਦੀ ਭਿਆਨਕ ਚੀਕ ਸੁਣੀ। ਜਾਣ-ਪਹਿਚਾਣ ਵਾਲਿਆਂ ਨੇ ਦੇਖਿਆ, ਇਹ ਦਾਮਿਨੀ ਸੀ। ਅਣਜਾਣ ਲੋਕਾਂ ਲਈ ਇਕ ਲੜਕੀ। ਜਿਸਦੀ ਦਿਲ ਚੀਰਵੀਂ, ਜ਼ਿੰਦਗੀ ਤੋਂ ਵੀ ਲੰਮੀ ਬਲਕਿ ਸਦੀਆਂ ਲੰਮੀ ਚੀਕ!

ਬੇਬਸੀ, ਲਾਚਾਰੀ ਨਾਲ ਭਿੱਜੀ ਹੋਈ ਨਹੀਂ, ਸਗੋਂ ਸਮੁੱਚੀ ਕਾਇਨਾਤ ਦੇ ਵਿਰੋਧ ਵਿਚ ਨਿਕਲੀ ਇਕ ਜ਼ੋਰਦਾਰ ਹਮਲੇ ਵਰਗੀ ਚੀਕ!

ਆਲੇ-ਦੁਆਲੇ ਦਰਖ਼ਤਾਂ ਦੇ ਪੱਤੇ ਲਰਜ਼ ਗਏ। ਪੰਛੀਆਂ ਨੇ ਤ੍ਰਭਕ ਕੇ ਪਰ ਫੜਫੜਾਏ। ਹਸਪਤਾਲ ਦੀ ਬਿਲਡਿੰਗ ਕੰਬ ਗਈ। ਮਰੀਜ਼ ਉੱਠ ਕੇ ਬਾਹਰ ਆ ਗਏ। ਚਾਹ ਵਾਲੇ ਦੇ ਹੱਥੋਂ ਜੂਠੇ ਗਿਲਾਸ ਛੁੱਟ ਗਏ। ਸਾਹਮਣੇ ਸੜਕ 'ਤੇ ਟ੍ਰੈਫਿਕ ਰੁਕ ਗਿਆ। ਮਰੀਜ਼ਾਂ ਦੇ ਨਾਲ ਆਏ ਉਹਨਾਂ ਦੇ ਤੀਮਾਰਦਾਰ ਦਾਮਿਨੀ ਦੁਆਲੇ ਜੁੜਨ ਲੱਗੇ। ਭੀੜ ਵਧਣ ਲੱਗੀ।

ਔਰਤ ਦੀ ਚੀਕ ਨੂੰ ਨਗਮਾ ਸਮਝ ਕੇ ਮਾਨਣ ਵਾਲੇ ਤਮਾਸ਼ਬੀਨਾਂ ਨੂੰ ਨਿਰਾਸ਼ਾ ਹੱਥ ਲੱਗੀ। ਝੱਟ ਅੰਦਾਜ਼ਾ ਹੋ ਗਿਆ, ਇਹ ਉਹ ਚੀਕ ਨਹੀਂ ਸੀ, ਜਿਸ 'ਚੋਂ ਸੰਗੀਤ ਦਾ ਮਜ਼ਾ ਲਿਆ ਜਾ ਸਕੇ। ਇਹ ਤਾਂ ਦਰਦ ਤੇ ਰੋਹ 'ਚੋਂ ਉਪਜੀ ਉਹ ਚੀਕ ਸੀ, ਜਿਸਦਾ ਆਪਣਾ ਇਕ ਜ਼ਖ਼ਮੀ ਇਤਿਹਾਸ ਸੀ। ਸਾਰੇ ਚਸ਼ਮਦੀਦ ਹੈਰਾਨ ਤੇ ਹੱਕੇ-ਬੱਕੇ।

ਹੈਰਾਨ ਤੇ ਹੱਕਾ-ਬੱਕਾ ਤਾਂ ਚਸ਼ਮ-ਮੈਥੁਨ ਵਿਚ ਲੀਨ ਜਗਦੀਸ਼ ਵੀ ਰਹਿ ਗਿਆ ਸੀ। ਬਿੰਦ-ਕੁ ਲਈ ਤਾਂ ਉਹ ਸਮਝ ਹੀ ਨਹੀਂ ਸਕਿਆ ਸੀ ਕਿ ਹੋ ਕੀ ਰਿਹੈ? ਉਹ ਸਭ ਕੁਝ ਵਾਪਰ ਚੁਕਾ ਸੀ, ਜਿਸਦੀ ਉਸਨੇ ਕਲਪਨਾ ਵੀ ਨਹੀਂ ਸੀ ਕੀਤੀ। ਉਸਨੇ ਝੱਟ ਬਾਇਕ ਘਰ ਵੱਲ ਮੋੜੀ ਤੇ ਰੇਸ ਦੇ ਦਿੱਤੀ।

ਘਰ ਦਾ ਮੇਨ ਗੇਟ ਹਾਲੇ ਖੁੱਲ੍ਹਾ ਪਿਆ ਸੀ। ਸੋ ਬਾਇਕ ਸਿੱਧੀ ਅੰਦਰ। ਗੈਲਰੀ 'ਚ ਸੁੱਟਣ ਵਾਂਗ ਸਾਇਡ ਸਟੈਂਡ 'ਤੇ ਖੜ੍ਹਾਈ ਤੇ ਬੈੱਡਰੂਮ 'ਚ ਜਾਂਦਿਆਂ ਕਿਚਨ 'ਚੋਂ ਪਤਨੀ ਦੀ 'ਹਾਂ ਜੀ?' ਦਾ ਆਮ ਵਾਂਗ 'ਓਕੇ ਐ ਜੀ!' ਜਵਾਬ ਵੀ ਨਾ ਦੇ ਹੋਇਆ ਸੀ ਉਸਤੋਂ। ਭਾਵ ਨਿਕਲਿਆ ਤਾਂ ਉਹ ਦਫ਼ਤਰ ਲਈ ਸੀ, ਫਿਰ ਮੁੜ ਕਿਉਂ ਆਇਆ?

ਬੈੱਡ 'ਤੇ ਡਿੱਗਣ ਵਾਂਗ ਬੈਠਿਆ ਹੀ ਸੀ ਕਿ ਉਸਦੇ ਕੰਨਾਂ ਵਿਚ ਇਕ ਦਮ ਜ਼ੋਰ ਦਾ ਰੌਲ਼ਾ ਪਿਆ, 'ਵੀ ਵਾਂਟ ਜਸਟਿਸ! ਵੀ ਵਾਂਟ ਜਸਟਿਸ!' ਐਲ.ਸੀ.ਡੀ. ਉਹ ਚਲਦਾ ਹੀ ਛੱਡ ਗਿਆ ਸੀ। ਦਿੱਲੀ 'ਚ ਹੋਈ ਦਰਦਨਾਕ ਗੈਂਗਰੇਪ ਦੀ ਘਟਨਾ ਦੇ ਵਿਰੋਧ ਤੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦੇਣ ਦੀ ਮੰਗ ਦੀਆਂ ਖ਼ਬਰਾਂ ਤੇ ਤਣਾਅ ਚੁਫੇਰੇ ਫੈਲਿਆ ਹੋਇਆ ਸੀ।

ਕੰਧ ਵਿਚ ਟੰਗੇ ਐੱਲ.ਸੀ.ਡੀ. 'ਚ ਇੰਡੀਆ ਗੇਟਝਝ... ਇੰਡੀਆ ਗੇਟ 'ਤੇ ਮੁੰਡੇ-ਕੁੜੀਆਂ ਦਾ ਸਮੁੰਦਰ... ਸਮੁੰਦਰ ਵਿਚ ਤੂਫ਼ਾਨ...। ਤੂਫ਼ਾਨ ਜਗਦੀਸ਼ ਨੂੰ ਆਪਣੇ ਵੱਲ ਆਉਂਦਾ ਦਿਸਿਆ। ਬੱਚਿਆਂ ਦੀ ਜਸਟਿਸ ਵਾਲੀ ਮੰਗ ਦੇ ਜਵਾਬ 'ਚ ਅੱਥਰੂ ਗੈਸ ਦੇ ਗੋਲ਼ੇ ਤੇ ਗੰਦੇ ਪਾਣੀ ਦੀਆਂ ਵਾਛੜਾਂ ਉਸਨੂੰ ਖ਼ੁਦ 'ਤੇ ਪੈਂਦੀਆਂ ਮਹਿਸੂਸ ਹੋਈਆਂ। ਇੰਡੀਆ ਗੇਟ ਵਾਲਾ ਸ਼ੋਰ ਉਸਦੇ ਕੰਨਾਂ ਵਿਚ ਪਾਰਾ ਬਣ ਕੇ ਘੁਲ਼ਣ ਲੱਗਿਆ। ਪ੍ਰਤਿਕ੍ਰਮ ਵੱਜੋਂ ਅਕਸਰ ਉਸਦੀ ਜ਼ਬਾਨ 'ਤੇ ਆਉਣ ਵਾਲੀਆਂ ਗਾਲ੍ਹਾਂ ਵੀ ਉਸਦੀ ਸੰਘੀ ਵਿਚ ਫਸ ਕੇ ਰਹਿ ਗਈਆਂ ਸਨ। ਐੱਲ.ਸੀ.ਡੀ. ਦੇ ਰਿਮੋਟ ਦਾ ਲਾਲ ਬਟਨ ਦੱਬਣ ਜੋਗੀ ਹਿੰਮਤ ਵੀ ਉਸ 'ਚ ਬਾਕੀ ਨਹੀਂ ਸੀ ਰਹੀ। ਉਸ ਐੱਲ.ਸੀ.ਡੀ. ਦਾ, ਜੋ ਉਸਦੇ ਚਸ਼ਮ-ਮੈਥੁਨ ਦਾ ਇਕ ਅਹਿਮ ਸਾਧਨ ਸੀ।

ਫ਼ੌਰਨ ਬੈਡਰੂਮ 'ਚੋਂ ਨਿਕਲ ਕੇ ਉਹ ਪੌੜੀਆਂ ਵੱਲ ਵਧਿਆ। ਕਿਚਨ 'ਚੋਂ ਭਾਂਡਿਆਂ ਦੇ ਸੁਗਮ ਸੰਗੀਤ ਨਾਲ ਪਤਨੀ ਦਾ 'ਹਾਂ ਜੀ?' ਵਾਲਾ ਸਵਾਲ ਪਤਾ ਨਹੀਂ ਉਸਦੇ ਕੰਨੀਂ ਪਿਆ ਜਾਂ ਨਾ, ਪਰ 'ਓਕੇ ਐ ਜੀ!' ਕਿਸ ਦੇ ਮੂੰਹੋਂ ਨਿਕਲਣਾ ਸੀ ਹੁਣ?

"ਭੈਣ ਦਾ ਯਾਰ, ਸਾਲਾ, ਕੁੱਤਾ, ਦੱਲਾ...!" ਮਨ 'ਚ ਹੀ ਉਸਨੇ ਖ਼ੁਦ ਨੂੰ ਕੋਈ ਵੀਹ ਗਾਲ੍ਹਾਂ ਇਕੋ ਸਾਹ ਕੱਢ ਮਾਰੀਆਂ। ਵਿਰੇਚਨ ਸ਼ਾਇਦ ਫਿਰ ਵੀ ਨਹੀਂ ਹੋ ਪਾ ਰਿਹਾ ਸੀ।

ਛੱਤ 'ਤੇ ਪਹੁੰਚ ਕੇ ਹੇਠਾਂ ਵੱਲ ਦੇਖਿਆ। ਧਰਤੀ ਬਹੁਤ ਦੂਰ ਨਜ਼ਰ ਆਈ। ਧਰਤੀ, ਜੋ ਸਭ ਕੁਝ ਸਹਾਰਦੀ ਹੈ। ਹਰ ਗੰਦ-ਮੰਦ ਨੂੰ ਓਟਦੀ ਹੈ। ਪਰ ਉਸਨੂੰ ਵਿਹਲ ਨਹੀਂ ਸੀ ਦੇ ਰਹੀ। ਉਸਦੇ ਦਿਮਾਗ਼ ਵਿਚ ਐੱਲ.ਸੀ.ਡੀ. ਫੇਰ ਗੂੰਜਿਆ, ਬਲਾਤਕਾਰੀਆਂ ਨੂੰ ਨਪੁੰਸਕ ਬਣਾ ਦੇਣਾ ਚਾਹੀਦਾ ਹੈ। ਉਹ ਡਰ ਗਿਆ। ਇਕਦਮ ਭੈਅਭੀਤ। ਕੁਝ ਸੋਚ ਕੇ ਬੁੜਬੁੜਾਉਣ ਲੱਗਾ, 'ਕੀ ਤੂੰ ਹੁਣ ਕਦੇ ਦਾਮਿਨੀ ਨਾਲ ਨਜ਼ਰ ਮਿਲਾ ਸਕੇਂਗਾ?' ਉਸਦੇ ਦਿਮਾਗ਼ ਵਿਚ ਤਰ੍ਹਾਂ-ਤਰ੍ਹਾਂ ਦੇ ਖ਼ਿਆਲ ਆਉਣ ਲੱਗੇ। ਮੁੜ੍ਹਕੇ ਨਾਲ ਤਰ-ਬ-ਤਰ। ਕੰਬਣ ਲੱਗਾ ਥਰ-ਥਰ।

ਉਸ ਚੀਕ ਦੀ ਪ੍ਰਤੀਧੁਨੀ ਉਸਦੇ ਕੰਨਾਂ ਵਿਚ ਹਾਲੇ ਵੀ ਗੂੰਜ ਰਹੀ ਸੀ। ਉਸਨੂੰ ਨਹੀਂ ਪਤਾ, ਉਹ ਦਾਮਿਨੀ ਦੀ ਉਸ ਚੀਕ ਦਾ ਪਿੱਛਾ ਕਰ ਰਿਹਾ ਸੀ ਜਾਂ ਚੀਕ ਉਸਦਾ, ਪਰ ਚੀਕ ਸੀ ਕਿ ਚੀਕਦੀ ਹੀ ਜਾ ਰਹੀ ਸੀ। ਡਰਦੇ ਨੇ ਕਿਤੇ ਭੱਜ ਜਾਣਾ ਚਾਹਿਆ।

ਅਤੀਤ ਵਿਚ ਚਲਿਆ ਗਿਆ। ਜਗਦੀਸ਼ ਦੀ ਚੰਡੀਗੜ੍ਹ ਟੂਰ 'ਤੇ ਜਾਂਦਿਆਂ ਬਸ ਵਿਚ ਮੁਲਾਕਾਤ ਹੋਈ ਸੀ ਸਕਸੇਨਾ ਜੀ ਨਾਲ। ਗੱਲਾਂ-ਬਾਤਾਂ ਦੌਰਾਨ ਪਤਾ ਚੱਲਿਆ ਕਿ ਉਨ੍ਹਾਂ ਦੀ ਰਿਹਾਇਸ਼ ਇਕੋ ਕਾਲੋਨੀ ਵਿਚ ਸੀ। ਇਕ ਦਿਨ ਫਿਰ ਸਬਜ਼ੀ ਮੰਡੀ ਵਿਚ ਮੁਲਾਕਾਤ ਹੋ ਗਈ, "ਤੁਸੀਂ ਇੱਥੇ?" ਜਗਦੀਸ਼ ਨੇ ਹੱਥ ਉਨ੍ਹਾਂ ਵੱਲ ਵਧਾਉਂਦਿਆਂ ਪੁੱਛਿਆ ਸੀ।

"ਬਈ ਘਰ ਹੈ ਮੇਰਾ ਇਸੇ ਗਲੀ ਵਿਚ। ਦੱਸਿਆ ਤਾਂ ਸੀ ਉਸ ਦਿਨ। ਆਓ ਘਰ ਚਲਦੇ ਹਾਂ।"

"ਨਹੀਂ, ਹੁਣ ਤਾਂ ਜ਼ਰਾ...।"

"ਬਈ ਕੋਈ ਜ਼ਰਾ-ਜ਼ੁਰਾ ਨਹੀਂ। ਚਾਹ-ਸ਼ਾਹ ਪੀਕੇ ਹੀ ਜਾਣ ਦਿਆਂਗੇ ਹੁਣ ਤਾਂ।"

ਤੇ ਘਰ ਪਹੁੰਚ ਕੇ, "ਇਹ ਹਨ ਜੀ ਸਾਡੇ ਹਾਈਕਮਾਨ, ਇਹ ਸਿੰਮੀ, ਛੋਟੂ ਮੇਰੇ ਬੱਚੇ ਤੇ ਇਹ ਦਾਮਿਨੀ, ਮੇਰੀ ਭੈਣ, ਸਰਕਾਰੀ ਹਸਪਤਾਲ ਵਿਚ ਨਰਸ ਹੈ। ਲਿਆਓ ਜੀ ਬੇਗ਼ਮ ਸਾਹਿਬਾ, ਸਾਡੇ ਲਈ ਫੱਸਕਲਾਸ ਚਾਹ ਦਾ ਇਕ-ਇਕ ਟੀਕਾ ਹੋ ਜਾਵੇ?"

ਵਾਪਸੀ ਵਿਚ ਉਸਦੇ ਦਿਮਾਗ਼ ਵਿਚ ਆ ਬੈਠਾ ਸੀ ਮਿਸਟਰ ਕਾਮਰਾ।

ਕਾਮਰੇ ਨੂੰ ਪਿੱਠ ਪਿੱਛੇ ਉਹ ਲੋਕ ਕਾਮ-ਮਾਰਿਆ ਕਹਿੰਦੇ ਨੇ। ਤੇ ਕਾਮਰਾ ਆਪਣੇ ਬਾਰੇ ਕਹਿੰਦੈ, "ਜਨਾਬੇ ਆਲਾ, ਏਨਾ ਤਾਂ ਨਹੀਂ ਮੈਂ ਗਿਰਿਆ ਹੋਇਆ!"

ਪੰਜਾਹਾਂ ਤੋਂ ਟੱਪ ਚੁੱਕੈ। ਅਖ਼ਬਾਰ ਦਾ ਮਤਲਬ ਉਸ ਲਈ ਲੋਕਲ ਸ਼ਹਿਰ ਦੇ ਸਪਲੀਮੈਂਟ ਵਾਲੇ ਚਾਰ ਪੇਜ ਹੀ ਹੈ। ਉਨ੍ਹਾਂ 'ਚੋਂ ਵੀ ਬਲਾਤਕਾਰ, ਕੁੜੀਆਂ ਭੱਜਣ-ਭਜਾਉਣ, ਨਾਜਾਇਜ਼ ਸੰਬੰਧਾਂ ਜਾਂ ਕਤਲ ਆਦਿ ਦੀਆਂ ਖ਼ਬਰਾਂ। ਟੀ.ਵੀ. ਦੀਆਂ ਵੀ ਸਿਰਫ ਅਜਿਹੀਆਂ ਹੀ ਖ਼ਬਰਾਂ। ਉਂਝ ਤਾਂ ਟੀ.ਵੀ., ਅਖ਼ਬਾਰਾਂ ਵਾਲੇ ਪਹਿਲਾਂ ਹੀ ਚੰਗੀ ਤਰ੍ਹਾਂ ਰਾੜ੍ਹ ਕੇ ਪਰੋਸਦੇ ਨੇ, ਰਹਿੰਦੀ ਕਸਰ ਕਾਮਰਾ ਪੂਰੀ ਕਰ ਦਿੰਦੈ। ਤੇ ਦਫਤਰ ਦੇ ਸਾਥੀ ਅਕਸਰ ਉਸਦੀ ਟੇਬਲ ਦੁਆਲੇ ਇਸੇ ਲਈ ਜੁੜਦੇ ਨੇ।

"ਕਾਮਰਾ ਸਾਹਿਬ, ਅੱਜ ਦੀ ਖ਼ਾਸ ਖ਼ੁਰਾਕ?" ਖ਼ਬਰ ਨੂੰ ਉਹ ਖ਼ੁਰਾਕ ਹੀ ਉਚਾਰਦੇ ਨੇ।



ਕਾਮਰੇ ਦੇ ਜਵਾਬ ਦੇਣ ਤੋਂ ਪਹਿਲਾਂ ਹੀ ਕੋਈ ਸਾਥੀ ਬੋਲ ਪੈਂਦੈ, "ਅੱਜਕਲ੍ਹ ਤਾਂ ਯਾਰ, ਟੀ.ਵੀ. ਨ੍ਹੀਂ ਦੇਖਿਆ? ਦਿੱਲੀ ਵਾਲਾ ਗੈਂਗਰੇਪ...?" ਕਾਮਰੇ ਦੇ ਤਵੇ 'ਤੇ ਸੂਈ ਰੱਖ ਕੇ ਘੁਮਾਉਣ ਦੀ ਕੋਸ਼ਿਸ਼ ਕਰਦੈ।

ਜਗਦੀਸ਼ ਦੀ ਸੂਈ ਉੱਥੇ ਹੀ ਅਟਕੀ ਹੋਈ ਹੈ, 'ਚੰਗਾ ਖਾਂਦਾ-ਪੀਂਦਾ ਪਰਿਵਾਰ, ਕੰਮ-ਕਾਰ ਵੀ ਚੰਗਾ... ਪਰ ਸਕਸੇਨਾ ਜੀ ਦੀ ਭੈਣ... ਇਹ ਨੌਕਰੀ?' ਖ਼ਿਆਲਾਂ ਵਿਚ ਫੇਰ ਜ਼ਬਰਦਸਤੀ ਕੁੱਦ ਪੈਂਦੈ ਕਾਮਰਾ, "ਨਰਸਾਂ ਹੋਈਆਂ, ਕਾਲ ਸੈਂਟਰ ਵਗ਼ੈਰਾ ਦੀ ਨੌਕਰੀ... ਸ਼ਿਫਟਾਂ ਵਿਚ ਡਿਊਟੀ... ਜਨਾਬੇ ਆਲਾ, ਅਜਿਹੀਆਂ ਥਾਵਾਂ 'ਤੇ ਨੌਕਰੀ ਕਰਨ ਵਾਲੀਆਂ ਹੀ ਅਸਲ 'ਚ ਸੌਫਟ ਟਾਰਗੇਟ ਹੁੰਦੀਆਂ ਨੇ...।"

ਬਾਕੀ ਸਾਥੀਆਂ ਵਾਂਗ ਜਗਦੀਸ਼ ਦੇ ਮਨ ਵਿਚ ਵੀ ਕਾਮਰੇ ਦੀ ਪੁਖ਼ਤਾ ਥਾਂ ਸੀ। ਫਰਜ਼ੀ ਟੀ.ਏ., ਐੱਲ.ਟੀ.ਸੀ. ਜਾਂ ਕੋਈ ਹੋਰ ਕਲੇਮ ਲੈਣਾ ਹੋਵੇ ਜਾਂ ਦਿਮਾਗ਼ ਵਿਚਲੇ ਲਿੰਗ ਦੇ ਮੈਥੁਨ ਲਈ ਕੋਈ ਚਟਪਟੀ ਸਮੱਗਰੀ ਲੋੜੀਂਦੀ ਹੋਵੇ, ਚਲੋ ਜੀ ਕਾਮਰੇ ਕੋਲ। ਇਕ ਚਾਹ ਤੇ ਸਮੋਸੇ ਦੀ ਮਾਰ। ਟੇਪ ਜਿੰਨੀ ਤੁਸੀਂ ਚਲਾ ਸਕੋ।

ਇਹ ਵਿਸ਼ਾ ਉਂਝ ਜਗਦੀਸ਼ ਨੇ ਹੀ ਛੋਹਿਆ ਸੀ।

"ਉਂਝ ਵੀ ਬਾਊਜੀ, ਚੌਕਸੀ ਵਰਤਣ ਦੇ ਢੰਗ ਵੀ ਤਾਂ ਇਹੀ ਦੱਸਦੇ ਨੇ ਨਾ! ਕੰਡੋਮ, ਕੋਪਰ-ਟੀ, ਗੋਲੀਆਂ, ਅਬਾਰਸ਼ਨ...ਲਟਰਮ-ਸ਼ਟਰਮ...। ਫਿਰ ਖ਼ੁਦ ਕਿਉਂ ਨਹੀਂ ਵਰਤਦੇ ਹੋਣੇ।" ਚਾਹ-ਸਮੋਸੇ ਵੱਟੇ ਕਾਮਰਾ ਅੱਜ ਨੋਬਲ ਕਾਰਜ ਕਰਨ ਵਾਲੀ ਇਕ ਪੂਰੀ ਕਮਿਊਨਿਟੀ ਦੇ ਆਚਰਣ ਦੀ ਹੱਤਿਆ ਕਰ ਰਿਹਾ ਸੀ ਤੇ ਉਹ ਸਾਰੇ ਸਵਾਦ ਲੈ-ਲੈ ਕੇ ਕਰਵਾ ਰਹੇ ਸੀ। ਬਾਕੀਆਂ ਵਾਂਗ ਜਗਦੀਸ਼ ਦੀ ਵੀ ਇਹ ਰੂਹ ਦੀ ਖ਼ੁਰਾਕ ਸੀ।

ਜਗਦੀਸ਼ ਦੀ ਉਂਝ ਸਕਸੇਨਾ ਜੀ ਨਾਲ ਨਾ ਕੋਈ ਰਿਸ਼ਤੇਦਾਰੀ, ਨਾ ਜਾਤ-ਪਾਤ ਹੀ ਮਿਲਦੀ ਸੀ। ਨਾ ਕੋਈ ਸਾਂਝੇ ਹਿੱਤ। ਹਾਂ, ਇਕ ਸਾਂਝਾ ਸੂਤਰ ਸੀ, ਇੱਕੋ ਡੇਰੇ ਵਾਲੇ ਬਾਬੇ ਦੇ ਪੈਰੋਕਾਰ ਸਨ ਦੋਨੋਂ ਪਰਿਵਾਰ। ਦੋ-ਕੁ ਵਾਰ ਮਿਲੇ ਤੇ, ਬਸ। ਸਤਿਸੰਗ 'ਚ ਇਕੱਠੇ ਜਾਣ ਤੋਂ ਇਲਾਵਾ ਵੀ ਦੋਨਾਂ ਪਰਿਵਾਰਾਂ ਦਾ ਆਪਸ ਵਿਚ ਮੇਲ-ਮਿਲਾਪ ਕਾਫ਼ੀ ਵਧ ਗਿਆ ਸੀ। ਜਿਵੇਂ ਬੱਚੇ ਆਪਸ ਵਿਚ ਫਰੈਂਡ ਬਣ ਗਏ ਸੀ, ਉਸੇ ਤਰ੍ਹਾਂ ਦਾਮਿਨੀ ਨੂੰ ਵੀ ਹੁਣ ਦੋਨਾਂ ਘਰਾਂ ਵਿਚ ਕੋਈ ਫ਼ਰਕ ਮਹਿਸੂਸ ਨਹੀਂ ਸੀ ਹੁੰਦਾ। ਸ਼ਾਇਦ ਜਗਦੀਸ਼ ਦੀ ਪਤਨੀ ਦੇ ਸੁਭਾਅ ਕਰਕੇ।

ਜਗਦੀਸ਼ ਦਾ ਘਰ ਹਸਪਤਾਲ ਦੇ ਰਸਤੇ ਵਿਚ ਪੈਂਦਾ ਸੀ। ਸੋ ਆਉਂਦਿਆਂ-ਜਾਂਦਿਆਂ ਜਦੋਂ ਵੀ ਸਮਾਂ ਮਿਲਦਾ, ਦਾਮਿਨੀ ਉਹਨਾਂ ਦੇ ਘਰ ਜ਼ਰਾ ਰੁਕ ਜਾਂਦੀ।

"ਤੈਨੂੰ ਉਹਨੇ ਵੀਰ ਜੀ ਤੋਂ ਬਿਨਾਂ ਤਾਂ ਕਦੇ ਸੱਦਿਆ ਈ ਨਹੀਂ?" ਅਤੀਤ 'ਚ ਝਾਕਦਿਆਂ ਉਸਨੇ ਖ਼ੁਦ ਨੂੰ ਬਹੁਤ ਸਾਰੀਆਂ ਗਾਲ੍ਹਾਂ ਇਕ ਵਾਰੀ ਫੇਰ ਕੱਢ ਮਾਰੀਆਂ। ਜਨਤਕ ਤੌਰ 'ਤੇ ਸ਼ਾਇਦ ਉਸਦੇ ਮੂੰਹੋਂ ਕਦੇ ਗਾਲ੍ਹ ਨਹੀਂ ਸੁਣੀ ਹੋਣੀ ਕਿਸੇ ਨੇ। ਆਪਣੀ ਪਤਨੀ ਨੂੰ ਬੇਸ਼ੱਕ ਉਹ ਕਈ ਵਾਰੀ ਇਕਾਂਤ ਵਾਲੇ ਪਲਾਂ ਵਿਚ ਗ਼ੈਰ-ਕੁਦਰਤੀ ਸਰੀਰਕ ਕਸ਼ਟ ਤੇ ਗਾਲ੍ਹਾਂ ਦੇ ਕੇ ਆਨੰਦ ਮਾਨਣ ਦੀ ਕੋਸ਼ਿਸ਼ ਕਰਦਾ। ਪਰ ਅਕਸਰ ਨਿਰਾਸ਼ਾ ਹੀ ਹੱਥ ਲੱਗਦੀ। ਅੱਜ ਉਸਨੂੰ ਲੱਗ ਰਿਹਾ ਸੀ, ਸੱਚਮੁਚ ਉਹ ਖ਼ੁਦ ਨੂੰ ਗਾਲ੍ਹਾਂ ਦੇ ਰਿਹੈ।

ਤਮਾਸ਼ਾ ਰਾਮ ਬਾਪੂ ਉਸਦੇ ਖ਼ਿਆਲਾਂ ਵਿਚ ਆ ਖੜ੍ਹਾ ਹੋਇਆ। ਅਖੇ, ਵੋ ਉਸਕੋ ਭਈਆ ਕਹਿ ਦੇਤੀ ਯਾ ਸਮਰਪਣ ਕਰ ਦੇਤੀ ਤੋ ਬਲਾਤਕਾਰ ਯਾ ਮੌਤ ਸੇ ਬਚ ਸਕਤੀ ਥੀ। ਉੱਧਰ ਚਾਹ-ਸਮੋਸੇ ਨੇ ਮਿਸਟਰ ਕਾਮਰਾ ਕੋਲੋਂ ਅਰਥ ਦੇ ਅਨਰਥ ਕਰਵਾ ਦਿੱਤੇ ਸੀ, "ਭਈਆ ਤਾਂ ਉਪਚਾਰਕ ਸ਼ਬਦ ਹੈ ਅੱਜਕਲ੍ਹ, ਕਿਹੜੀ ਕੋਈ ਰੱਖੜੀ ਬੰਨ੍ਹੀ ਹੁੰਦੀ ਹੈ... ਰਿਕਸ਼ਾਵਾਲੇ ਤੋਂ ਲੈ ਕੇ ਗੁਆਂਢ ਵਾਲੇ ਤੇ ਬਿਹਾਰ ਵਾਲੇ ਤੋਂ ਲੈ ਕੇ ਆਪਣੇ ਵਾਲੇ ਤਕ ਸਾਰੇ ਈ ਭਈਆ...! ਹਾ... ਹਾ... ਹਾ...!"

ਐਪਰ ਦਾਮਿਨੀ ਲਈ ਉਪਚਾਰਕਤਾ ਵਾਲੀ ਕੋਈ ਗੱਲ ਨਹੀਂ ਸੀ। ਕਈ ਵਾਰੀ ਕੀ ਹੁੰਦਾ ਕਿ ਚਾਣਚੱਕ ਘੜੀ ਦੇਖ ਕੇ ਕਹਿੰਦੀ, "ਹਾਏ, ਮੈਂ ਤਾਂ ਲੇਟ...। ਭਾਬੀ ਜੀ, ਵੀਰ ਜੀ ਨੂੰ ਕਹੋ ਖਾਂ, ਮੈਨੂੰ ਹਸਪਤਾਲ... ਵੀਰ ਜੀ...!" ਕਹਿ ਵੀ ਖ਼ੁਦ ਹੀ ਦਿੰਦੀ ਤੇ ਕੁਇਕ ਰਿਸਪੌਂਸ... ਵੀਰ ਜੀ ਝੱਟ ਬਾਇਕ ਨੂੰ ਕਿਕ ਮਾਰ ਦਿੰਦੇ। ਕਈ ਵਾਰੀ ਡਿਊਟੀ ਤੋਂ ਪਰਤਦਿਆਂ ਉਹਨਾਂ ਦੇ ਘਰ ਰੁਕ ਜਾਂਦੀ। ਚੰਚਲ ਤੇ ਮਿਲਾਪੜੇ ਸੁਭਾਅ ਵਾਲੀ ਦਾਮਿਨੀ ਭਾਬੀ ਨਾਲ ਗੱਲਾਂ ਕਰਦੀ ਨਹੀਂ ਸੀ ਥੱਕਦੀ। ਗੱਲਾਂ ਕੀ ਬਸ, ਹਸਪਤਾਲ ਵਿਚ ਆਉਣ ਵਾਲੇ ਮਰੀਜ਼ਾਂ ਨਾਲ ਸੰਬੰਧਤ ਦਰਦ ਭਰੇ ਕਿੱਸੇ। ਪਤਾ ਹੀ ਨਹੀਂ ਸੀ ਚਲਦਾ ਕਿ ਕਦੋਂ ਹਨੇਰਾ ਹੋ ਗਿਆ। ਘਰ ਫੋਨ ਕਰਕੇ ਦੱਸਣ ਦੀ ਤਾਂ ਲੋੜ ਹੀ ਨਹੀਂ ਸੀ ਪੈਂਦੀ ਕਿ ਭਾਬੀ ਕੋਲ ਬੈਠੀ ਹੈ। ਅੰਡਰਸਟੁਡ ਹੀ ਹੁੰਦਾ।

"ਹਨੇਰਾ ਹੋ ਗਿਐ ਦਾਮਿਨੀ। ਠਹਿਰ ਮੈਂ ਤੇਰੇ ਵੀਰ ਨੂੰ ਕਹਿ ਦਿੰਦੀ ਹਾਂ, ਛੱਡ ਆਉਣਗੇ।" ਤੇ ਫਿਰ ਜਗਦੀਸ਼ ਸਾਰਿਆਂ ਨੂੰ ਮਿਲ ਵੀ ਆਉਂਦਾ। ਕਦੇ-ਕਦਾਈਂ ਜ਼ਿਦ ਕਰਨ 'ਤੇ ਕੁਵੇਲੇ ਚਾਹ ਵੀ ਪੀਣੀ ਪੈ ਜਾਂਦੀ। ਪਰ ਜਦੋਂ ਤਕ ਦਾਮਿਨੀ ਉਸ ਦੀਆਂ ਨਜ਼ਰਾਂ ਸਾਹਵੇਂ ਰਹਿੰਦੀ, ਉਹ ਸਹਿਜ ਨਹੀਂ ਸੀ ਰਹਿੰਦਾ। ਇਕ ਅਜੀਬ ਕਿਸਮ ਦੀ ਦੁਵਿਧਾ ਉਸਨੂੰ ਘੇਰੀਂ ਰੱਖਦੀ। ਆਪਣੇ ਕਲੀਗ ਕਾਮਰੇ ਦੇ ਸ਼ਬਦ ਵੀ ਉਸਦੇ ਦਿਮਾਗ਼ ਵਿਚ ਵਾਰ-ਵਾਰ ਗੂੰਜਦੇ, "ਜੋ ਲਿੰਗ ਦਿਮਾਗ਼ ਵਿਚ ਹੈ ਨਾ! ਮਾਂ-ਚੋ... ਸਭ ਤੋਂ ਖਤਰਨਾਕ ਤਾਂ ਉਹੀ ਹੁੰਦੈ...।"

ਬੇਸ਼ੱਕ, ਪਰ ਲੱਖ ਨਾ ਚਾਹੁਣ 'ਤੇ ਵੀ ਉਸਦੇ ਦਿਮਾਗ਼ ਦੇ ਉਸ ਖਣ ਵਿਚ ਕੋਈ ਰਸਾਇਣਕ ਕ੍ਰਿਆ ਜਾਰੀ ਰਹਿੰਦੀ, ਜਿਸ ਖਣ ਵਿਚ ਕਾਮਰੇ ਮੁਤਾਬਕ ਬੰਦੇ ਦਾ ਇਕ ਲਿੰਗ ਹੁੰਦੈ, ਤੇ ਉਹ ਲਿੰਗ ਕੰਮਕਾਜੀ ਔਰਤਾਂ ਪ੍ਰਤੀ ਬਣਾਈਆਂ ਧਾਰਨਾਵਾਂ ਦੀ ਜ਼ਰਾ ਵੀ ਸਮੀਖਿਆ ਨਹੀਂ ਸੀ ਕਰਨ ਦਿੰਦਾ।

ਅੱਜ ਫੇਰ ਦਾਮਿਨੀ ਵਰਤਮਾਨ ਦੀ ਸਮੀਖਿਆ ਕਰ ਰਹੀ ਸੀ, "ਹੇ ਰੱਬਾ! ਪਤਾ ਨਹੀਂ ਕੀ ਬਣੇਗਾ ਇਸ ਦੁਨੀਆ ਦਾ।" ਹਸਪਤਾਲੋਂ ਆਉਣ ਸਾਰ ਉਹ ਸੋਫੇ 'ਤੇ ਪਸਰ ਗਈ ਸੀ। ਜ਼ਰਾ ਸਹਿਜ ਹੋਕੇ ਬੋਲੀ, "ਭਾਬੀ ਪਾਣੀ...!"

"ਲਿਆਈ...! ਕੀ ਗੱਲ, ਦਾਦੀ ਅੰਮਾ ਅੱਜ ਕੁਝ ਜ਼ਿਆਦਾ ਹੀ ਪਰੇਸ਼ਾਨ ਲੱਗ ਰਹੀ ਹੈ, ਦੁਨੀਆ ਜਹਾਨ ਦੀ ਚਿੰਤਾ ਵਿਚ?" ਜਗਦੀਸ਼ ਦੀ ਪਤਨੀ ਪਾਣੀ ਦਾ ਗਿਲਾਸ ਦਾਮਿਨੀ ਨੂੰ ਫੜਾਉਂਦਿਆਂ ਮੁਸਕਰਾਈ ਸੀ।

"ਬਸ ਗੱਲ ਹੀ ਕੁਝ ਅਜਿਹੀ ਹੈ ਭਾਬੀ।" ਉਸਨੇ ਪਾਣੀ ਪੀ ਕੇ ਗਿਲਾਸ ਸੈਂਟਰ ਟੇਬਲ 'ਤੇ ਰੱਖਦਿਆਂ ਕਿਹਾ, "ਅੱਜ ਇਕ ਬੜਾ ਭਿਆਨਕ ਕੇਸ ਆਇਆ।"

"ਕੋਈ ਐਕਸੀਡੈਂਟ ਸੀ?"

"ਐਕਸੀਡੈਂਟ ਹੁੰਦਾ ਤਾਂ ਗੱਲ ਈ ਕੀ ਸੀ ਭਾਬੀ। ਐਕਸੀਡੈਂਟ ਨਾਲ ਬੰਦਾ ਇਕ ਵਾਰੀ 'ਚ ਮਰ ਤਾਂ ਜਾਂਦੈ ਨਾ...। ਸਮੂਹਕ ਬਲਾਤਕਾਰ ਦਾ ਕੇਸ ਸੀ।" ਦੱਸਦਿਆਂ ਦਾਮਿਨੀ ਨੂੰ ਕਾਂਬਾ ਜਿਹਾ ਚੜ੍ਹਿਆ ਤੇ ਨਫ਼ਰਤ ਦੇ ਭਾਵ ਉਸਦੇ ਚਿਹਰੇ 'ਤੇ ਉੱਭਰ ਆਏ ਸੀ। ਪੂਰੀ ਗੱਲ ਸੁਣਨ ਲਈ ਭਾਬੀ ਆ ਕੇ ਸੋਫੇ 'ਤੇ ਬੈਠ ਗਈ ਸੀ। ਪਰ ਸਹਿਜ ਉਹ ਵੀ ਨਹੀਂ ਸੀ ਰਹੀ। ਦਾਮਿਨੀ ਨੇ ਅੰਦਰ ਵੱਲ ਝਾਕਦਿਆਂ ਪੁੱਛਿਆ, "ਵੀਰ ਜੀ ਨਹੀਂ ਆਏ ਹਾਲੇ ਤਕ?"

ਤੇ ਜਵਾਬ ਉਡੀਕੇ ਬਿਨਾਂ ਹੀ ਅੱਗੇ ਬੋਲੀ, "ਤਿੰਨ ਬਦਮਾਸ਼ ਸਨ।"

"ਓਹ ਨੋ! ਦਿੱਲੀ ਵਿਚ ਹੰਗਾਮਾ ਮੱਚਿਆ ਹੋਇਐ... ਉਸਤੋਂ ਵੀ ਸਬਕ ਨਹੀਂ ਸਿੱਖਣਾ ਚਾਹੁੰਦੇ ਲੋਕ।"

"ਸਬਕ ਹਾਲੇ ਸਿਖਾਇਆ ਵੀ ਕਿੱਥੇ ਗਿਐ ਭਾਬੀ?" ਖਿਝ ਜਿਹੀ ਪ੍ਰਗਟਾਉਂਦਿਆਂ ਅੱਗੇ ਦੱਸਣ ਲੱਗੀ, "ਉਸ ਕੁੜੀ ਦੀ ਤਾਂ ਹਾਲਤ ਵੇਖੀ ਨਹੀਂ ਸੀ ਜਾ ਰਹੀ। ਵਾਰ-ਵਾਰ ਦੰਦਲਾਂ...



ਜਦੋਂ ਵੀ ਹੋਸ਼ ਆਉਂਦਾ, ਚੀਕਾਂ ਮਾਰਨ ਲੱਗ ਪੈਂਦੀ।" ਦਾਮਿਨੀ ਦੇ ਸ਼ਬਦਾਂ ਵਿਚ ਨਫ਼ਰਤ ਤੇ ਆਵਾਜ਼ ਵਿਚ ਕੁੜੱਤਣ ਘੁਲ ਗਈ ਸੀ। ਜੋ ਚੁਬਾਰੇ ਵਿਚ ਬੈਠੇ ਜਗਦੀਸ਼ ਤਕ ਸ਼ਾਇਦ ਨਹੀਂ ਪਹੁੰਚ ਰਹੀ ਸੀ।

ਭਾਬੀ ਸੋਚਣ ਲੱਗੀ, ਤਾਂ ਕੀ ਉਹ ਸਿਰਫ ਸੁਪਨਾ ਹੈ ਕਿ ਲੋਕ ਜਾਗ ਰਹੇ ਨੇ... ਦੇਸ਼ ਜਾਗ ਰਿਹਾ ਹੈ... ਕੋਈ ਲੀਡਰ ਨਹੀਂ, ਕੋਈ ਵਿਯਨ, ਕੋਈ ਵਿਉਂਤਬੰਦੀ ਨਹੀਂ, ਫਿਰ ਵੀ ਇੰਡਿਆ ਗੇਟ 'ਤੇ ਮੁੰਡੇ-ਕੁੜੀਆਂ ਦਾ ਸੈਲਾਬ ਆਇਆ ਹੋਇਆ ਹੈ। ਬੁਲੰਦ ਅਵਾਜ਼... ਪੱਕੇ ਇਰਾਦੇ ਦੀ ਝਲਕ...। ਇਕ, ਦੋ, ਦਸ ਚੀਜ਼ਾਂ ਤੁਸੀਂ ਮੈਨੇਜ ਕਰ ਲਓ, ਕਿੱਥੇ-ਕਿੱਥੇ ਹੱਥ-ਪੱਲਾ ਮਾਰੋਗੇ? ਕਿੱਥੋਂ-ਕਿੱਥੋਂ ਦੱਬੋਗੇ?

ਨਵੀਆਂ ਤਕਨੀਕਾਂ ਨੇ ਆਜ਼ਾਦੀ ਲਈ ਕਿੰਨੇ ਹੀ ਨਵੇਂ ਬੂਹੇ ਖੋਲ੍ਹੇ ਹਨ। ਕਿਹਾ ਜਾ ਰਿਹੈ, ਇੰਟਰਨੇਟ, ਸੋਸ਼ਲ ਮੀਡਿਆ ਨਵੇਂ ਮਨੁੱਖ ਦੀ ਨਵੀਂ ਸ਼ਕਤੀ ਬਣ ਕੇ ਉੱਭਰਿਆ ਹੈ। ਹੁਣ ਸੌਖਿਆਂ ਕਿਸੇ ਨੂੰ ਦੱਬ ਕੇ ਨਹੀਂ ਰੱਖਿਆ ਜਾ ਸਕਦਾ। ਨਾ ਹਨ੍ਹੇਰੇ ਵਿਚ ਰੱਖਿਆ ਜਾ ਸਕਦੈ। ਨਾ ਕਬੀਲਾਈ ਫਰਮਾਨ, ਨਾ ਵੇਲਾ ਵਿਹਾ ਚੁੱਕੇ ਕਾਇਦੇ ਕਾਨੂੰਨ। ਸਿਸਟਮ ਨੂੰ ਇਸ ਅਨੁਸਾਰ ਬਦਲਨਾ ਪਵੇਗਾ।

ਦਾਮਿਨੀ ਅੱਗੇ ਬੋਲੀ, "ਵਹਿਸ਼ੀ ਦਰਿੰਦੇ ਬਣਦੇ ਜਾ ਰਹੇ ਨੇ ਲੋਕ। ਤੇ ਕਾਨੂੰਨ...? ਹੱਦ ਐ, ਜੋ ਕਸੂਰਵਾਰ ਨੇ ਉਨ੍ਹਾਂ ਨੂੰ ਤਾਂ ਕੋਈ ਫੜ ਹੀ ਨਹੀਂ ਰਿਹਾ ਤੇ ਪੀੜਤ ਕੋਲੋਂ ਬਲਾਤਕਾਰ ਦਾ ਸਬੂਤ ਮੰਗ ਰਹੇ ਨੇ, ਡਾਕਟਰੀ ਮੁਆਇਨਾ ਕਰਵਾ ਰਹੇ ਨੇ। ਫਿਰ ਕਿਤੇ ਜਾ ਕੇ ਕੇਸ ਦਰਜ ਹੋਵੇਗਾ, ਜੇ ਹੋਇਆ।"

ਸੋਚਾਂ ਵਿਚ ਗਵਾਚੀ ਭਾਬੀ ਦੇ ਮੂੰਹੋਂ ਤਾਂ ਇਕ ਸ਼ਬਦ ਵੀ ਨਹੀਂ ਸੀ ਨਿਕਲ ਰਿਹਾ।

"ਡਾਕਟਰ ਉਸ ਲੜਕੀ ਨੂੰ ਚੈੱਕ ਕਰਨ ਲੱਗੀ ਤਾਂ ਪਤੈ, ਉਸਨੇ ਦੋਨਾਂ ਹੱਥਾਂ ਨਾਲ ਆਪਣੀ ਕਮੀਜ਼ ਫਾੜ ਦਿੱਤੀ ਤੇ ਚੀਕ ਪਈ, ਲਓ, ਕਰ ਲਓ ਮੁਆਇਨਾ...।" ਦੱਸਦਿਆਂ ਦਾਮਿਨੀ ਦੇ ਚਿਹਰੇ 'ਤੇ ਉੱਕਰੀਆਂ ਦਰਦ ਦੀਆਂ ਲਕੀਰਾਂ ਹੋਰ ਵੀ ਡੂੰਘੀਆਂ ਹੋ ਗਈਆਂ ਸਨ।

"ਹੇ ਸੱਚੇ ਪਾਤਸ਼ਾਹ! ਕੀ ਬੀਤ ਰਹੀ ਹੋਵੇਗੀ ਉਸ 'ਤੇ। ਉਫ!" ਭਾਬੀ ਨੇ ਹਉਕਾ ਲਿਆ।

"ਆਪ੍ਰੇਸ਼ਨ ਟੇਬਲ 'ਤੇ ਬੇਹੋਸ਼ ਪਈ ਸੀ ਉਹ। ਛਾਤੀਆਂ 'ਤੇ ਨਹੁੰਆਂ ਦੇ ਡੂੰਘੇ ਨਿਸ਼ਾਨ...। ਖ਼ੂਨ ਵਗ ਰਿਹਾ ਸੀ। ਤੇ ਭਾਬੀ...।" ਸ਼ਬਦ ਹੁਣ ਜਵਾਬ ਦੇ ਚੁੱਕੇ ਸਨ। ਪੀੜ ਵਿਚ ਢਲ ਚੁੱਕੇ ਸਨ। ਉਸ ਪੀੜ ਨੂੰ ਦਾਮਿਨੀ ਦੇ ਨਾਲ-ਨਾਲ ਭਾਬੀ ਵੀ ਹੰਢਾ ਰਹੀ ਸੀ। ਦੋ ਔਰਤਾਂ ਹੰਢਾ ਰਹੀਆਂ ਸਨ, ਕਿਸੇ ਤੀਜੀ ਦੇ ਦਰਦ ਨੂੰ।

ਚੁਬਾਰੇ ਵਿਚ ਬੈਠੇ ਜਗਦੀਸ਼ ਨੇ ਵੀ ਹੁਣ ਸ਼ਾਇਦ ਇੱਧਰ ਕੰਨ ਲਾ ਲਏ ਸੀ। ਕੀ ਉਹ ਵੀ ਹੰਢਾ ਰਿਹਾ ਸੀ? ਇਨਸਾਨੀਅਤ ਦੀ ਆਤਮਾ ਤੇ ਸਰੀਰ ਉੱਤੇ ਵੱਜੀ ਸੱਟ ਦੇ ਦਰਦ ਨੂੰ? ਕੀ ਉਹ, ਕਾਮਰਾ ਤੇ ਉਸਦੇ ਬਾਕੀ ਸਾਥੀ ਕਿਸੇ ਹੋਰ ਮਿੱਟੀ ਦੇ ਬਣੇ ਹੋਏ ਨੇ? ਖ਼ੁਦ ਜਗਦੀਸ਼ ਨੂੰ ਵੀ ਸਪੱਸ਼ਟ ਨਹੀ ਸੀ। ਸ਼ਾਇਦ ਇਸਦਾ ਜਵਾਬ ਲੱਭਣ ਲਈ ਹੀ ਉਹ ਟੀ.ਵੀ. ਦੇ ਜ਼ਰੀਏ ਇੰਡਿਆ ਗੇਟ 'ਤੇ ਪਹੁੰਚ ਗਿਆ ਸੀ।

ਇੰਡੀਆ ਗੇਟ 'ਤੇ ਫੈਲੇ ਸੈਲਾਬ ਵਿਚ, ਹਜ਼ਾਰਾਂ ਦਾਮਿਨੀਆਂ ਨਾਹਰੇ ਲਿਖੀਆਂ ਤਖਤੀਆਂ ਚੁੱਕੀ ਖੜ੍ਹੀਆਂ ਸਨ- ਕੇਹੀ ਡੈਮੋਕ੍ਰੇਸੀ ਹੈ ਇਹ...? ਤੁਸੀਂ ਰੇਪ ਤਾਂ ਕੀਤੇ ਜਾ ਸਕਦੇ ਹੋ, ਰੇਪ ਦੇ ਖਿਲਾਫ਼ ਆਵਾਜ਼ ਨਹੀਂ ਉਠਾ ਸਕਦੇ...। ਅੱਖਾਂ ਵਿਚ ਭੱਖਦੇ ਸਵਾਲ... ਕਿਸੇ ਰੋਸ਼ਨੀ ਦੀ ਕਿਰਨ ਦੀ ਭਾਲ...। ਉਸਨੇ ਦੇਖਿਆ, ਉਸਦੇ ਆਪਣੇ ਜ਼ਮਾਨੇ ਦਾ ਯੂਥ... ਆਪਣੇ ਸਭ ਤੋਂ ਹਨੇਰੇ ਸਮੇਂ ਵਿਚ... ਬੇਬਸ... ਬੇਚੈਨ... ਤੇ ਮੁਕਾਬਿਲ ਸਨ ਅੱਥਰੂ ਗੈਸ ਦੇ ਗੋਲੇ, ਗੰਦੇ ਪਾਣੀ ਦੀਆਂ

ਵਾਛੜਾਂ... ਡਾਂਗਾਂ...। ਇਹ ਸਭ ਦੇਖ ਕੇ ਜਗਦੀਸ਼ ਤਾਂ ਘਬਰਾ ਗਿਆ। ਉੱਥੋਂ ਭੱਜਣਾ ਚਾਹਿਆ। ਪਰ ਕਿਤੇ ਠਿਕਾਣਾ ਨਾ ਥਿਆਇਆ।

ਉਹਨਾਂ ਸਿਆਸਤਦਾਨਾਂ ਦੀ ਭੀੜ ਵਿਚ ਜਾ ਖੜ੍ਹਾ ਹੋਇਆ, ਜਿਨ੍ਹਾਂ 'ਚੋਂ ਕੋਈ ਕਹਿ ਰਿਹਾ ਸੀ, ਲੜਕੀਆਂ ਖੁਦ ਜ਼ਿੰਮੇਵਾਰ ਹਨ। ਕੋਈ ਕਹਿ ਰਿਹਾ ਸੀ, ਉਹਨਾਂ ਦਾ ਪਹਿਰਾਵਾ ਜ਼ਿੰਮੇਵਾਰ ਹੈ। ਕੋਈ ਉਹਨਾਂ ਦੀ ਵਿਆਹ ਦੀ ਉਮਰ ਘੱਟ ਕਰ ਦੇਣੀ ਚਾਹੁੰਦਾ ਸੀ। ਪਰ ਇਸ ਗੱਲ 'ਤੇ ਤਾਂ ਕਾਮਰਾ ਕੀ ਉਸਦੇ ਕਾਮੀ ਸਾਥੀ ਵੀ ਬੋਲ ਪਏ ਸੀ, "ਸਾਲਿਓ, ਅਜਿਹੇ ਘ੍ਰਿਣਤ ਅਪਰਾਧ ਤਾਂ ਤਿੰਨ-ਤਿੰਨ ਸਾਲ ਦੀਆਂ ਬੱਚੀਆਂ ਤੇ ਅੱਸੀ ਸਾਲ ਦੀਆਂ ਬੁੱਢੀਆਂ ਨਾਲ ਵੀ ਹੋ ਰਹੇ ਨੇ, ਉੱਥੇ ਫ਼ੈਸ਼ਨ ਜਾਂ ਉਮਰ ਦੀ ਗੱਲ ਕਿਵੇਂ ਲਾਗੂ ਹੁੰਦੀ ਹੈ?"

ਪਰ ਕਹਿੰਦੇ ਨੇ, ਲਾਗੂ ਕਰਾਉਣ ਵਾਲੇ ਬੜਾ ਕੁਝ ਕਰ-ਕਰਾ ਲੈਂਦੇ ਨੇ। ਲਾਗੂ ਉਹ ਹੋਰ ਵੀ ਬੜਾ ਕੁਝ ਕਰਨਾ ਚਾਹੁੰਦੇ ਸੀ। ਉਨ੍ਹਾਂ ਨੂੰ ਲੱਗਦੈ, ਜੀਨਾਂ ਪਾ ਕੇ ਕੁੜੀਆਂ ਈਜ਼ੀ, ਅਣਉਪਚਾਰਕ ਤੇ ਚੁਸਤ ਮਹਿਸੂਸ ਕਰਨਗੀਆਂ, ਖੋਹ ਲਓ। ਨਵੀਂ ਤਕਨੀਕ ਦਾ ਇਕ ਪੁਖ਼ਤਾ ਕਦਮ ਮੋਬਾਇਲ, ਜੋ ਹਰ ਮਾੜੇ-ਧੀੜੇ ਦੀ ਸ਼ਕਤੀ ਬਣ ਕੇ ਉੱਭਰ ਰਿਹੈ, ਖੋਹ ਲਓ। ਪਰੰਪਰਾ, ਸੰਸਕ੍ਰਿਤੀ ਦੇ ਨਾਂ 'ਤੇ ਜੋ ਕੁਝ ਵੀ ਖੋਹ ਸਕਦੇ ਹੋ, ਖੋਹ ਲਓ। ਇਸ ਮਸਲੇ 'ਤੇ ਚੱਲ ਰਹੀਆਂ ਬਹਿਸਾਂ ਤੋਂ ਤਾਂ ਇਹੀ ਲੱਗਦਾ ਸੀ।

"ਭਾਬੀ, ਡਾਕਟਰ ਦੀਆਂ ਅੱਖਾਂ ਮੈਂ ਅੱਜ ਪਹਿਲੀ ਵਾਰੀ ਸਿੱਲ੍ਹੀਆਂ ਦੇਖੀਆਂ, ਜਦ ਉਹ ਰਿਪੋਰਟ ਬਣਾ ਰਹੀ ਸੀ।"

"ਰਿਪੋਰਟ ਨਾਲ ਕੀ ਹੋਣੈ ਦਾਮਿਨੀ, ਉਸ ਨਾਲ ਤਾਂ ਹੋ ਗਿਆ ਨਾ, ਜੋ ਹੋਣਾ ਸੀ।"

"ਨਹੀਂ ਭਾਬੀ, ਡਾਕਟਰ ਦੇ ਦਿਮਾਗ਼ ਵਿਚ ਵੀ ਜਰੂਰ ਕੁਝ ਨਵਾਂ ਚਲ ਰਿਹਾ ਸੀ ਉਦੋਂ। ਤੇ ਹੋਸ਼ ਆਉਣ ਸਾਰ ਉਹ ਕੁੜੀ ਵੀ ਮੇਰੀਆਂ ਅੱਖਾਂ ਵਿਚ ਉੱਗਿਆ ਸਵਾਲ ਪੜ੍ਹ ਕੇ ਕਹਿੰਦੀ, ਤੁਸੀਂ ਤਾਂ ਮੇਰੇ ਸਰੀਰ ਦੇ ਜ਼ਖ਼ਮ ਠੀਕ ਕਰ ਦਿਓ, ਬਸ। ਰੂਹ 'ਤੇ ਲੱਗੇ ਜ਼ਖ਼ਮਾਂ ਦਾ ਹਿਸਾਬ ਮੈਂ ਆਪੇ ਕਰੂੰ।"

"ਸਦੀਆਂ ਤੋਂ ਇਹੋ ਕੁਝ ਹੁੰਦਾ ਆਇਐ। ਝੂਠੀਆਂ ਮਿਥਾਂ ਘੜ ਰੱਖੀਆਂ ਨੇ। ਅਖੇ, ਸਾਡਾ ਵਿਰਸਾ, ਸਾਡੀ ਸੰਸਕ੍ਰਿਤੀ ਮਹਾਨ...। ਖੇਹ ਤੇ ਸੁਆਹ ਮਹਾਨ...।" ਭਾਬੀ ਦੀਆਂ ਭਾਵਨਾਵਾਂ ਵਿਚ ਖ਼ਾਸਾ ਉਬਾਲ ਆ ਚੁੱਕਾ ਸੀ।

"ਭਾਬੀ, ਜੋ ਕਤਲ ਦੀ ਸਜ਼ਾ ਹੈ, ਉਹ ਬਲਾਤਕਾਰ ਦੀ ਕਿਉਂ ਨਹੀਂ ਹੋ ਸਕਦੀ? ਆਖਰ ਡਿਗਨਿਟੀ ਦਾ ਕਤਲ ਤਾਂ ਹੋ ਹੀ ਗਿਆ ਨਾ? ਕੀ ਕਾਨੂੰਨ ਦੀ ਨਜ਼ਰ ਵਿਚ ਇੱਜ਼ਤ ਦਾ ਕੋਈ ਮੁੱਲ ਨਹੀਂ?"

"ਦੋਸ਼ੀਆਂ ਨੂੰ ਸਾਹਮਣੇ ਖੜ੍ਹਾ ਕੇ ਪੀੜਤ ਤੋਂ ਪੁੱਛ ਲਿਆ ਜਾਵੇ, ਜੋ ਸਜ਼ਾ ਉਹ ਦੇਣਾ ਚਾਹਵੇ ਉਸੇ 'ਤੇ ਵਿਚਾਰ ਕਰ ਲਿਆ ਜਾਵੇ... ਹੋਰ ਕੀ?" ਭਾਬੀ ਦਾ ਤਾਂ ਜਿਵੇਂ ਸਿੱਧਾ ਜਿਹਾ ਹਿਸਾਬ ਸੀ।

ਉੱਤੇ ਖੜਕਾ ਹੋਇਆ। ਜਗਦੀਸ਼ ਸੀ। ਪੌੜੀਆਂ ਉੱਤਰ ਕੇ ਬੈਠਕ ਅੱਗਿਓਂ ਲੰਘਦਿਆਂ ਇਕ ਨਜ਼ਰ ਉਨ੍ਹਾਂ 'ਤੇ ਮਾਰੀ ਤੇ ਅੰਦਰ ਚਲਾ ਗਿਆ।

"ਅੱਜ ਸਵੇਰੇ ਤੋਂ ਵਾਰ-ਵਾਰ ਉਸ ਲੜਕੀ ਦਾ ਚਿਹਰਾ ਅੱਖਾਂ ਸਾਹਵੇਂ ਆ ਰਿਹੈ। ਦਰਦ ਨਾਲ ਨਪੀੜਿਆ, ਖਾਲੀ-ਖਾਲੀ ਅੱਖਾਂ...।" ਉਸ ਲੜਕੀ ਵੱਲੋਂ ਭੋਗੀ ਹੋਈ ਪੀੜ ਦਾਮਿਨੀ ਦੀਆਂ ਅੱਖਾਂ ਵਿਚ ਉਤਰ ਆਈ ਸੀ। ਭਾਬੀ ਉੱਠ ਕੇ ਉਸ ਕੋਲ ਆ ਖੜ੍ਹੀ ਹੋਈ। ਉਸਦੀ ਪਿੱਠ 'ਤੇ ਹੱਥ ਧਰਦਿਆਂ ਬੋਲੀ, "ਇਹੀ ਗੱਲਾਂ ਤਾਂ ਕਾਉਂਟ ਕਰਦੀਆਂ ਨੇ ਕੁੜੇ! ਉਂਝੇ ਤਾਂ ਨ੍ਹੀਂ ਕੋਈ ਜਨਮ ਤੋਂ ਪਹਿਲਾਂ ਹੀ ਆਪਣੇ ਅੰਸ ਨੂੰ ਮਾਰਨ ਬਾਰੇ ਸੋਚ ਲੈਂਦੇ ਲੋਕ।"



"ਪਲਾਇਨਵਾਦੀ ਹੀ ਹੋਏ ਨਾ ਫਿਰ ਅਜਿਹੇ ਲੋਕ ਤਾਂ...। ਮਾਨਸਿਕਤਾ ਨਹੀਂ ਬਦਲਨਾ ਚਾਹੁੰਦੇ।" ਕਹਿੰਦਿਆਂ ਦਾਮਿਨੀ ਭਾਬੀ ਵੱਲ ਤੱਕਣ ਲੱਗੀ।

ਭਾਬੀ ਹੁਣ ਚੁੱਪ ਸੀ। ਕੀ ਉਸਨੂੰ ਆਸ ਨਹੀਂ ਸੀ ਕਿ ਮਾਨਸਿਕਤਾ ਬਦਲਣ ਵਰਗੀ ਕੋਈ ਕਰਾਂਤੀ ਵੀ ਤੁਰੰਤ ਸੰਭਵ ਹੈ?

ਦਾਮਿਨੀ ਨੇ ਮੋਬਾਈਲ 'ਤੇ ਸਮਾਂ ਦੇਖਿਆ ਤੇ, "ਚੰਗਾ ਭਾਬੀ ਮੈਂ ਚੱਲਦੀ ਹਾਂ।" ਕਹਿੰਦਿਆਂ ਆਪਣਾ ਪਰਸ ਚੁੱਕ ਕੇ ਘਰ ਜਾਣ ਲਈ ਖੜ੍ਹੀ ਹੋ ਗਈ। ਸਟਰੀਟ ਲਾਈਟਾਂ ਜਗ ਚੁੱਕੀਆਂ ਸਨ। ਧੁੰਧ ਕਾਰਨ ਉਨ੍ਹਾਂ ਦੇ ਹੇਠਾਂ ਰੋਸ਼ਨੀ ਦੀ ਛੱਤਰੀ ਜਿਹੀ ਤਣੀ ਹੋਣ ਦਾ ਆਭਾਸ ਹੋ ਰਿਹਾ ਸੀ।

"ਵਕਤ ਬਹੁਤ ਖ਼ਰਾਬ ਹੈ ਕੁੜੇ, ਚੌਕਸੀ ਨਾਲ ਵਿਚਰਿਆ ਕਰੋ।" ਭਾਬੀ ਹੋਰ ਕੀ ਕਹਿੰਦੀ ਭਲਾ। ਸੰਸਕਾਰਾਂ ਕਰਕੇ ਉਸਦੀ ਪਰੈਕਟਿਸ ਵਿਚ ਇਹੀ ਕੁਝ ਸੀ।

"ਵਕਤ ਨੂੰ ਕੋਈ ਅੱਗ ਨਹੀਂ ਲੱਗੀ ਹੋਈ ਬਾਊਜੀ।" ਕਾਮਰਾ ਸਮੋਸੇ ਵੀ ਖਾਈ ਜਾਵੇ, ਆਪਣੇ ਸਾਥੀਆਂ ਦੀ ਰੂਹ ਦੀ ਖ਼ੁਰਾਕ ਵੀ ਪਰੋਸੀ ਜਾਵੇ, "ਤੁਹਾਨੂੰ ਤਾਂ ਪਤਾ ਈ ਐ ਜਨਾਬੇ ਆਲਾ, ਇਕ ਬੰਦੇ 'ਚ ਕਈ-ਕਈ ਲਿੰਗ... ਬਾਊਜੀ, ਕਿਉਂ ਮੇਰਾ ਮੂੰਹ ਖੁਲਵਾਉਂਦੇਓਂ। ਪਹਿਲੀ ਗੱਲ ਤਾਂ, ਆਪਾਂ ਹੁੰਨੇ ਆਂ ਲਿੰਗ-ਪੂਜਕ। ਪੱਥਰ ਦਾ ਬਣਾ ਕੇ ਥਾਂ-ਪੁਰ-ਥਾਂ ਪੱਕਾ ਈ ਯੋਨੀ 'ਚ ਖੜ੍ਹਾ ਰੱਖਿਐ। ਤੇ ਦੂਜੀ, ਪੈਸਾ ਬਹੁਤ ਹੋ ਗਿਐ ਕੁਝ ਲੋਕਾਂ ਕੋਲ...। ਐਸ਼ੋ ਆਰਾਮ...। ਇਹ ਬੰਦੇ ਵਿਚ ਵਿਗਾੜ ਪੈਦਾ ਕਰਦੈ। ਮੈਂ ਦੱਸਾਂ ਥੋਨੂੰ। ਇਸੇ ਲਈ ਉਹ ਲਿੰਗ ਹੁਣ ਜਾਗ੍ਰਤ ਹੋ ਗਏ ਨੇ।"

ਕਾਮਰੇ ਨੇ ਟੇਢਾ ਜਿਹਾ ਹੋ ਕੇ ਹਵਾ ਖਾਰਜ ਕਰਦਿਆਂ ਅੱਗੇ ਕਿਹਾ, "ਇਕ ਲਿੰਗ ਹੁੰਦੈ ਬਾਊਜੀ, ਬੰਦੇ ਦੇ ਦਿਮਾਗ਼ ਵਿਚ। ਇਕ ਕੰਨਾਂ ਦੇ ਪਰਦੀਆਂ ਪਿੱਛੇ। ਤੇ ਸਕਿੰਨ ਵਿਚ ਵੀ। ਸਮਝ ਰਹੇ ਜੇ ਨਾ ਤੁਸੀਂ? ਬੱਸਾਂ, ਗੱਡੀਆਂ, ਦਫਤਰਾਂ, ਜਨਤਕ ਥਾਵਾਂ 'ਤੇ ਜਿੱਥੇ ਕਿਤੇ ਦੇਖ ਲਓ, ਲਿੰਗ ਹੀ ਲਿੰਗ...। ਚੱਲ ਛੱਡੋ ਬਾਊਜੀ...। ਕਾਮਰੇ ਨੂੰ ਜਿੰਨਾ ਮਰਜ਼ੀ ਕੁੱਤਾ-ਕਮੀਨਾ ਸਮਝੀ ਜਾਓ ਜਨਾਬੇ ਆਲਾ, ਪਰ ਔਰਤ ਨੂੰ ਸਿਰਫ ਯੋਨੀ ਤਕ ਮਹਿਦੂਦ ਕਰ ਦੇਣਾ...? ਯਾਰ...! ਏਨਾ ਤਾਂ ਨਹੀਂ ਮੈਂ ਗਿਰਿਆ ਹੋਇਆ। ਹਾਂ, ਲੋਕਾਂ ਦੇ ਦਿਮਾਗ਼ਾਂ ਵਿਚਲਾ ਗੰਦ ਉਹਨਾਂ ਨੂੰ ਹੀ ਪਰੋਸ ਦਿੰਦਾਂ... ਤੇ ਮੈਂ ਸਮੋਸੇ...। ਹੈਂ ਜੀ...?"

ਕਾਮਰਾ ਉਂਝ ਨਾ ਤਾਂ ਮਾਰਕਸਵਾਦੀ ਹੈ, ਨਾ ਹੀ ਫਰਾਇਡਵਾਦੀ। ਹਾਂ, ਮੁਫਤਖੋਰ ਸਮੋਸੇਵਾਦੀ ਬੇਸ਼ੱਕ ਕਿਹਾ ਜਾ ਸਕਦਾ ਹੈ। ਜਿਸਨੇ 'ਮੈਂ ਮੂਰਖ ਖਲ ਕਾਮੀ, ਮੇਰੇ ਪਾਪ ਹਰੋ ਦੇਵਾ... ਓਮ ਜੈ ਜਗਦੀਸ਼ ਹਰੇ...' ਮਾਰਕਾ ਫੁੱਦੂ ਜਿਹੇ ਕੁਲੀਗਜ਼ ਵਿਚ ਆਪਣਾ ਅਜਿਹਾ ਜੁਗਾੜ ਫਿਟ ਕੀਤਾ ਹੋਇਆ ਹੈ ਕਿ ਗੱਲ ਹੀ ਨਾ ਪੁੱਛੋ।

ਗੱਲ ਉਂਝ ਇਹ ਵੀ ਜਗਦੀਸ਼ ਨੇ ਹੀ ਸ਼ੁਰੂ ਕੀਤੀ ਸੀ, "ਕਾਮਰਾ ਸਾਹਿਬ, ਵਕਤ ਬਹੁਤ ਖ਼ਰਾਬ ਹੈ।" ਉਸਨੂੰ ਸਮਝ 'ਚ ਨਹੀਂ ਸੀ ਪੈ ਰਹੀ ਕਿ ਜਦ ਕੋਈ ਅਸਹਿਜ ਜਿਹੀ ਕਰਨ ਵਾਲੀ ਗੱਲ ਹੋਵੇ, ਉਹ ਝਟ ਕਾਮਰੇ ਦੀ ਸ਼ਰਨ ਵਿਚ ਕਿਉਂ ਪਹੁੰਚ ਜਾਂਦਾ ਹੈ? ਕੀ ਉਸਦਾ ਦਿਮਾਗ ਸੱਚਮੁਚ ਏਨਾ ਕੱਚਾ ਹੈ? ਅਸਲ ਸਮੱਸਿਆ ਕੀ ਹੈ ਉਸਦੀ? ਇੰਡੀਆ ਗੇਟ 'ਤੇ ਇਕੱਠੀ ਹੋਈ ਬੱਚਿਆਂ ਦੀ ਭੀੜ ਨਾਲ ਕਿਉਂ ਨਹੀਂ ਉਹ ਕੁਝ ਪਲ ਵੀ ਖੜ੍ਹਾ ਰਹਿ ਪਾ ਰਿਹਾ ਸੀ? ਕਿਉਂ ਉਸਨੂੰ ਸਪੱਸ਼ਟ ਨਹੀਂ ਹੈ ਕਿ ਬਲਾਤਕਾਰੀਆਂ ਦੇ ਖਿਲਾਫ਼ ਸਖ਼ਤ ਕਾਨੂੰਨ ਬਣਨਾ ਚਾਹੀਦਾ ਹੈ ਜਾਂ ਨਹੀਂ?

ਇੰਡੀਆ ਗੇਟ ਵਾਲੀ ਭੀੜ ਦੀ ਮੰਗ 'ਤੇ ਸਰਕਾਰ ਦੇ ਬਿਆਨ ਸੁਣ ਕੇ ਜਦ ਉਸਦੀ ਪਤਨੀ ਨੇ ਕਿਹਾ ਸੀ ਕਿ ਲੱਗਦਾ ਤਾਂ ਇਉਂ ਹੈ, ਜਿਵੇਂ ਗੈਂਗਰੇਪ ਸਰਕਾਰ ਨੇ ਕੀਤਾ ਹੋਵੇ ਤੇ ਬੱਚੇ

ਸਰਕਾਰ ਦੇ ਖਿਲਾਫ਼ ਸਰਕਾਰ ਤੋਂ ਹੀ ਕਾਨੂੰਨ ਬਣਾਉਣ ਦੀ ਮੰਗ ਕਰ ਰਹੇ ਹੋਣ। ਤਾਂ ਝਿਜਕ ਕੇ ਆਪਣੀ ਤੁਰਤ-ਫੁਰਤ ਜ਼ਾਹਰ ਹੋਣ ਜਾ ਰਹੀ ਪ੍ਰਤੀਕਿਰਿਆ ਵੀ ਉਸਨੇ ਝੱਟ ਰੋਕ ਲਈ ਸੀ। ਉਫ! ਕਿਸਦਾ ਵਕੀਲ ਬਣਨ ਲੱਗਾ ਸੀ ਉਹ? ਤੇ ਕਿਉਂ?

ਕਾਮਰਾ ਹੁਣ ਗੰਭੀਰ ਸੀ, "ਜਿੱਥੋਂ ਤਕ ਪੁਲਿਸ ਦਾ ਸਵਾਲ ਹੈ, ਪੁਲਿਸ ਨੂੰ ਤੁਸੀਂ ਜਿੰਨਾ ਮਰਜ਼ੀ ਚੌਂਕ-ਚੁਰਾਹਿਆਂ 'ਚ ਖੜ੍ਹੀ ਕਰ ਲਓ ਜਨਾਬੇ ਆਲਾ, ਜਦੋਂ ਤਕ ਆਪਣੇ ਲੋਕਾਂ ਦੇ ਦਿਮਾਗ਼ਾਂ ਵਿਚ ਨਹੀਂ ਨਾ ਖੜ੍ਹੀ ਕਰਦੇ, ਜਾਂ ਨੈਤਿਕ ਮੁੱਲ ਸਥਾਪਤ ਨਹੀਂ ਕਰਦੇ, ਗੱਲ ਨਹੀਂ ਬਣਨ ਵਾਲੀ। ਹੁਣ ਇਹੀ ਦੇਖ ਲਓ, ਹਰਿਆਣਾ ਪੰਜਾਬ ਦੇ ਵੱਡੀਆਂ-ਵੱਡੀਆਂ ਗੱਡੀਆਂ ਵਾਲੇ ਫੰਨੇਖ਼ਾਂ ਚੌਧਰੀ ਤੇ ਸਰਦਾਰ ਸਾਹਿਬ ਸੜਕਾਂ 'ਤੇ ਕਿਸੇ ਨੂੰ ਜੂੰ ਬਰਾਬਰ ਵੀ ਨਹੀਂ ਸਮਝਦੇ। ਪਰ ਚੰਡੀਗੜ੍ਹ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਹੀ ਸੀਟ-ਬੈਲਟਾਂ ਬੰਨ੍ਹਣ ਲੱਗ ਪੈਂਦੇ ਨੇ। ਕਿਉਂ ਭਲਾ? ਪੁਲਿਸ ਦਾ ਡੰਡਾ ਬਾਉਜੀ।"

ਡੰਡੇ ਵਾਲੀ ਗੱਲ ਤੋਂ ਸੁਪਰਡੈਂਟ ਸਾਹਿਬ ਵੀ ਬਿਲਕੁਲ ਤਾਂ ਇਨਕਾਰੀ ਨਹੀਂ ਸੀ, ਜਿਵੇਂ ਮੌਕੇ 'ਤੇ ਹੀ ਜੁਰਮਾਨੇ ਵਗ਼ੈਰਾ ਦਾ ਪ੍ਰੋਵਿਜ਼ਨ ਨਿੱਕੇ-ਮੋਟੇ ਗੁਨਾਹਾਂ ਨੂੰ ਤਾਂ ਰੋਕਣ ਵਿਚ ਸਹਾਈ ਹੋ ਸਕਦਾ ਹੈ, ਪਰ ਉਹ ਅੱਗੇ ਕਹਿੰਦੇ ਹਨ, "ਦੇਖੋ ਜੀ, ਜੇਕਰ ਸਮਾਜ ਦੀ ਸੋਚ ਬਦਲਣ ਦਾ ਕੋਈ ਠੋਸ ਉਪਰਾਲਾ ਕੀਤਾ ਜਾਵੇ ਤਾਂ ਉਸ ਤੋਂ ਸਸਤਾ ਕੋਈ ਸੌਦਾ ਨਹੀਂ ਹੋਵੇਗਾ। ਤੇ...।"

"ਸਸਤਾ ਭਾਵੇਂ ਮਹਿੰਗਾ ਸਰ ਜੀ, ਪਾਣੀ ਤਾਂ ਹੁਣ ਸਿਰਾਂ 'ਤੋਂ ਲੰਘ ਚੁੱਕੇ ਨਾ। ਮੈਨੂੰ ਤਾਂ ਲਿੰਗ ਕੱਟਣ ਵਾਲੇ ਕਾਨੂੰਨ ਵਿਚ ਹੀ ਕੋਈ ਹੱਲ ਨਜ਼ਰ ਆਉਂਦੈ।" ਗਰਮ-ਦਲੀਏ ਚੰਦਰੂ ਦੀ ਗੱਲ 'ਤੇ ਸਾਰੇ ਹੱਸ ਪਏ ਸੀ।

"ਓਏ ਲਿੰਗ ਕੱਟਣ ਵਾਲਾ ਨਹੀਂ ਚੰਦਰਿਆ, ਨਪੁੰਸਕ ਬਣਾਉਣ ਵਾਲਾ ਕਾਨੂੰਨ...। ਤੈਨੂੰ ਨਾ ਬਣਾ ਦੇਈਏ ਕਾਨੂਨ ਮੰਤਰੀ? ਬੈਠਾ ਕੱਟੀ ਜਾਈਂ ਲਿੰਗ, ਦਿੱਲੀ ਵਿਚ...।"

ਇਕ ਵਾਰੀ ਫੇਰ ਸਾਰੇ ਖੁਲ੍ਹ ਕੇ ਹੱਸੇ। ਸੁਪਰਡੈਂਟ ਸਾਹਿਬ ਕੁਝ ਹੋਰ ਵੀ ਕਹਿਣਾ ਚਾਹੁੰਦੇ ਸੀ ਜੋ ਵਿਚੇ ਰਹਿ ਗਿਆ ਸੀ।

"ਜਗਦੀਸ਼ ਬਾਊ ਕੀ ਸੋਚ ਰਿਹੈਂ? ਸਵਾਦ ਨ੍ਹੀਂ ਆ ਰਿਹਾ ਗੱਲਾਂ 'ਚੋਂ? ਦੱਸ ਬਈ, ਰੋਜ਼ਾਨਾ ਈ ਚੋਂਦੀਆਂ-ਚੋਂਦੀਆਂ ਗੱਲਾਂ ਕਿੱਥੋਂ ਲਿਆਈਏ ਹੁਣ ਤੇਰੇ ਵਾਸਤੇ? ਚੱਲ ਤੈਨੂੰ ਨਾ ਬਣਾ ਦੇਈਏ ਕਾਨੂਨ ਮੰਤਰੀ?" ਫਿਰ ਕੁਝ ਸੋਚ ਕੇ, ਮੁਸਕਰਾਉਂਦਿਆਂ ਕਾਮਰਾ ਅੱਗੇ ਬੋਲਿਆ, "ਤੂੰ ਤਾਂ ਬਾਊ ਪ੍ਰਧਾਨ ਮੰਤਰੀ ਠੀਕ ਜਚੇਂਗਾ। ਹਓ! ਭਾਵੇਂ ਕੋਈ ਦੇਸ਼ ਨਾਲ ਬਲਾਤਕਾਰ ਕਰੀ ਜਾਵੇ, ਕੋਈ ਲੁੱਟੀ-ਪੱਟੀ ਜਾਵੇ, ਕੰਨਾਂ 'ਚ ਪਾ ਲਓ ਰੂੰ ਤੇ ਆਪਣਾ ਚੁੱਪ ਕਰਕੇ ਵੇਖੀ ਜਾਓ। ਬਹੁਤਾ ਈ ਕਿਤੇ ਰੌਲਾ ਪੈਣ ਲੱਗੇ ਤਾਂ ਟੀ.ਵੀ. 'ਤੇ ਆ ਕੇ ਹੌਲੀ ਜਿਹੇ ਪੁੱਛ ਲਓ, 'ਠੀਕ ਹੈ?' ਬੋਲੋ, ਜੈ ਬਾਬਿਆਂ ਦੀ!" ਕਾਮਰੇ ਨੇ ਸਰਕਾਰੀ ਕੈਲੇਂਡਰ ਵੱਲ ਦੇਖ ਕੇ ਜੈਕਾਰਾ ਛੱਡਿਆ ਤਾਂ ਬਾਕੀਆਂ ਨੇ ਵੀ ਜ਼ੋਰਦਾਰ ਠਹਾਕੇ ਨਾਲ ਜੈਕਾਰਾ ਲਗਾ ਦਿੱਤਾ।

ਹੈੱਡ ਕਲਰਕ ਬਲਵੰਤ ਬੋਲਿਆ, "ਕਾਮਰਾ ਸਾਹਿਬ, ਜਗਦੀਸ਼ ਬਾਊ 'ਤੇ ਕਿਉਂ ਏਨੀ ਵੱਡੀ ਜ਼ਿੰਮੇਵਾਰੀ ਪਾ ਰਹੇ ਹੋ ਵਿਚਾਰੇ ਸ਼ਰੀਫ ਜਿਹੇ 'ਤੇ?"

ਤਾਂ ਕਾਮਰਾ ਕਹਿੰਦਾ, "ਤੁਹਾਨੂੰ ਨਹੀਂ ਪਤਾ ਹੈੱਡ ਸਾਹਿਬ, ਪੂਰਾ ਚੁੱਪ-ਚੋਦੂ ਹੈ ਇਹ। ਉਂਝੇ ਤਾਂ ਨਹੀਂ ਨਾ ਕਿਸੇ ਨੂੰ ਪੋਰਟਫੋਲੀਓ ਵੰਡ ਦਿੰਦੇ ਅਸੀਂ!"

ਮਹਿਫਲ ਪਰਸਨਲ ਜਿਹੀ ਹੁੰਦੀ ਦੇਖ ਕੇ ਸੁਪਰਡੈਂਟ ਦੇ ਚਿਹਰੇ ਦੇ ਭਾਵ ਬਦਲਨ ਲੱਗੇ। ਅਕਸਰ ਅਜਿਹੇ ਵੇਲੇ ਉਹ ਮਹਿਫਲ 'ਚੋਂ ਉੱਠ ਜਾਇਆ ਕਰਦੇ ਨੇ। ਉਂਝ ਉਹਨਾਂ ਦੇ ਕੰਪਿਊਟਰ 'ਚ ਪਤਾ ਨਹੀਂ ਕੀ ਚੱਕਰ ਹੈ, ਰੋਜ਼ ਈ ਵਾਇਰਸ ਵੜਿਆ ਰਹਿੰਦੈ।



ਇਕ ਦਿਨ ਸੁਪਰਡੈਂਟ ਦੀ ਗ਼ੈਰਹਾਜ਼ਰੀ ਵਿਚ ਕੰਪਿਊਟਰ ਠੀਕ ਕਰਨ ਆਏ ਮਕੈਨਿਕ ਤੋਂ ਕਾਮਰੇ ਨੇ ਪੁੱਛਿਆ ਸੀ, "ਓ ਕਾਕਾ, ਰੋਜ਼ ਈ ਕਿਉਂ ਬੀਮਾਰ ਹੋਇਆ ਰਹਿੰਦੈ ਸਾਡਾ ਕੰਪਿਊਟਰ?" ਤਾਂ ਉਹ ਕਹਿੰਦਾ, "ਸਰ ਜੀ, ਸੰਨੀ ਲਿਓਨ ਆ ਗੀ ਸੀ।"

"ਕਿਹੋ ਜਿਹੀ ਸੀ? ਮਤਲਬ ਵਾਇਰਸ, ਜਿਹੜੀ ਤੂੰ ਦੱਸ ਰਿਹੈਂ...?" ਕਾਮਰੇ ਨੇ ਵੀ ਖ਼ਬਰਾਂ-ਖ਼ੁਬਰਾਂ 'ਚ ਬਥੇਰੀ ਦੇਖੀ ਹੋਈ ਸੀ। ਬਸ ਸਵਾਦ ਲੈਣ ਦਾ ਮਾਰਾ ਹੀ ਪੁੱਛ ਰਿਹਾ ਸੀ।

ਮਕੈਨਿਕ ਵੀ ਹੁੱਬ ਕੇ ਕਹਿੰਦਾ, "ਲੈਸਬਿਅਨ ਵੀ ਤੇ ਓਰਲ ਵਾਲੀ ਵੀ। ਸਾਰੀਆਂ ਵਰਾਇਟੀਆਂ ਸਨ, ਸਰ ਜੀ।" ਜਿਵੇਂ ਕਿਸੇ ਰੂਹਾਨੀ ਅਹਿਸਾਸ ਨਾਲ ਸਰਸ਼ਾਰ ਹੋ ਉੱਠਿਆ ਹੋਵੇ।

"ਹਿਸਟਰੀ ਦੇਖ ਕੇ ਦੱਸ ਖਾਂ ਯਾਰ, ਨੈੱਟ 'ਤੇ ਕੱਚੀਆਂ ਜਵਾਨੀਆਂ ਵੀ ਦੇਖਦਾ ਹੁੰਦੈ ਸਾਡਾ ਸਾਹਬ?"

"ਹਾਰਡਕੋਰ ਦੀ ਗੱਲ ਕਰੋ ਸਰ!" ਮਕੈਨਿਕ ਦੀ ਰੂਹ ਵੀ ਜਿਵੇਂ ਨਸ਼ਿਆਈ ਹੋਈ ਸੀ।

"ਮਰ ਓਏ ਥੋਡੀ!" ਕਾਮਰਾ ਸੋਚਣ ਲੱਗਿਆ, ਤਾਈਓਂ ਮੈਂ ਕਹਾਂ, ਅਕਸਰ ਕਿਹੜੀਆਂ ਸਟੇਟਮੈਂਟਾਂ ਬਣਾਉਂਦੇ ਰਹਿੰਦੇ ਨੇ ਸੁਪਰਡੈਂਟ ਸਾਹਬ? ਫੇਰ ਹੈੱਡ ਬਾਊ ਬਲਵੰਤ ਕਹਿੰਦੈ, ਸਟੇਟਮੈਂਟ ਪੈੱਨ ਡ੍ਰਾਈਵ 'ਚ ਪਾ ਦਿਆ ਜੇ ਸੁਪਰਡੈਂਟ ਸਾਹਬ, ਘਰੇ ਜਾ ਕੇ ਪੂਰੀ ਕਰ ਲਊਂ ਮੈਂ। ਅੱਜਕਲ੍ਹ ਤਾਂ ਮਾਂ-ਚੋ... ਜਗਦੀਸ਼ ਵੀ... !

ਪੋਰਨ ਸਟਾਰ ਸੰਨੀ ਲਿਓਨ ਤਾਂ ਕਲ੍ਹ ਦੀ ਗੱਲ ਹੈ, ਪਹਿਲਾਂ ਹੀ ਬੜਾ ਕੁਝ ਪਤੈ ਕਾਮਰੇ ਨੂੰ। ਪਰ ਚਰਚਾ ਦਾ ਵਿਸ਼ਾ ਰੋਜ਼ਾਨਾ ਕੋਈ ਕਰੰਟ ਟੌਪਿਕ ਹੀ ਹੁੰਦੈ। ਇਕ ਦਿਨ ਚੰਦਰੂ ਨੇ ਗੱਲ ਛੇੜੀ ਸੀ, "ਕਾਮਰਾ ਸਾਹਬ ਅੱਜਕਲ੍ਹ ਤਾਂ ਮੁੰਡੇ ਮੋਬਾਇਲਾਂ 'ਚ ਕਿੰਨਾ ਕੁਝ ਪਾਈ ਫਿਰਦੇ ਨੇ, ਮੋਬਾਇਲਾਂ ਨੂੰ ਨ੍ਹੀਂ ਖਰਾਬ ਕਰਦਾ ਵਾਇਰਸ?"

"ਤੈਨੂੰ ਨਹੀਂ ਪਤਾ ਚੰਦਰਿਆ, ਮੋਬਾਇਲ ਦਾ ਸਿਸਟਮ ਹੋਰ ਹੁੰਦੈ। ਉੱਥੇ ਕਲਿੱਪ ਸੇਵ ਹੁੰਦੀ ਐ ਮੈਮਰੀ ਕਾਰਡ 'ਚ ਤੇ ਵਾਇਰਸ ਚਲਿਆ ਜਾਂਦੈ ਮੁੰਡਿਆਂ ਦੇ ਦਿਮਾਗ਼ 'ਚ...।" ਅਖੌਤੀ ਐਕਸਪਰਟ ਵਾਂਗ ਦੱਸ ਰਿਹਾ ਸੀ ਕਾਮਰਾ।

ਸੁਣਨ ਸਾਰ ਜਗਦੀਸ਼ ਦਾ ਹੱਥ ਝੱਟ ਮੋਬਾਇਲ ਵੱਲ ਚਲਿਆ ਗਿਆ ਸੀ।

"ਚਲ ਛੱਡ ਚੰਦਰਿਆ, ਤੂੰ ਨਹੀਂ ਸਮਝੇਂਗਾ।" ਕਹਿੰਦਿਆਂ ਕਾਮਰੇ ਨੇ ਸੁਪਰਡੈਂਟ ਵੱਲ ਦੇਖਿਆ। ਸੁਪਰਡੈਂਟ ਨੇ ਬਲਵੰਤ ਵੱਲ ਤੇ ਬਲਵੰਤ ਨੇ ਬਾਡੀ ਲੈਂਗੁਏਜ ਤੋਂ ਇਉਂ ਸ਼ੋਅ ਕੀਤਾ, ਜਿਵੇਂ ਕਿ ਉਸਨੇ ਕੋਈ ਸੀਕਰੇਸੀ ਲੀਕ ਨਹੀਂ ਕੀਤੀ। ਜਾਂ ਸੁਪਰਡੈਂਟ ਦਾ ਭਾਵ ਆਫਿਸ ਡੈਕੋਰਮ ਤੋਂ ਹੋਣਾ।

ਆਫਿਸ ਡੈਕੋਰਮ ਬਣਾਈ ਰੱਖਣ ਲਈ ਕਾਮਰੇ ਨੂੰ ਗੱਲ ਦਾ ਰੁਖ ਬਦਲਨਾ ਵੀ ਆਉਂਦਾ ਸੀ। ਸਾਰੀ ਉਮਰ ਉਸਨੇ ਗੱਲਾਂ ਦੀ ਹੀ ਖੱਟੀ ਖਾਧੀ ਹੈ, ਡੱਕਾ ਤੋੜ ਕੇ ਤਾਂ ਕਦੇ ਦੂਹਰਾ ਕੀਤਾ ਹੀ ਨਹੀਂ।

"ਓ ਯਾਰਾਂ ਵੱਜ ਗਏ ਮਾਂ-ਚੋ... ਨਾ ਚਾਹ ਆਈ ਨਾ ਸਮੋਸੇ... ਇਹ ਹੋ ਕੀ ਰਿਹੈ ਮੁਲਕ 'ਚ? ਸਰਕਾਰ ਨਾਂ ਦੀ ਵੀ ਕੋਈ ਚੀਜ਼ ਹੈ ਜਾਂ ਨਹੀਂ? ਓਏ ਟੱਲੀ! ਸਾਲ਼ਿਆ, ਸਾਰਾ ਦਿਨ ਕਾਮ-ਰਸ, ਕਦੇ ਕੰਮ ਵੀ ਕਰ ਲਿਆ ਕਰ ਭੇਰਾ। ਮਾਂ-ਚੋ... ਕੰਨ-ਮੈਥੁਨ ਜਾਂ ਚਸ਼ਮ-ਮੈਥੁਨ। ਬਸ? ਚਾਹ ਦਾ ਕਰ ਪਤਾ! " ਕਾਮਰਾ ਸਾਹਿਬ ਨੇ ਇਉਂ ਬਦਲਿਆ ਸੀ ਫੇਰ ਗੱਲਾਂ ਦਾ ਰੁਖ਼। ਫੇਰ ਵਿਚਾਲੇ ਬੋਲ ਪਿਆ ਸੀ ਚੰਦਰੂ, "ਸਰ ਜੀ, ਫਾਸਟ-ਟ੍ਰੈਕ ਕੋਰਟਾਂ ਜੇਕਰ ਬਣ ਜਾਣ ਬਲਾਤਕਾਰੀਆਂ ਖਾਤਰ?"

''ਓਏ ਢਕਿਆ ਰਹਿ ਚੰਦਰਿਆ! ਕਮਲ਼ੀਆਂ ਗੱਲਾਂ ਨਾ ਕਰ! ਉਹ ਸਾਰੇ ਲੀਡਰ ਅੰਦਰ ਨਾ ਹੋ ਜਾਣਗੇ, ਜਿਨ੍ਹਾਂ 'ਤੇ ਅਜਿਹੇ ਕੇਸ ਦਰਜ ਨੇ। ਦੇਸ਼ ਨੂੰ ਰਹਨੁਮਾਈ ਕੌਣ ਦੇਵੇਗਾ ਫੇਰ...? ਜਦੋਂ ਤਕ ਤੁਹਾਡਾ ਉਹ ਛੋਟੂ ਚਾਲ੍ਹੀ-ਪੰਜਾਹ ਲੀਡਰ ਪੈਦਾ ਕਰੇਗਾ, ਉਦੋਂ ਤਕ ਤਾਂ ਗੱਡੀ ਚਲਾਉਣੀ ਹੈ ਕਿ ਨਹੀਂ...?'' ਕਾਮਰੇ ਨੇ ਚੋਟ ਜਿਹੀ ਮਾਰੀ ਤੇ ਫਿਰ ਮੁਖਾਤਬ ਹੋਏ ਸੁਪਰਡੈਂਟ ਸਾਹਬ ਨੂੰ, ''ਜਨਾਬੇ ਆਲਾ, ਤੁਸੀਂ ਉਹ ਕਹਿ ਰਹੇ ਸੀ ਨਾ, ਵਾਇਰਸ... ਨਾ ਸੱਚ, ਕੋਈ ਸਜ਼ਾ ਵਗ਼ੈਰਾ ਬਾਰੇ...?''

''ਹਾਂ, ਸਜ਼ਾ ਵਗ਼ੈਰਾ ਬਾਰੇ ਤਾਂ ਇਉਂ ਹੈ ਕਾਮਰਾ ਜੀ, ਕਿ ਸੈਸ਼ਨ ਕੋਰਟ ਨੇ ਦੋਸ਼ੀ ਨੂੰ ਸਜ਼ਾ ਦੇ ਦਿੱਤੀ... ਹੈਂ ਜੀ?''

''ਜੀ ਜਨਾਬ।'' ਕਾਮਰੇ ਨੇ ਹੁੰਗਾਰਾ ਭਰਿਆ।

''ਹਾਈਕੋਰਟ ਨੇ ਵੀ ਉਸ ਸਜ਼ਾ ਨੂੰ ਬਰਕਰਾਰ ਰੱਖਿਆ...।''

''ਬਿਹਤਰ ਜਨਾਬ।''

''ਸੁਪਰੀਮ ਕੋਰਟ ਨੇ ਸਗੋਂ ਉਸਨੂੰ ਹੋਰ ਵਧਾ ਦਿੱਤਾ...।''

''ਹੋਇਆ ਹੈ ਜੀ ਇੰਝ ਵੀ, ਕਈ ਕੇਸਾਂ ਵਿਚ।''

''ਤੇ ਫਿਰ ਰਾਸ਼ਟਰਪਤੀ ਜੀ ਨੇ ਉਸਨੂੰ ਦੇ ਦਿੱਤੀ ਮਾਫੀ... ਅਜਿਹਾ ਵੀ ਤਾਂ ਹੋ ਹੀ ਰਿਹੈ ਨਾ...? ਤਦ...?'' ਸੁਪਰਡੈਂਟ ਸਾਹਬ ਤਾਂ ਇਕ ਹੋਰ ਨਵਾਂ ਸੱਪ ਕੱਢ ਲਿਆਏ ਸੀ, ਚੁੰਝ-ਚਰਚਾ ਖਾਤਰ।

''ਤਦ ਤਾਂ ਵਜਾਉਂਦੇ ਰਹੋ ਛੁਣਛੁਣਾ...।''

ਛੁਣਛੁਣਾ ਹੀ ਤਾਂ ਵਜਾ ਰਹੇ ਸੀ ਉਹ। ਵੱਡਾ ਸਾਹਬ ਸੀ ਨਹੀਂ ਤੇ ਸੁਪਰਡੈਂਟ ਸਾਹਬ ਮਹਿਫਲ ਵਿਚ ਸਨ ਹੀ। ਸੋ ਨਾ ਕੋਈ ਡਰ ਨਾ ਫਿਕਰ। ਇਕ ਵਾਰ ਫਿਰ ਕਾਮਰਾ ਦੱਸਣ ਲੱਗਿਆ, ਬੰਦੇ ਦੇ ਵੱਖ-ਵੱਖ ਲਿੰਗਾਂ ਬਾਰੇ। ਇਕ ਨਵੇਂ ਐਂਗਲ ਤੋਂ। ਆਪਣੀ ਉਹ ਔਬਜ਼ਰਵੇਸ਼ਨ ਵੀ ਕਿ ਬਲਾਤਕਾਰੀਆਂ ਨੂੰ ਨਪੁੰਸਕ ਬਣਾਉਣ ਤੋਂ ਬਾਅਦ ਉਸਦੇ ਬਾਕੀ ਲਿੰਗਾਂ 'ਤੇ ਕੀ ਅਸਰ ਪਵੇਗਾ। ਮਤਲਬ ਨਪੁੰਸਕ ਹੋਏ ਲਿੰਗ ਵਾਲੀ ਸਮਰੱਥਾ ਹੋਰ ਅਦ੍ਰਿਸ਼ ਲਿੰਗਾਂ ਵੱਲ ਵੀ ਡਾਇਵਰਟ ਹੋ ਸਕਦੀ ਹੈ ਤੇ ਫਿਰ ਦਿਮਾਗ਼ ਨੂੰ ਚੜ੍ਹ ਕੇ ਕੀ ਪੁਆੜਾ ਪਾਊ, ਤੁਸੀਂ ਖ਼ੁਦ ਅੰਦਾਜ਼ਾ ਲਾ ਸਕਦੇਓਂ। ਜਿਵੇਂ ਕਹਿੰਦੇ ਨੇ ਨਾ, ਅੰਨ੍ਹੇ-ਕਾਣੇ ਦੀ ਇਕ ਰਗ ਵਧ ਹੁੰਦੀ ਹੈ...।

''ਪਰ ਕਾਮਰਾ ਸਾਹਬ...?''

''ਓ ਜਨਾਬੇ ਆਲਾ, ਦਿਖਣ ਵਾਲੀ ਚੀਜ਼ ਓਨੀ ਖ਼ਤਰਨਾਕ ਨਹੀਂ ਹੋ ਸਕਦੀ ਜਿੰਨੀ ਕਿ ਨਾ ਦਿਖਣ ਵਾਲੀ।'' ਫਿਰ ਕੁਝ ਸੋਚ ਕੇ ਕਹਿੰਦਾ, ''ਵੱਧ ਤੋਂ ਵੱਧ ਕਿੰਨੇ ਇੰਚ... ਹੈਂ ਬਾਊਜੀ? ਪਰ ਜੋ ਲਿੰਗ ਦਿਮਾਗ਼ ਵਿਚ ਹੈ ਨਾ, ਉਸਨੂੰ ਬੱਸ ਦੇ ਟਾਇਰ ਖੋਲ੍ਹਣ ਵਾਲੀ ਰਾੜ ਵਿਚ ਵਟੀਂਦਿਆਂ ਦੇਰ ਨਹੀਂ ਲੱਗਦੀ...।''

ਤਮਾਮ ਮਹਿਫਲ ਨੂੰ ਧੁੜਧੁੜੀ ਜਿਹੀ ਛਿੜੀ। ਜਿਵੇਂ ਕਿ ਰਾੜ ਨਾਲ ਸਾਰਿਆਂ ਦੀਆਂ ਆਂਦਰਾਂ ਬਾਹਰ ਆ ਗਈਆਂ ਹੋਣ। ਮਹਿਫਲ ਵਿਚ ਸ਼ਮਸ਼ਾਨ ਵਰਗੀ ਖਾਮੋਸ਼ੀ ਪਸਰ ਗਈ। ਕਾਫ਼ੀ ਦੇਰ ਤੱਕ ਪਸਰੀ ਰਹੀ। ਮੁੰਡੂ ਟੇਬਲ 'ਤੇ ਚਾਹ-ਸਮੋਸੇ ਧਰ ਗਿਆ ਸੀ। ਲੱਗਦਾ ਸੀ ਸਾਰਿਆਂ ਦੇ ਮੂੰਹ ਦਾ ਸਵਾਦ ਕੁਸੈਲਾ ਜਿਹਾ ਹੋ ਗਿਐ। ਅਜਿਹੇ ਹਾਲਾਤ ਵਿਚ ਕਿਹੜਾ ਭੜੂਆ ਸਮੋਸੇ ਖਾ ਸਕਦਾ ਸੀ।

ਕਾਮਰੇ ਦਾ ਤਾਂ ਸਾਹ ਜਿਵੇਂ ਅੰਦਰ ਹੀ ਅੰਦਰ ਘੁੱਟਦਾ ਜਾ ਰਿਹਾ ਸੀ। ਚਾਣਚੱਕ ਉਸਨੇ ਹੂੰਝਾ ਜਿਹਾ ਫੇਰਦਿਆਂ ਖੱਬਾ ਹੱਥ ਟੇਬਲ 'ਤੇ ਪੂਰੇ ਜ਼ੋਰ ਨਾਲ ਇਸ ਤਰ੍ਹਾਂ ਮਾਰਿਆ ਕਿ ਸਾਰੇ ਸਮੋਸੇ-ਸਮੂਸੇ, ਕੱਪ-ਸ਼ੱਪ ਠਾਹ ਕਰਕੇ ਫਰਸ਼ 'ਤੇ ਜਾ ਡਿੱਗੇ। ਬੋਲਿਆ, ''ਯਾਰ...! ਏਨਾ ਤਾਂ ਨਹੀਂ ਮੈਂ ਗਿਰਿਆ ਹੋਇਆ!'' ਫਿਰ ਬੁੜਬੁੜਾਉਣ ਲੱਗਾ, ''ਮਾਂ-ਚੋ... ਕਾਨੂੰਨਾਂ ਦੀ ਪਹਿਲਾਂ ਕੋਈ



ਕਮੀ ਹੈ ਦੇਸ਼ ਵਿਚ?'' ਤੇ ਅਚਾਨਕ ਰੋਣਹਾਕਾ ਹੋ ਗਿਆ, ''ਧੀ-ਧਿਆਣੀ ਸੀ ਉਹ ਕਿਸੇ ਦੀ... ਸਾਡੀ ਵੀ ਹੋ ਸਕਦੀ ਸੀ... ਹੋ ਵੀ ਸਕਦੀ ਐ...।'' ਅਜੀਬ ਕਿਸਮ ਦੀ ਪਰਸਨਲਟੀ ਹੈ ਕਾਮਰਾ ਵੀ। 'ਕੱਲਾ ਕਾਮਰਾ ਕੀ, ਸਾਰਾ ਆਲ਼ਾ-ਦੁਆਲ਼ਾ ਹੀ ਅਜੀਬੋਗਰੀਬ ਨਮੂਨਿਆਂ ਨਾਲ ਭਰਿਆ ਪਿਐ।

ਸੋਗੀ ਜਿਹੇ ਮਾਹੌਲ ਵਿਚੋਂ ਉੱਠ ਕੇ ਸਾਰੇ ਆਪੋ-ਆਪਣੀਆਂ ਸੀਟਾਂ 'ਤੇ ਜਾਣ ਲੱਗੇ। ਪਤਾ ਨਹੀਂ ਅਚਣਚੇਤ ਇਹ ਲੰਡੂ ਜਿਹੇ ਦਿਸਣ ਵਾਲੇ ਬੰਦੇ ਕਿਸਦੇ ਦੁੱਖ ਵਿਚ ਏਨੇ ਦੁਖੀ ਹੋ ਗਏ ਸੀ। ਦੁੱਖ ਜਾਂ ਗੁੱਸੇ ਦਾ ਆਲਮ ਤਾਂ ਦਰਅਸਲ ਇਹ ਸੀ ਕਿ ਸਰਕਾਰ ਵੱਲੋਂ ਬੇਸ਼ਰਮ, ਬੇਹੂਦਾ ਰੋਕਾਂ ਦੇ ਬਾਵਜੂਦ ਹਜ਼ਾਰਾਂ ਮੁੰਡੇ-ਕੁੜੀਆਂ ਇੰਡੀਆ ਗੇਟ 'ਤੇ ਪਹੁੰਚ ਕੇ ਰੋਸ ਮੁਜ਼ਾਹਰਾ ਕਰ ਰਹੇ ਸੀ। ਉਸਦੇ ਹੱਕ ਵਿਚ, ਜਿਸਨੂੰ ਉਹ ਨਾ ਕਦੇ ਮਿਲੇ ਸੀ, ਨਾ ਜਾਣਦੇ ਸੀ।

''ਉਸ ਲੜਕੀ ਦੀ ਸ਼ਕਲ ਜਾਂ ਨਾਮ ਕਿਸੇ ਨੂੰ ਵੀ ਪਤਾ ਨਹੀਂ। ਫਿਰ ਵੀ ਸਾਰਾ ਦੇਸ਼ ਉਸਦੇ ਨਾਲ ਹੈ। ਉਸਦੇ ਦੁੱਖ ਵਿਚ ਦੁਖੀ ਹੈ। ਅਜਿਹਾ ਕਿਉਂ? ਕੌਣ ਹੈ ਉਹ ਲੜਕੀ?'' ਭਾਬੀ ਨੇ ਗੱਲ ਚਲਾਈ ਸੀ।

ਸੁਣ ਕੇ ਦਾਮਿਨੀ ਸੋਚਣ ਲੱਗੀ। ਮੂਰਤੀ-ਪੂਜਕਾਂ ਦੇ ਦੇਸ਼ ਵਿਚ, ਜਿੱਥੇ ਪ੍ਰਤੀਕਾਂ ਦੇ ਸਹਾਰੇ ਤੋਂ ਬਿਨਾਂ ਤਾਂ ਇਕ ਵੀ ਕਦਮ ਚੁੱਕਣਾ ਕਿੰਨਾ ਔਖਾ ਹੁੰਦਾ ਹੈ, ਉੱਥੇ ਇਹ ਅਣਹੋਣੀ ਗੱਲ ਹੀ ਲੱਗਦੀ ਹੈ।

ਅਣਹੋਣੀ ਗੱਲ ਹੀ ਤਾਂ ਹੋਈ ਸੀ ਉਸ ਦਿਨ ਵੀ। ਸਾਲ 2012 ਬੀਤਣ 'ਚ ਹਾਲੇ ਪੰਦਰਾਂ ਦਿਨ ਬਾਕੀ ਸਨ ਕਿ ਸਾਰੇ ਜਹਾਂ ਸੇ ਅੱਛੇ ਹਿੰਦੋਸਤਾਂ ਦੀ ਰਾਜਧਾਨੀ ਦਿੱਲੀ ਵਿਚ ਇਨਸਾਨੀਅਤ ਸ਼ਰਮਸਾਰ ਹੋ ਗਈ ਸੀ। ਚਲਦੀ ਬੱਸ ਵਿਚ ਛੇ ਜਣਿਆਂ ਨੇ ਇਕ ਲੜਕੀ ਨਾਲ ਗੈਂਗਰੇਪ ਤੇ ਜ਼ਾਲਿਮਾਨਾ ਹਿੰਸਾ ਕੀਤੀ ਸੀ। ਜ਼ਾਲਿਮਾਨਾ ਹਿੰਸਾ ਦੀ ਕਿਹੜੀ ਕੋਈ ਹੱਦ ਸੀ? ਬੱਸ ਦੇ ਟਾਇਰ ਖੋਲ੍ਹਣ ਵਾਲੀ ਰਾੜ ਨਾਲ ਉਸਦੇ ਗੁਪਤ ਅੰਗਾਂ ਦੇ ਰਸਤੇ ਛੋਟੀ-ਵੱਡੀ ਦੋਨੋ ਆਂਦਰਾਂ ਨਸ਼ਟ ਕਰ ਦਿੱਤੀਆਂ ਸੀ। ਅਜਿਹਾ ਨਾ ਕਦੇ ਕਿਸੇ ਨੇ ਸੁਣਿਆ, ਨਾ ਕਲਪਨਾ ਹੀ ਕੀਤੀ ਸੀ। ਸੁਣ ਕੇ ਸਾਰਾ ਦੇਸ਼ ਦਹਿਲ ਗਿਆ ਸੀ। ਦੇਸ਼ ਦੀ ਯੁਵਾ ਸ਼ਕਤੀ, ਖ਼ਾਸਕਰ ਨੌਜਵਾਨ ਲੜਕੀਆਂ ਸੜਕਾਂ 'ਤੇ ਉਤਰ ਆਈਆਂ ਸੀ। ਤੇ ਇਸ ਘ੍ਰਿਣਤ ਕਾਰੇ ਦੇ ਖਿਲਾਫ਼ ਆਪ ਮੁਹਾਰੇ ਇਕ ਅੰਦੋਲਨ ਛਿੜ ਪਿਆ ਸੀ। ਇਸ ਮਸਲੇ ਨਾਲ ਜੁੜੇ ਵੱਖ-ਵੱਖ ਪਹਿਲੂਆਂ ਬਾਰੇ ਮੀਡੀਆ ਵਿਚ ਗਰਮਾ-ਗਰਮ ਬਹਿਸਾਂ ਛਿੜੀਆਂ ਹੋਈਆਂ ਸਨ। ਮੀਡੀਏ ਨੇ ਪੀੜਤ ਲੜਕੀ ਦਾ ਕਾਲਪਨਿਕ ਨਾਂ ਦਾਮਿਨੀ ਰੱਖ ਲਿਆ ਸੀ। ਕਿਉਂਕਿ ਕਾਨੂੰਨਨ ਅਸਲੀ ਪਹਿਚਾਣ ਨਹੀਂ ਸੀ ਦੱਸੀ ਜਾਣੀ।

ਵੀਕਲੀ ਔਫ ਤੋਂ ਬਾਅਦ ਦਾਮਿਨੀ ਡਿਊਟੀ 'ਤੇ ਪਹੁੰਚੀ ਤਾਂ ਨਾ ਹੈਲੋ ਨਾ ਹਾਏ, ਲੈਬ ਅਟੈਂਡੈਂਟ ਸਤਵਿੰਦਰ ਦੇਖਣ ਸਾਰ ਬੋਲਿਆ ਸੀ, ''ਦਾਮਿਨੀ, ਇਹ ਕੀ ਹੋ ਰਿਹੈ ਬਈ? ਅਸੀਂ ਤਾਂ ਸੋਚਿਆ...।''

''ਕੀ?''

''ਟੀ.ਵੀ. ਨਹੀਂ ਦੇਖਿਆ?''

''ਮੈਂ ਸਮਝੀ ਨਹੀਂ...?''

''ਨਹੀਂ, ਕੁਝ ਨਹੀਂ, ਮੈਂ ਤਾਂ ਮਜ਼ਾਕ...।'' ਸ਼ਰਮਿੰਦਾ ਜਿਹਾ ਹੁੰਦਿਆਂ ਉਹ ਕਹਿ ਰਿਹਾ ਸੀ।

ਇਹ ਤਾਂ ਖ਼ੈਰ, ਨੌਜਵਾਨ ਮੁੰਡਾ ਸੀ, ਇਸਦੀ ਗੱਲ ਨੂੰ ਮਜ਼ਾਕ ਮੰਨਿਆ ਜਾ ਸਕਦਾ ਸੀ। ਜੇ ਨਾਬਾਲਗ ਹੁੰਦਾ ਤਾਂ ਕਾਨੂੰਨਨ ਵਾਧੂ ਸੁਵਿਧਾਵਾਂ ਵੀ ਸਨ ਇਸ ਲਈ, ਪਰ ਜਦ ਅੱਧਖੜ ਸ਼ਰਮਾ ਜੀ ਨੇ ਵੀ ਉਸੇ ਤਰ੍ਹਾਂ ਦੀ ਗੱਲ ਕੀਤੀ, ''ਓਏ ਦਾਮਿਨੀ... ਤੂੰ ਠੀਕ ਤਾਂ ਹੈ ਨਾ...?

ਮਖਿਆ ਪਰਸੋਂ ਤਾਂ ਠੀਕ-ਠਾਕ ਡਿਊਟੀ ਕਰਕੇ ਗਈ ਸੀ, ਰਾਤੋ-ਰਾਤ ਕਿਵੇਂ ਟੀ.ਵੀ. 'ਤੇ...? ਪਤਾ ਨ੍ਹੀਂ ਲੱਗਦਾ ਬਈ ਅੱਜਕਲ੍ਹ ਕਿਸੇ ਗੱਲ ਦਾ ਵੀ...?" ਤਾਂ ਦਾਮਿਨੀ ਦਾ ਖ਼ੂਨ ਉਬਾਲ਼ੀਆਂ ਲੈਣ ਲੱਗ ਪਿਆ ਸੀ।

ਉਹ ਖ਼ੁਦ 'ਤੇ ਕਾਬੂ ਜਿਹਾ ਰੱਖਦਿਆਂ ਬੋਲੀ, "ਤੁਸੀਂ ਠੀਕ ਕਹਿ ਰਹੇ ਹੋ ਸ਼ਰਮਾ ਜੀ। ਇੱਥੇ ਕਿਸੇ ਨਾਲ ਕੁਝ ਵੀ ਹੋ ਸਕਦੈ। ਕਦੇ ਵੀ। ਹੁਣ ਕਿਹੜਾ ਪਤੈ, ਕਿਸ ਨਾਲ ਕੀ ਹੋਣ ਵਾਲਾ ਹੈ।" ਉਸ ਨੇ ਸਖ਼ਤੀ ਨਾਲ ਸ਼ਰਮਾ ਜੀ ਵੱਲ ਦੇਖਿਆ। ਬੜੀ ਹੀ ਬੇਸ਼ਰਮੀ ਨਾਲ ਦਾਮਿਨੀ ਦੀਆਂ ਛਾਤੀਆਂ ਦਾ ਐਕਸਰੇ ਕਰ ਰਹੀਆਂ ਨਜ਼ਰਾਂ ਫਿਰ ਸ਼ਰਮਾ ਜੀ ਨੇ ਛਿੱਥਾ ਜਿਹਾ ਪੈਂਦਿਆਂ ਹਟਾ ਲਈਆਂ ਸਨ।

ਉਹ ਸੋਚਣ ਲੱਗੀ, ਕੀ ਇਹ ਗੈਂਗਰੇਪ ਸਾਰੀਆਂ ਦਾਮਿਨੀਆਂ ਨਾਲ ਨਹੀਂ ਹੋਇਆ? ਅਜਿਹਾ ਹੀ ਤਾਂ ਹੁੰਦਾ ਹੈ ਇੱਥੇ। ਇਕ ਫਿਲਮੀ ਆਇਟਮ ਸੌਂਗ ਤੋਂ ਬਾਅਦ ਕਿੰਨੀਆਂ ਹੀ ਸ਼ੀਲਾ ਤੇ ਮੁੰਨੀਆਂ ਦਾ ਜੀਣਾ ਹਰਾਮ ਹੋ ਜਾਂਦਾ ਹੈ। ਉਹ ਦਾਮਿਨੀ ਜੋ ਪੜ੍ਹ-ਲਿਖ ਕੇ ਕੁਝ ਬਣਨਾ ਚਾਹੁੰਦੀ ਸੀ। ਜੋ ਸੁਪਨੇ ਦੇਖਦੀ ਸੀ। ਜਿਸਦੇ ਮਨ ਵਿਚ ਪ੍ਰੇਮ ਦੀਆਂ ਕਰੂੰਬਲਾਂ ਫੁਟ ਰਹੀਆਂ ਸਨ। ਜੋ ਆਪਣੇ ਛੋਟੇ ਭਰਾ-ਭੈਣਾਂ ਲਈ ਕੁਝ ਕਰਨਾ ਚਾਹੁੰਦੀ ਸੀ। ਜਿਸਦੇ ਮਨ ਵਿਚ ਮਲਟੀਪਲੈਕਸ ਵਿਚ ਸਿਨੇਮਾ ਦੇਖਣ ਵਰਗੀਆਂ ਨਿੱਕੀਆਂ-ਨਿੱਕੀਆਂ ਕੋਮਲ ਖਵਾਹਸ਼ਾਂ ਪੈਦਾ ਹੁੰਦੀਆਂ ਸਨ। ਲੋਕਾਂ ਨੂੰ ਲੱਗਿਆ ਹੋਵੇਗਾ, ਉਹ ਕਿਸੇ ਦੀ ਵੀ ਭੈਣ ਜਾਂ ਧੀ ਹੋ ਸਕਦੀ ਹੈ। ਸ਼ਾਇਦ ਇਹੀ ਕਾਰਨ ਹੋਵੇਗਾ ਕਿ ਹਜ਼ਾਰਾਂ ਲੋਕ ਇੰਡੀਆ ਗੇਟ 'ਤੇ ਪਹੁੰਚ ਰਹੇ ਸੀ।

ਇਹ ਵੀ ਸ਼ਾਇਦ ਪਹਿਲੀ ਵਾਰ ਹੋਇਆ ਕਿ ਵਰ੍ਹਿਆਂ ਤੋਂ ਡੂੰਘੀ ਨੀਂਦਰ ਸੁੱਤੇ ਪਏ ਰਾਸ਼ਟਰਪਤੀ ਭਵਨ ਦਾ ਦਰਵਾਜ਼ਾ ਨੌਜਵਾਨਾਂ ਨੇ ਇਨਸਾਫ ਲਈ ਖੜਕਾਇਆ ਸੀ। ਨਹੀਂ ਇੱਥੋਂ ਤਾਂ ਸਿਰਫ ਤਰਸ ਦੀ ਭੀਖ ਹੀ ਮੰਗੀ ਜਾਂਦੀ ਰਹੀ ਸੀ।

ਦਾਮਿਨੀ ਦਾ ਉਹ ਦਿਨ ਬਹੁਤ ਕਠਿਨ ਗੁਜ਼ਰਿਆ ਸੀ। ਉਹ ਸੋਚਣ ਲੱਗੀ, ਕਿੰਨ੍ਹਾਂ ਲੋਕਾਂ 'ਚ ਘਿਰੀ ਹੋਈ ਹੈ ਉਹ? ਉਸਨੂੰ ਯਾਦ ਆਇਆ, ਟੀ.ਵੀ. 'ਤੇ ਚਲਦੀ ਬਹਿਸ ਵਿਚ ਪੁਲਿਸ ਦਾ ਕਹਿਣਾ ਸੀ ਕਿ ਬਹੁਗਿਣਤੀ ਕੇਸਾਂ ਵਿਚ ਤਾਂ ਕੋਈ ਨੇੜਲਾ ਸਾਕ-ਸੰਬੰਧੀ ਜਾਂ ਕੋਈ ਦੋਸਤ-ਮਿੱਤਰ ਹੀ ਇਨਵੋਲਵ ਹੁੰਦਾ ਹੈ।

ਡਿਊਟੀ ਜਨਰਲ ਵਾਰਡ ਵਿਚ ਹੋਣ ਦੇ ਬਾਵਜ਼ੂਦ ਉਸ ਦਿਨ ਦਾਮਿਨੀ ਦੋ-ਤਿੰਨ ਵਾਰੀ ਉਸ ਗੈਂਗਰੇਪ ਦੀ ਸ਼ਿਕਾਰ ਮੁਟਿਆਰ ਨੂੰ ਆਈ.ਸੀ.ਯੂ. ਵਿਚ ਦੇਖਣ ਗਈ ਸੀ।

ਡਿਊਟੀ ਖ਼ਤਮ ਕਰਕੇ ਦਾਮਿਨੀ ਜਿਉਂ ਹੀ ਹਸਪਤਾਲ 'ਚੋਂ ਨਿਕਲੀ, ਸਾਹਮਣਿਉਂ ਕਾਲਿਜ ਦੇ ਮੁੰਡੇ-ਕੁੜੀਆਂ ਦਾ ਲੰਮਾ ਜਲੂਸ ਆਉਂਦਾ ਦਿਸਿਆ। ਦਿੱਲੀ ਗੈਂਗਰੇਪ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦੀ ਮੰਗ ਦੀਆਂ ਤਖਤੀਆਂ, ਤਾਂ ਕੁਝ ਨੇ ਜਗਦੀਆਂ ਮੋਮਬੱਤੀਆਂ ਹੱਥਾਂ ਵਿਚ ਫੜੀਆਂ ਹੋਈਆਂ ਸਨ। ਜ਼ਿਆਦਾਤਰ ਚੁੱਪਚਾਪ ਚੱਲ ਰਹੇ ਸੀ ਤਾਂ ਕੁਝ ਚਾਮ੍ਹਲੇ ਜਿਹੇ ਹੋਏ ਜੁਆਕ ਨਾਹਰੇ ਵੀ ਲਗਾ ਰਹੇ ਸੀ।

ਜਲੂਸ ਹਾਲੇ ਅੱਧਾ-ਕੁ ਹੀ ਲੰਘਿਆ ਸੀ ਕਿ ਉਸ 'ਚੋਂ ਮੁੰਡਿਆਂ ਦੇ ਇਕ ਟੋਲੇ ਦੇ ਨਾਹਰੇ ਹੋਰ ਉੱਚੇ ਹੋ ਗਏ।

'ਵੀ ਵਾਂਟ...?' ਤੇ ਜਸਟਿਸ ਦੀ ਥਾਂ ਕੋਈ ਅਪਸ਼ਬਦ ਬੋਲ ਰਹੇ ਸੀ ਉਹ। ਵਿੱਚੇ ਕੋਈ ਦਾਮਿਨੀ ਵੱਲ ਦੇਖ ਕੇ 'ਮੇਰੀ ਜਾਨ... ਮੇਰੀ ਜਾਨ...!' ਤੇ ਕੁਝ ਹੋਰ ਵੀ ਬੋਲ ਰਿਹਾ ਸੀ। ਨਾਹਰੇ ਲਗਾਉਣ ਵਾਲਿਆਂ ਦੇ ਉੱਠ ਰਹੇ ਹੱਥ ਹੁਣ ਹਵਾ ਵਿਚ ਹੀ ਹਸਤ-ਮੈਥੁਨ ਕਰਦੇ ਪ੍ਰਤੀਤ ਹੋ ਰਹੇ ਸੀ।



ਦਾਮਿਨੀ ਦੇ ਨਾਲ ਹੀ ਡਿਊਟੀ ਖ਼ਤਮ ਕਰਕੇ ਆਈਆਂ ਦੋ ਸੇਵਾਦਾਰਨੀਆਂ ਵਿਚੋਂ ਇਕ ਕਹਿੰਦੀ, "ਸੜਿਆ ਈ ਪਿਐ ਭਾਈ... ਲਾਹਨਤ ਹੈ ਇਹਨਾਂ ਦੀ ਜੰਮਣ ਵਾਲੀ ਨੂੰ...।"

ਦਾਮਿਨੀ ਖ਼ੁਦ 'ਤੇ ਕਾਬੂ ਰੱਖਦਿਆਂ ਬੋਲੀ, "ਪ੍ਰੇਮੋ, ਗ਼ਲਤ ਕੰਮ ਮਰਦ ਕਰੇ, ਫਿਰ ਵੀ ਲਾਹਨਤ ਔਰਤ ਨੂੰ...?"

ਪ੍ਰੇਮੋ ਨੂੰ ਝੱਟ ਅਹਿਸਾਸ ਹੋ ਗਿਆ ਸੀ ਆਪਣੇ ਸ਼ਬਦਾਂ ਦਾ। ਨਾਲ ਚੱਲ ਰਹੀ ਜਨਕ ਦੁਲਾਰੀ, ਜੋ ਮੁੰਡਿਆਂ ਨੂੰ ਅਵਾ-ਤਵਾ ਬੋਲਣ ਲੱਗ ਪਈ ਸੀ, ਸੁਣ ਕੇ ਕਹਿੰਦੀ, "ਹੋਰ ਨਹੀਂ ਤਾਂ ਕੀ, ਜੇ ਔਰਤ ਕੋਈ ਚੰਗਾ ਕੰਮ ਕਰੇ ਤਾਂ ਅਸੀਸਾਂ ਫੇਰ ਸਾਰੀਆਂ ਮਰਦ ਨੂੰ।"

ਕਿੰਨਾ ਕੁਝ ਦਾਮਿਨੀ ਦੇ ਦਿਮਾਗ਼ ਵਿਚ ਭਰ ਗਿਆ ਸੀ ਉਸ ਦਿਨ। ਜਿਵੇਂ ਕਿ ਸਿਰ ਫਟ ਜਾਵੇਗਾ। ਗੁੱਭ-ਗੁਲ੍ਹਾਟ ਕੱਢਣ ਲਈ ਰਸਤੇ ਵਿਚ ਉਹ ਭਾਬੀ ਕੋਲ ਰੁਕੀ। ਰੋਣਹਾਕੀ ਜਿਹੀ ਹੋ ਰਹੀ ਸੀ। ਭਾਬੀ ਵੱਲੋਂ ਵਾਰ-ਵਾਰ ਪੁੱਛਣ 'ਤੇ ਉਸਦਾ ਰੋਣਾ ਨਿਕਲ ਗਿਆ ਤੇ ਉਹ ਫੁਟ ਪਈ, "ਮੈਂ ਦੱਸਾਂ ਭਾਬੀ, ਗੈਂਗਰੇਪ ਦੀ ਸ਼ਿਕਾਰ ਦਿੱਲੀ ਵਾਲੀ ਉਹ ਕੁੜੀ ਕੌਣ ਤੇ ਕਿਹੋ ਜਿਹੀ ਹੈ...?"

ਭਾਬੀ ਉਸ ਵੱਲ ਹੈਰਾਨੀ ਨਾਲ ਦੇਖ ਰਹੀ ਸੀ।

"ਉਹ ਮੈਂ ਹਾਂ...!" ਦਾਮਿਨੀ ਦਾ ਚਿਹਰਾ ਸਖ਼ਤ ਹੁੰਦਾ ਜਾ ਰਿਹਾ ਸੀ, "ਉਸਦਾ ਨਾਮ ਦਾਮਿਨੀ ਹੀ ਹੈ ਭਾਬੀ... ਤੇ ਇਹ ਹੈ ਉਸਦਾ ਪੂਰਾ ਬਾਇਓ-ਡਾਟਾ...!" ਉਹ ਉੱਠ ਕੇ, ਛਾਤੀ ਤਾਣ ਕੇ ਭਾਬੀ ਦੇ ਸਾਹਮਣੇ ਖੜ੍ਹੀ ਹੋ ਗਈ, "ਸੋਹਣੀ-ਸੁਣੱਖੀ, ਰਿਸ਼ਟ-ਪੁਸ਼ਟ ਦਾਮਿਨੀ... ਸੁੱਘੜ-ਸੁਡੋਲ ਛਾਤੀਆਂ... ਮਿਲਕ ਪਲਾਂਟ... ਇਕ ਕੁਲੀਗ ਅਨੁਸਾਰ ਸਾਧਨਾ ਵਰਗੀ... ਇਕ ਮੁਤਾਬਕ ਸ਼੍ਰੀਦੇਵੀ ਵਰਗੀਆਂ ਅੱਖਾਂ... ਬੁਲ੍ਹ ਹੇਮਾ ਮਾਲਿਨੀ ਵਰਗੇ... ਰਸੀਲੇ... ਜ਼ਰਾ ਜਿੰਨਾ ਇਕਾਂਤ ਮਿਲਣ ਸਾਰ ਸਾਰਿਆਂ ਨੂੰ ਆਪੋ-ਆਪਣੀਆਂ ਹਿਰੋਇਨਾਂ ਮੇਰੇ ਵਿਚੋਂ ਦਿਸਣ ਲੱਗ ਪੈਂਦੀਆਂ ਨੇ... ਸਤਵਿੰਦਰ ਕਹਿੰਦਾ ਸੀ, ਚੀਕਸ ਪ੍ਰੀਟੀ ਜਿੰਟਾ ਵਰਗੇ... ਇਕ ਡਾਕਟਰ ਨੇ ਤਾਂ ਇਕ ਵਾਰੀ... ਚਲ ਛੱਡ ਭਾਬੀ।" ਪਲ-ਕੁ ਰੁਕ ਕੇ ਕਹਿੰਦੀ, "ਅੱਜ ਤਾਂ ਕਈ ਕੁਲੀਗਜ਼ ਨੇ ਪੁੱਛਿਆ, ਦਾਮਿਨੀ, ਕਿਤੇ ਤੇਰੇ ਨਾਲ ਤਾਂ ਨਹੀਂ...? ਭਾਬੀ ਹੁਣ ਤਾਂ ਮੈਨੂੰ ਵੀ ਲੱਗਦੈ...।"

"ਕੀ ਲੱਗਦੈ ਤੈਨੂੰ? ਨਾ ਕੁੜੇ, ਇਉਂ ਨ੍ਹੀਂ ਊਟਪਟਾਂਗ ਸੋਚਿਆ ਕਰਦੇ।" ਭਾਬੀ ਨੇ ਉਸਨੂੰ ਬੁੱਕਲ ਵਿਚ ਲੈ ਲਿਆ ਸੀ। ਪਾਣੀ-ਪੂਣੀ ਪਿਆਇਆ।

"ਆਪਣੀ ਭਾਬੀ ਨੂੰ ਵੀ ਦੱਸੀਂ। ਬਹੁਤ ਜ਼ਰੂਰੀ ਐ ਪੇਰੈਂਟਸ ਨਾਲ ਡਿਸਕੱਸ ਕਰਨਾ?"

"ਨਹੀਂ।"

"ਕਿਉਂ?"

"ਉਨ੍ਹਾਂ ਦਾ ਨਜ਼ਰੀਆ ਹੋਰ ਹੈ। ਨੌਕਰੀ 'ਤੇ ਹੀ ਨਹੀਂ ਜਾਣ ਦੇਣਾ ਫਿਰ ਮੈਨੂੰ।" ਖਦਸ਼ਾ ਸਹੀ ਵੀ ਸੀ। ਜਦਕਿ ਇਸ ਨੌਕਰੀ ਵਿਚ ਤਾਂ ਦਾਮਿਨੀ ਦੀ ਜਾਨ ਸੀ। ਯੋਗ ਵਸੀਲਿਆਂ ਦੀ ਘਾਟ ਕਾਰਨ ਉਹ ਡਾਕਟਰ ਨਹੀਂ ਬਣ ਸਕੀ ਤਾਂ ਕੀ ਹੋਇਆ? ਬਤੌਰ ਸਟਾਫ ਨਰਸ ਸੇਵਾ ਕਰਕੇ ਵੀ ਉਹ ਓਨੀ ਹੀ ਖ਼ੁਸ਼ ਤੇ ਸੰਤੁਸ਼ਟ ਸੀ।

ਭਾਬੀ ਨੇ ਦਾਮਿਨੀ ਵੱਲ ਸਵਾਲੀਆ ਨਜ਼ਰਾਂ ਨਾਲ ਦੇਖਿਆ ਤਾਂ ਉਹ ਬੋਲੀ, "ਉਹ ਮੈਨੂੰ ਦਾਮਿਨੀ ਤੇ ਆਪਣੀ ਪਿਆਰੀ ਧੀ ਨਾਲੋਂ ਘਰ ਦੀ ਇੱਜ਼ਤ ਵੱਧ ਸਮਝਦੇ ਨੇ।"

ਕੁਝ ਪਲ ਦੀ ਖਾਮੋਸ਼ੀ ਤੋਂ ਬਾਅਦ ਦਾਮਿਨੀ ਕਹਿ ਰਹੀ ਸੀ, "ਆਪਣੀ ਭਾਬੀ ਤਾਂ ਇਉਂ ਕਹਿ ਰਹੇ ਹੋ ਜਿਵੇਂ ਕਿ... ਤੁਸੀਂ ਕੀ ਲੱਗਦੇ ਹੋ ਫਿਰ ਮੇਰੇ?"

ਭਾਬੀ ਨੇ ਇਸਦਾ ਜਵਾਬ ਦਾਮਿਨੀ ਨੂੰ ਆਪਣੀ ਹਿੱਕ ਨਾਲ ਘੁੱਟ ਕੇ ਦਿੱਤਾ ਸੀ। ਦਾਮਿਨੀ ਕਿੰਨਾ ਹੀ ਚਿਰ ਇਸ ਮੋਹ ਭਰੀ ਬਾਰਿਸ਼ ਵਿਚ ਭਿੱਜਦੀ ਰਹੀ ਸੀ। ਅੱਗ ਕੁਝ ਠੰਢੀ ਹੋਈ। ਪਰ ਸ਼ੰਕਿਆਂ ਨੇ ਹਾਲੇ ਪੱਲਾ ਕਿੱਥੇ ਛੱਡਿਆ ਸੀ ਉਸਦਾ।

"ਭਾਬੀ, ਇੱਥੇ ਕਦੇ ਵੀ, ਕੁਝ ਵੀ ਹੋ ਸਕਦੈ ਨਾ?"

ਭਾਬੀ ਕੀ ਕਹਿੰਦੀ ਭਲਾ? ਆਲੇ-ਦੁਆਲੇ ਦਾ ਮਾਹੌਲ, ਵਰਤਮਾਨ ਸਮਾਜ ਤੇ ਫਿਰ ਸਾਰਾ ਸਿਸਟਮ ਦਿਮਾਗ਼ ਵਿਚ ਘੁੰਮ ਗਿਆ। ਲੰਮੀ ਖਾਮੋਸ਼ੀ ਤੋਂ ਬਾਅਦ ਬੋਲੀ, "ਏਨਾ ਨਿਰਾਸ਼ ਹੋਣ ਵਾਲੀ ਗੱਲ ਵੀ ਨਹੀਂ ਹੈ ਦਾਮਿਨੀ। ਦੇਖ, ਉਹ ਲੋਕ ਵੀ ਤਾਂ ਆਪਣੇ ਸਮਾਜ 'ਚੋਂ ਹੀ ਹਨ ਨਾ!" ਭਾਬੀ ਦੀ ਉਂਗਲੀ ਇੰਡੀਆ ਗੇਟ 'ਤੇ ਇਕੱਠੇ ਹੋਏ ਟੀ.ਵੀ. ਵਿਚਲੇ ਨੌਜਵਾਨ ਮੁੰਡੇ-ਕੁੜੀਆਂ ਦੇ ਸੈਲਾਬ ਵੱਲ ਸੀ।

ਅਜਿਹਾ ਸੈਲਾਬ ਉਮੜਿਆ ਦਾਮਿਨੀ ਦੇ ਅੰਦਰ ਵਿਰੋਧ ਤੇ ਗੁੱਸੇ ਦਾ ਕਿ ਘਰ ਪੁੱਜਣ ਤਕ ਉਸਨੂੰ ਬੁਖਾਰ ਚੜ੍ਹ ਚੁਕਾ ਸੀ। ਜਿਸਨੇ ਕਈ ਦਿਨਾਂ ਤਕ ਪਿੱਛਾ ਨਾ ਛੱਡਿਆ।

"ਕੀ ਹੋਇਆ ਤੇਰੇ ਬੁਖਾਰ ਦਾ?"

"ਠੀਕ ਹੈ ਭਾਬੀ ਹੁਣ ਤਾਂ। ਕਲ੍ਹ ਡਿਊਟੀ 'ਤੇ ਵੀ ਗਈ ਸੀ।" ਤੇ ਭਾਬੀ ਦੀਆਂ ਅੱਖਾਂ ਵਿਚਲੇ ਸਵਾਲ ਨੂੰ ਪੜ੍ਹ ਕੇ ਕਹਿੰਦੀ, "ਹੁਣ ਤਾਂ ਕਾਫ਼ੀ ਠੀਕ ਹੈ ਉਹ ਲੜਕੀ। ਦਿੱਲੀ ਵਾਲੀ ਘਟਨਾ ਬਾਰੇ ਦੱਸਿਆ ਸੀ ਮੈਂ ਉਸਨੂੰ। ਸੁਣਕੇ ਕਹਿੰਦੀ, ਮੂੰਹ ਤਾਂ ਉਹ ਲੋਕ ਲੁਕੋਣ ਜਿਹਨਾਂ ਨੇ ਇਖਲਾਕ ਤੋਂ ਗਿਰ ਕੇ ਗ਼ਲਤ ਕੰਮ ਕੀਤੈ...!"

"ਕਿਸੇ ਦੀ ਸਰੀਰਕ ਤੇ ਫਿਰ ਆਈਡੈਂਟਿਟੀ ਦੀ ਵੀ ਇੰਝ ਹੱਤਿਆ ਕਰ ਦੇਣਾ...! ਨੋ, ਨੌਟ ਐਟ ਆਲ ਭਾਬੀ...!" ਤੇ ਫੇਰ ਮੰਜੇ 'ਤੇ ਬੈਠ ਕੇ ਪਰਸ ਖੋਲ੍ਹਦਿਆਂ ਬੋਲੀ, "ਇਹ ਖੰਘ ਦੀ ਦਵਾਈ ਰੱਖ ਲਓ, ਬੱਚਿਆਂ ਦੇ ਕੰਮ ਆਊ... ਇਹ ਆਇਰਨ ਦੀਆਂ ਗੋਲੀਆਂ ਤੇ ਇਹ ਤਾਕਤ ਦੇ ਕੈਪਸੂਲ ਨੇ ਭਾਬੀ... ਸਾਰਾ ਦਿਨ ਖਪਦੀ ਰਹਿੰਦੀਐਂ, ਕਦੇ-ਕਦੇ ਲੈ ਲਿਆ ਕਰ। ਥੋੜ੍ਹੀ-ਮੋਟੀ ਜਾਨ ਵੀ ਹੋਣੀ ਜ਼ਰੂਰੀ ਐ ਸਰੀਰ 'ਚ।"

"ਓਹੋ! ਅੱਜ ਫੇਰ ਏਨੀਆਂ ਸਾਰੀਆਂ ਦਵਾਈਆਂ...?"

"ਭਾਬੀ, ਡਾਕਟਰ ਦੀ ਦਰਾਜ ਭਰ ਚੁੱਕੀ ਸੀ ਸੈਂਪਲਾਂ ਨਾਲ। ਕਹਿੰਦੀ, ਆਮ ਜ਼ਰੂਰਤ ਵਾਲੀਆਂ ਤਾਂ ਲੈ ਜਾ, ਕਿਸੇ ਦੇ ਕੰਮ ਆ ਜਾਣਗੀਆਂ। ਉਹ ਤਾਂ ਜ਼ਰੂਰਤਮੰਦ ਮਰੀਜ਼ਾਂ ਨੂੰ ਵੀ ਅਕਸਰ ਵੰਡਦੀ ਰਹਿੰਦੀ ਐ।"

"ਤੂੰ ਤਾਂ ਸਾਡੇ ਘਰ 'ਚ ਕਿਸੇ ਨੂੰ ਬੀਮਾਰ ਹੀ ਨਹੀਂ ਹੋਣ ਦਿੰਦੀ।" ਭਾਬੀ ਨੇ ਫ਼ਖ਼ਰ ਮਹਿਸੂਸ ਕਰਦਿਆਂ ਕਿਹਾ।

"ਇਹ ਤਾਂ ਕੀ ਪਤਾ ਚਲਦੈ ਭਾਬੀ, ਕਦੋਂ ਕੌਣ ਬੀਮਾਰ ਪੈ ਜਾਵੇ...। ਅੱਛਾ ਭਾਬੀ ਮੈਂ ਚੱਲੀ। ਡਿਊਟੀ 'ਤੇ ਪੁੱਜਣੈ। ਬਾਏ।" ਦਾਮਿਨੀ ਜਾਣ ਲਈ ਮੁੜੀ ਹੀ ਸੀ ਕਿ ਦੇਖਿਆ, ਜਗਦੀਸ਼ ਬਾਇਕ 'ਤੇ ਕਪੜਾ ਮਾਰ ਰਿਹਾ ਸੀ।

"ਅੱਛਾ ਵੀਰ ਜੀ , ਦਫਤਰ...? ਚਲ, ਫਿਰ ਤਾਂ ਕਰੋ ਸਟਾਰਟ...।" ਦਾਮਿਨੀ ਅਣਉਪਚਾਰਕ ਤੇ ਚਹਿਕ ਰਹੀ ਸੀ।

"ਅੱਜ ਫਿਰ ਥੱਬਾ ਦਵਾਈਆਂ ਦਾ ਲੈ ਕੇ ਆਈ ਐ ਮਰਜਾਣੀ। ਇਹ ਨਹੀਂ ਹੁਣ ਕਿਸੇ ਨੂੰ ਬੀਮਾਰ ਹੋਣ ਦਿੰਦੀ। ਕਿੰਨਾ ਖ਼ਿਆਲ ਰੱਖਦੀ ਹੈ।" ਕਿਚਨ 'ਚੋਂ ਉਹ ਆਪਣੇ ਪਤੀ ਜਗਦੀਸ਼ ਨੂੰ ਸੁਣਾ ਰਹੀ ਸੀ।

ਜਗਦੀਸ਼ ਨੇ ਕੋਈ ਜਵਾਬ ਨਾ ਦਿੱਤਾ, ਚੁੱਪਚਾਪ ਬਾਇਕ ਸਟਾਰਟ ਕਰ ਲਈ। ਬਾਇਕ ਉਹਨਾਂ ਦੀ ਗਲੀ 'ਚੋਂ ਨਿਕਲ ਕੇ ਮੇਨ ਰੋਡ 'ਤੇ ਆ ਗਈ। ਫਿਰ ਚੌਂਕ ਤੋਂ ਹਸਪਤਾਲ ਰੋਡ 'ਤੇ। ਚੰਚਲ, ਚੁਲਬੁਲੀ ਦਾਮਿਨੀ ਚੁੱਪਚਾਪ ਬੈਠੀ ਸੀ। ਪਰ ਇੰਝ ਬੇਮਤਲਬ ਝਟਕੇ ਖਾਂਦੀ ਬਾਇਕ ਉਸਨੂੰ ਅਜੀਬ ਲੱਗ ਰਹੀ ਸੀ। ਇਕ ਦੋ ਵਾਰੀ ਉਸਨੂੰ ਪਹਿਲਾਂ ਵੀ ਇੰਝ ਮਹਿਸੂਸ ਹੋਇਆ ਸੀ, ਪਰ ਅੱਜ ਤਾਂ ਕੁਝ ਜ਼ਿਆਦਾ ਹੀ।



ਧੁੰਦ ਵੀ ਕੁਝ ਜ਼ਿਆਦਾ ਹੀ ਛਾਈ ਹੋਈ ਸੀ। ਉਹ ਜਗਦੀਸ਼ ਨੂੰ ਕਹਿਣ ਹੀ ਵਾਲੀ ਸੀ ਕਿ ਵੀਰੇ ਬਾਇਕ ਜ਼ਰਾ ਸੰਭਲ ਕੇ ਚਲਾਓ, ਪਰ ਬੋਲਣ ਦੀ ਸ਼ੁਰੂਆਤ ਜਗਦੀਸ਼ ਨੇ ਕੀਤੀ, "ਕਦੇ ਕੋਈ ਦਵਾਈ-ਸ਼ਵਾਈ ਸਾਨੂੰ ਵੀ ਦੇ ਦਿਆ ਕਰੋ...।" ਜਗਦੀਸ਼ ਨੇ ਮੋਢੇ 'ਤੋਂ ਦੀ ਪਿੱਛੇ ਝਾਕਦਿਆਂ ਕਿਹਾ ਸੀ।

"ਤੁਹਾਨੂੰ ਕੀ ਬੀਮਾਰੀ ਹੈ?" ਉਸੇ ਲਹਿਜੇ 'ਚ। ਕਿਉਂਕਿ ਦਾਮਿਨੀ ਨੇ ਸੋਚਿਆ, ਮਜ਼ਾਕ ਹੋ ਰਿਹਾ ਹੋਣੈ।

"ਥੋੜ੍ਹੇ-ਬਹੁਤ ਬੀਮਾਰ ਤਾਂ ਸਾਰੇ ਹੀ ਹੁੰਦੇ ਨੇ।"

"ਫਿਰ ਵੀ ਕਿਸ ਤਰ੍ਹਾਂ ਦਾ ਰੋਗ ਹੈ, ਪਤਾ ਤਾਂ ਚੱਲੇ?"

"ਕੁਝ ਦਿਲੀ, ਕੁਝ ਸਰੀਰਕ...।" ਜਗਦੀਸ਼ ਨੇ ਜ਼ਰਾ ਪਿੱਛੇ ਸਰਕ ਕੇ ਦਾਮਿਨੀ ਨਾਲ ਚਿਪਕਦਿਆਂ ਕਿਹਾ।

"ਮਾਨਸਿਕ ਵੀ...?" ਦਾਮਿਨੀ ਦੇ ਗੁੱਸੇ ਤੇ ਵਿਅੰਗ ਭਿੱਜੇ ਸ਼ਬਦ।

ਦਹਾੜਦਾ ਹੋਇਆ ਇਕ ਟਰੱਕ ਬਰਾਬਰ 'ਚੋਂ ਲੰਘ ਗਿਆ ਸੀ।

ਇਸ ਦੌਰਾਨ ਗ਼ੈਰ-ਮਾਮੂਲੀ ਰੇਸ-ਕਲੱਚ-ਬ੍ਰੇਕਾਂ ਦਾ ਸਿਲਸਿਲਾ ਵੀ ਜਾਰੀ ਰਿਹਾ ਸੀ। ਜਗਦੀਸ਼ ਦੀ ਪਿੱਠ ਹੁਣ ਦਾਮਿਨੀ ਨਾਲ ਲੱਗ ਰਹੀ ਸੀ। ਉਹ ਬਚਣ ਦੀ ਕੋਸ਼ਿਸ਼ ਕਰ ਰਹੀ ਸੀ। ਇਹ ਸਭ ਚਾਣਚੱਕ ਵਾਪਰਿਆ। ਜੋ ਚਿੱਤ-ਚੇਤੇ ਵੀ ਨਹੀਂ ਸੀ। ਸੋਚਿਆ ਵੀ ਨਹੀਂ ਸੀ ਜਾ ਸਕਦਾ। ਦਾਮਿਨੀ ਕੋਈ ਦੁੱਧ ਪੀਂਦੀ ਬੱਚੀ ਤਾਂ ਸੀ ਨਹੀਂ ਕਿ ਮਤਲਬ ਨਾ ਸਮਝਦੀ। ਪਰ ਚੁੱਪ ਰਹੀ। ਗੁੱਸਾ। ਦਿਮਾਗ਼ ਫਟਣ ਵਰਗੀ ਹਾਲਤ। ਤਦ ਤਕ ਹਸਪਤਾਲ ਆ ਚੁੱਕਾ ਸੀ।

"ਜਵਾਬ ਨ੍ਹੀਂ ਦਿੱਤਾ...?" ਜਗਦੀਸ਼ ਨੇ ਖਚਰਾ ਜਿਹਾ ਮੁਸਕਰਾਉਂਦਿਆਂ ਪੁੱਛਿਆ। ਹੱਦ ਤਾਂ ਸ਼ਾਇਦ ਪਹਿਲਾਂ ਹੀ ਪਾਰ ਕੀਤੀ ਜਾ ਚੁੱਕੀ ਸੀ।

"ਵੀਰ ਜੀ, ਅਜਿਹੀ ਕਿਸੇ ਬੀਮਾਰੀ ਦਾ ਇਲਾਜ ਮੇਰੇ ਕੋਲ ਨਹੀਂ... ਮੈਂ ਤਾਂ ਮਰੀਜ਼ਾਂ ਦੀ ਸੇਵਾ ਕਰਦੀ ਹਾਂ, ਬਸ।"

"ਕਦੇ ਇਸ ਨਾਚੀਜ਼ ਦੀ ਸੇਵਾ ਵੀ...।"

"ਸ਼ਟਅੱਪ...!" ਕਹਿੰਦਿਆਂ ਦਾਮਿਨੀ ਬਾਇਕ ਤੋਂ ਉਤਰ ਕੇ ਗੁੱਸੇ ਨਾਲ ਤਪਦੀ ਹੋਈ ਤੇਜ਼ ਕਦਮਾਂ ਨਾਲ ਹਸਪਤਾਲ ਵੱਲ ਵਧੀ।

ਜਗਦੀਸ਼ ਤਾਂ ਜਿਵੇਂ ਉੱਥੇ ਹੀ ਗੱਡਿਆ ਗਿਆ ਸੀ। ਬਾਇਕ ਦਾ ਕਲੱਚ ਹੱਥ ਵਿਚ ਦੱਬਿਆ ਹੋਇਆ ਹੀ ਰਹਿ ਗਿਆ ਸੀ। ਪਰ ਹੋਰ ਦਿਨਾਂ ਵਾਂਗ ਨਜ਼ਰ ਦਾਮਿਨੀ ਦੀ ਤੰਦਰੁਸਤ ਚਾਲ 'ਤੇ। ਆਦਤ ਜੁ ਪਈ ਹੋਈ ਸੀ। ਅੱਜ ਦਾਮਿਨੀ ਦੀ ਚਾਲ ਵਿਚ ਕੁਦਰਤੀ ਲਚਕ ਦੀ ਥਾਂ ਇਕ ਅਜੀਬ ਕਿਸਮ ਦਾ ਰੋਹ ਸੀ।

ਦਾਮਿਨੀ ਨੂੰ ਆਪਣੀ ਪਿੱਠ 'ਤੇ ਓਪਰੀਆਂ ਨਜ਼ਰਾਂ ਚੁਭੀਆਂ। ਤਨ-ਬਦਨ ਵਿਚ ਕੁਝ ਪਲ ਪਹਿਲਾਂ ਲੱਗੀ ਅੱਗ ਭਾਂਬੜ ਬਣ ਉੱਠੀ। ਅੱਖਾਂ ਵਿਚ ਅੰਗਾਰੇ। ਸੀਨੇ ਵਿਚ ਸੁਲਗਦਾ ਜਵਾਲਾਮੁਖੀ। ਉਸਨੇ ਮੁੜ ਕੇ ਦੇਖਿਆ। ਉਹ ਉਸਨੂੰ ਉਸੇ ਤਰ੍ਹਾਂ ਘੂਰ ਰਿਹਾ ਸੀ। ਦਾਮਿਨੀ ਨੂੰ ਲੱਗਿਆ ਜਿਵੇਂ ਉਸਦੇ ਹਰ ਅੰਗ ਨਾਲ ਬਲਾਤਕਾਰ ਹੋ ਰਿਹਾ ਹੈ। ਉਹ ਯਕਦਮ ਚੀਕ ਪਈ।

ਇਕ ਜ਼ੋਰਦਾਰ ਚੀਕ...! ਆਪਣੇ ਸਾਰੇ ਵਜੂਦ ਨੂੰ ਸਮੇਟ ਕੇ, ਉਸਦੇ ਅੰਦਰੋਂ ਨਿਕਲੀ ਤੇ ਸਾਰੀ ਫਿਜ਼ਾ ਵਿਚ ਫੈਲ ਗਈ।

{420, ਸੈਕਟਰ 16, ਹਿਸਾਰ- 125 005 ਮੋਬਾਈਲ 094162-35210}

# ਮਿੱਟੀ ਦੀ ਜ਼ਾਤ

## -ਇਕਬਾਲ ਰਾਮੂਵਾਲੀਆ (ਕੈਨੇਡਾ)

ਲਫ਼ਜ਼ 'ਪੰਜਾਬ' ਮੇਰੇ ਮੂੰਹੋਂ ਹਾਲੇ ਨਿੱਕਲਿਆ ਹੀ ਸੀ ਕਿ ਮੰਮੀ ਨੇ ਚਾਹ ਦੀ ਪਿਆਲੀ ਨੂੰ ਕਾਫ਼ੀ-ਟੇਬਲ 'ਤੇ ਰੱਖ ਕੇ ਆਪਣੇ ਮੱਥੇ ਉੱਪਰਲੀ ਚਮੜੀ ਨੂੰ ਅੰਦਰ ਵੱਲ ਨੂੰ ਖਿੱਚ ਲਿਆ ਸੀ। ਉਨ੍ਹਾਂ ਦਾ ਸਿਰ ਤੇਜ਼ੀ ਨਾਲ ਸੱਜੇ-ਖੱਬੇ ਗਿੜਿਆ ਸੀ। ਮੁੱਠੀ ਵਿੱਚੋਂ ਪਹਿਲੀ ਉਂਗਲ ਨੂੰ ਚਿਹਰੇ ਦੇ ਸਾਹਮਣੇ ਸਿੱਧੀ ਕਰ ਕੇ ਬੋਲੇ ਸਨ: ਸੁੱਖੀ! ਬਿਲਕੁਲ ਨੀਂ! ਬਿਲਕੁਲ ਬਿਲਕੁਲ ਨੀਂ! ਸੁਣਿਐ?

-ਪਰ ਕਿਉਂ, ਮੰਮੀ, ਕਿਉਂ? ਮੇਰੀਆਂ ਅੱਖਾਂ 'ਚ ਵੀ ਤਪਸ਼ ਲਿਸ਼ਕਣ ਲੱਗੀ ਸੀ। ਹਾਈ ਸਕੂਲ ਦੇ ਐਗਜ਼ੈਮਸ ਫ਼ਿਨਿਸ਼ ਹੋਇਆਂ ਨੂੰ ਤਾਂ ਮਹੀਨਾ ਹੋਣ ਵਾਲੈ, ਤੇ ਹੁਣ ਤੁਸੀਂ ਮੁੱਕਰੀ ਜਾਂਦੇ ਓਂ! ਜੇ ਪ੍ਰਾਮਿਸ ਨੂੰ ਕੀਪ ਨੀ ਸੀ ਕਰਨਾ, ਤਾਂ ਪਹਿਲਾਂ ਕੀਤਾ ਈ ਕਿਉਂ ਸੀ?

-ਪਰ ਭੜਥਾ ਹੋਜੇਂਗੀ, ਭੜਥਾ!

-ਪੰਜ ਸਾਲ ਹੋ ਗੇ ਐ ਮੈਨੂੰ ਗ੍ਰੈਂਡਪਾ ਨੂੰ ਮਿਲਿਆਂ, ਮਾਮ, ਪੰਜ! ਮੇਰੇ ਬੁੱਲ੍ਹ ਤੇ ਗੱਲ੍ਹਾਂ ਢਿਲਕ ਗਏ ਸਨ, ਤੇ ਗਲੇ ਦਾ ਹਿੱਸਾ ਫੁੱਲ ਜਾਣ ਨਾਲ ਮੇਰੀ ਆਵਾਜ਼ ਨਪੀੜੀ ਗਈ ਸੀ। ਗ੍ਰੈਂਡਪਾ ਨੇ ਮੈਨੂੰ ਕਿੰਡਰਗਾਰਟਨ ਤੋਂ ਲੈ ਕੇ ਸੱਤਵੀਂ ਤਾਈਂ ਰੇਜ਼ ਕੀਤਾ! ਆਈ ਡੌਂਟ ਕੇਅਰ ਅਬਾਊਟ ਗੈਟਿੰਗ ਬੇਕਡ! ਸਤੰਬਰ 'ਚ ਜਦੋਂ ਯੂਨੀਵਰਸਿਟੀ ਸ਼ੁਰੂ ਕਰਲੀ, ਫੇਰ ਤਾਂ ਐਟ ਲੀਸਟ ਫ਼ੋਰ ਯੀਅਰਜ਼ ਨੀ ਜਾ ਹੋਣਾ ਮੈਥੋਂ! ਯੂ ਨੋਅ, ਮਾਅਅਮ!

ਮੇਰੀਆਂ ਉਂਗਲਾਂ ਮੇਰੇ ਕੰਨਾਂ ਦੇ ਪਿੱਛੇ ਚਲੀਆਂ ਗਈਆਂ ਸਨ ਅਤੇ ਮੋਢਿਆਂ-ਤੀਕਰ-ਲਮਕਦੇ ਮੇਰੇ ਵਾਲਾਂ ਨੂੰ ਲਗਾਤਾਰ ਬਾਹਰ ਵੱਲ ਨੂੰ ਝਟਕਣ ਲੱਗ ਪਈਆਂ ਸਨ।

ਤੇਜ਼ੀ ਨਾਲ ਝਮਕ ਰਹੀਆਂ ਮੇਰੀਆਂ ਅੱਖਾਂ ਵੱਲੀਂ ਦੇਖ ਕੇ ਮੰਮੀ ਨੇ ਆਪਣੇ ਬੁੱਲ੍ਹਾਂ ਨੂੰ ਹੋਰ ਪੀਢੇ ਕਰ ਲਿਆ ਸੀ।

-ਅੱਖਾਂ ਭਰਨ ਵਾਲੀ ਕਿਹੜੀ ਗੱਲ ਐ, ਸੁੱਖੀ! 'ਅੱਖਾਂ ਭਰਨ' ਉੱਪਰ ਤਕੜਾ ਜ਼ੋਰ ਦੇਂਦਿਆਂ ਮੰਮੀ ਨੇ ਆਪਣੇ ਮੋਢਿਆਂ ਨੂੰ ਉੱਪਰ ਵੱਲ ਨੂੰ ਉਛਾਲਿਆ ਸੀ। ਤੇਰੇ ਫ਼ਾਇਦੇ ਦੀ ਗੱਲ ਈ ਕਰ ਰਹੀ ਆਂ ਮੈਂ! ਓ ਕੇ?

ਮੰਮੀ ਦੀ 'ਓ ਕੇ?' ਸੁਣਦਿਆਂ ਮੇਰੇ ਬੁੱਲ੍ਹਾਂ ਵਾਂਙੂੰ ਹੀ ਮੇਰੇ ਮੱਥੇ ਦਾ ਕਸੇਵਾਂ ਵੀ ਹੋਰ ਸਖ਼ਤੀ ਫੜ ਗਿਆ ਸੀ।

ਭਾਦੋਂ ਦਾ ਹੁੰਮਸ ਤਾਂ ਸਾਡੇ ਵਰਗਿਆਂ ਨੂੰ ਵੀ ਛੱਲੀ ਵਾਂਙੂੰ ਭੁੰਨ ਸੁਟਦਾ ਸੀ ਜਿਹੜੇ ਜੰਮੇ-ਪਲੇ ਈ ਪੰਜਾਬ 'ਚ ਸੀ... ਹਾਅ ਤੇਰੀਆਂ ਚਿੱਟੀਆਂ-ਚਿੱਟੀਆਂ ਬਾਹਾਂ ਨੂੰ ਤਾਂ ਦੋ ਦਿਨਾਂ 'ਚ ਈ ਖਾ ਜਾਣੈ ਪਿੱਤ-ਪਾਪੜੀ ਨੇ ਤੇ ਮੱਛਰ ਨੇ! ਤੇ ਸੌ ਬੀਮਾਰੀਆਂ ਲਗਦੀਐਂ ਭਾਦੋਂ ਦੇ ਮਹੀਨੇ ਪੰਜਾਬ 'ਚ!

-ਹਾਂ, ਹਾਂ, ਤਪਾੜ ਪੈਂਦੈ, ਸੁੱਖਿਆ, ਤਪਾਅਅੜ! 'ਤਪਾੜ' ਲਫ਼ਜ਼ ਉਚਰਨ ਤੋਂ ਬਾਅਦ ਡੈਡੀ ਜੀ ਕਾਫ਼ੀ-ਟੇਬਲ 'ਤੇ ਪਏ 'ਟਰਾਂਟੋ ਸਟਾਰ' ਦੀ ਪੱਖੀ ਬਣਾ ਕੇ, ਆਪਣੇ ਸਫ਼ਾਚੱਟ ਚਿਹਰੇ ਨੂੰ ਝੱਲਣ ਲੱਗ ਪਏ ਸਨ।

-ਹੁੰਮਸ? ਤਪਾਅੜ?? ਆਈ ਡੌਂਟ ਨੋਅਅ ਦੀਜ਼ ਡੈਮ ਬਲੱਡੀ ਥਿੰਗਜ਼ ਯੂ'ਅਰ ਟਾਕਿੰਗ ਅਬਾਊਟ!

-ਸਿਖ਼ਰ ਦੁਪਹਿਰੇ ਕੜਕਦਾ ਸੂਰਜ, ਸੁੱਖੀ, ਤੇ ਭਾਫ਼ ਨਾਲ਼ ਗੱਚ ਹੋਈ ਹਵਾ! ਭੱਠੀਆਂ ਬਲਦੀਐਂ ਧਰਤੀ ਦੇ ਹੇਠਾਂ ਭੱਠੀਆਂ, ਅਗਸਤ ਦੇ ਮਹੀਨੇ!

ਬੁੱਕਲ 'ਚ ਰੱਖੀ 'ਪੰਜਾਬ: ਲੈਂਡ ਐਂਡ ਪੀਪਲ' ਦੀ ਜਿਲਦ ਉੱਪਰ ਮੂਹਰਲੀ ਉਂਗਲੀ ਦੇ ਠੁੰਗੇ ਮਾਰਦੀ-ਮਾਰਦੀ ਮੈਂ ਆਪਣੇ ਸਿਰ ਨੂੰ ਸੱਜੇ-ਖੱਬੇ ਫੇਰੀ ਜਾ ਰਹੀ ਸਾਂ।



-ਉਧਰੋਂ ਝੋਨੇ ਦੇ ਖੇਤਾਂ 'ਚੋਂ ਉਠਦੀ ਭੜਾਸ! ਮੰਮੀ ਆਪਣੇ ਪੰਜੇ ਨਾਲ ਆਪਣੇ ਮੱਥੇ ਨੂੰ ਪੂੰਝਣ ਲੱਗ ਪਏ ਸਨ। -ਪਸੀਨਾ ਚੋਂਦੈ ਅਗਸਤ ਦੇ ਹੁੰਮਸ 'ਚ! 'ਸਾਅਨਾ-ਬਾਥ'* ਬਣਿਆਂ ਹੁੰਦੈ ਸਾਰਾ ਈ ਪੰਜਾਬ ਏਹਨੀ ਦਿਨੀਂ! (*ਸਾਅਨਾ-ਬਾਥ: ਸਰੀਰ ਨੂੰ ਪਸੀਨੋ-ਪਸੀਨੀ ਕਰਨ ਲਈ ਬਣਾਇਆ ਗਿਆ ਨਿੱਕਾ ਜਿਹਾ ਬੰਦ-ਕਮਰਾ ਜਿਸ ਨੂੰ ਬਿਜਲੀ ਦੇ ਹੀਟਰਾਂ ਨਾਲ ਖੂਬ ਗਰਮ ਕੀਤਾ ਹੁੰਦਾ ਹੈ)ਏਥੇ ਕਨੇਡਾ 'ਚ ਹੁੰਦੈ ਨਾ ਹਿਊਮਿਡ, 'ਸਮਰ' 'ਚ? ਬਸ ਓਦੂੰ ਦੁੱਗਣਾ-ਤਿੱਗਣਾ ਸਮਝ ਲਾ!

-ਨਾ, ਨਾ, ਨਾ! ਡੈਡੀ ਆਪਣੀ ਠੋਡੀ ਨੂੰ ਛਾਤੀ ਵੱਲ ਨੂੰ ਖਿੱਚ ਕੇ, ਐਨਕਾਂ ਦੇ ਰਿੰਮਾਂ ਉੱਪਰੋਂ ਦੀ ਮੰਮੀ ਵੱਲ ਝਾਕਣ ਲੱਗੇ ਸਨ। -ਕਨੇਡਾ ਦਾ 'ਹਿਊਮਿਡ' ਨੀ ਮੁਕਾਬਲਾ ਕਰਦਾ ਪੰਜਾਬ ਦੇ ਤਪਾੜ ਦਾ, ਪ੍ਰੀਤਮ! ਐਥੇ ਤਾਂ ਘੁਰਾੜੇ ਮਾਰੀਦੇ ਐ ਦਸ-ਦਸ ਫੁੱਟੇ, ਏ. ਸੀ. ਛੱਡ ਕੇ, ਪਰ ਓਥੇ ਤਾਂ ਕੱਟ ਲਗਦੇ ਐ ਬਿਜਲੀ ਨੂੰ ਦਸ-ਦਸ ਘੰਟਿਆਂ ਦੇ!

-ਤੇ ਮੱਛਰ? ਮੰਮੀ ਨੇ ਆਪਣੇ ਪੰਜੇ ਨੂੰ ਆਪਣੇ ਚਿਹਰੇ ਦੇ ਸਾਹਮਣੇ ਖਿਲਾਰ ਕੇ ਸੱਜੇ-ਖੱਬੇ ਉੱਡਣ ਲਾ ਦਿੱਤਾ ਸੀ। ਐਡਾ ਮੋਟਾ ਹੋ ਜਾਂਦੈ, ਖਸਮਾਂ ਨੂੰ ਖਾਣਾ!

-ਆਈ ਡੌਂਟ ਕੇਅਰ ਅਬਾਊਟ ਦਿਸ ਬਲੱਡੀ ਹਿਊਮਿਡਿਟੀ ਐਂਡ ਮਸਕੀਟੋਜ਼! 'ਪੰਜਾਬ: ਲੈਂਡ ਐਂਡ ਪੀਪਲ' ਨੂੰ ਮੈਂ ਠਾਹ ਕਰ ਕੇ ਕਾਫ਼ੀ-ਟੇਬਲ ਉੱਪਰ ਸੁੱਟ ਦਿੱਤਾ ਸੀ। ਓ ਕੇਅਅਅ?

ਤੇ ਭਰਵੱਟਿਆਂ ਨੂੰ ਨਿਚੋੜਦੀ ਹੋਈ, ਡੱਗ-ਡੱਗ ਡੱਗ-ਡੱਗ ਪੌੜੀਆਂ ਚੜ੍ਹ ਕੇ ਮੈਂ ਆਪਣੇ ਬੈੱਡਰੂਮ ਵਿੱਚ ਜਾ ਵੜੀ ਸਾਂ। ਆ ਅਮ ਸ਼ੋਅਰ, ਮੇਰੇ ਪਿਛਾੜੀ 'ਕਾਅੜ' ਕਰ ਕੇ ਬੰਦ ਹੋਏ ਦਰਵਾਜ਼ੇ ਨੇ ਘਰ ਦੀਆਂ ਕੰਧਾਂ ਦੇ ਨਾਲ ਨਾਲ ਡੈਡੀ-ਮੰਮੀ ਨੂੰ ਵੀ ਝੰਜੋੜ ਦਿੱਤਾ ਹੋਵੇਗਾ।

ਬੈੱਡ ਉੱਪਰ ਲੇਟਿਆਂ ਮੇਰੀ ਟਿਕਟਿਕੀ ਛੱਤ 'ਚੋਂ ਲਟਕਦੇ ਸ਼ੈਂਡਲੀਅਰ 'ਤੇ ਜੰਮੀ ਹੋਈ ਸੀ। ਮੈਂ ਸਾਈਡ-ਟੇਬਲ 'ਤੇ ਪਏ ਨੈਪਕਿਨ-ਬਾਕਸ ਵੱਲ ਉਂਗਲਾਂ ਵਧਾਈਆਂ ਤੇ ਮੇਰੀਆਂ ਅੱਖਾਂ ਦੀ ਨਮੀ ਕਾਗਜ਼ੀ-ਰੁਮਾਲ ਦੀ ਫਿੱਕੀ ਗੁਲਾਬੀਅਤ ਦੇ ਹਵਾਲੇ ਹੋਣ ਲੱਗੀ ਸੀ।

'ਮੈਂ ਤਾਂ ਛੇ ਮਹੀਨੇ ਦੀਆਂ ਪਲੈਨਜ਼ ਬਣਾਈ ਜਾਂਦੀ ਸੀ ਪੰਜਾਬ ਨੂੰ ਦੇਖਣ ਦੀਆਂ!' ਮੈਂ ਆਪਣੀਆਂ ਉਂਗਲਾਂ ਨਾਲ਼ ਆਪਣੇ ਮੱਥੇ ਦੀ ਘੁਟਨ ਨੂੰ ਖਰੋਚਣ ਲੱਗ ਪਈ ਸਾਂ। 'ਦੈਟ ਲੈਂਡ ਹੈਜ਼ ਹਿਸਟਰੀ! ਇਟ ਹੈਜ਼ ਰੀਲਿਜਨ! ਇਟ ਹੈਜ਼ ਕਲਚਰ ਐਂਡ ਕੈਰੈਕਟਰ! ਮਾਮ-ਡੈਡ ਨੂੰ ਤਾਂ ਬੱਸ ਕੰਮ ਚਾਹੀਦੈ, ਡਾਲਰਾਂ ਨਾਲ਼ ਬੈਂਕਾਂ ਫਿਲ ਕਰਨ ਲਈ! ਰੀਡ ਕਿਤਾਬਾਂ ਆਪਣੀ ਕੰਟਰੀ ਬਾਰੇ, ਮਾਮ, ਇਨਸਟੈਡ ਅਵ ਦੀਜ਼ ਕਰਸਡ ਸੀਰੀਅਲਜ਼! ਵੌਚ ਡਾਕਯੂਮੈਂਟਰੀਜ਼, ਡੈਡ, ਇਨਸਟੈਂਡ ਅਵ ਦੀਜ਼ ਲੁੱਚੇ ਗਾਣੇ ਆਨ ਯੂਅਰ ਡੈਮਡ 'ਵਿਯਨ ਟੀ. ਵੀ.'! ਥੋਡੇ ਨਾਲੋਂ ਤਾਂ ਗ੍ਰੈਂਡਪਾ ਈ ਬੈਟਰ ਐ: ਉਨ੍ਹਾਂ ਨੂੰ ਪੁੱਛੋ ਵਟ੍ਹ ਪੰਜਾਬ ਹੋਲਡਜ਼ ਇਨ ਇਟਸ ਹੈਰੀਟਿਜ! ਲਰਨ ਅਬਾਊਟ ਸਰਬੱਤ ਦਾ ਭਲਾ, ਡੈਡ! ਵੈੱਲ ਬੀਇੰਗ ਅਵ ਆਅਲ!'

ਤੇ ਫਿਰ ਮੇਰੇ ਜ਼ਿਹਨ ਵਿਚ ਗ੍ਰੈਂਡਪਾ ਆ ਖਲੋਤੇ ਸਨ: ਕਿੰਨੇ ਈ ਵਰ੍ਹੇ ਪਹਿਲਾਂ, ਹਰ ਰੋਜ਼ ਵਾਂਙ ਉਸ ਦਿਨ ਵੀ ਸਵੇਰ ਵੇਲੇ ਬਰੈਂਪਟਨ ਵਾਲ਼ੇ ਘਰ ਦੇ ਕਿਚਨ 'ਚ ਚਾਹ ਬਣਾਉਣ ਦੇ ਨਾਲ ਨਾਲ ਪਾਠ ਕਰਦੇ ਹੋਏ: ਨਾਨਕ ਨਾਮ ਚੜ੍ਹਦੀ ਕਲਾਅਅਅ, ਤੇਰੇ ਭਾਣੇ ਸਰਬੱਤ ਦਾ ਭਲਾ!

'ਲੰਚ ਅੱਜ ਡਬਲ ਲੈ ਕੇ ਜਾਣੈ, ਗ੍ਰੈਂਡਪਾ!' ਮੈਂ ਆਪਣੀਆਂ ਕਿਤਾਬਾਂ ਨੂੰ ਬੈਕਪੈਕ 'ਚ ਪਾਉਂਦਿਆਂ ਦੱਸਣ ਲੱਗੀ ਸਾਂ।

'ਅੱਛਾਅਅ?'

'ਤੁਸੀਂ ਦੇਖੀ ਐ ਨਾ ਮੇਰੀ ਫ਼ਰੈਂਡ ਅਲਿਜ਼ਬੈੱਥ?'

'ਓਹ ਇਟਲੀ ਵਾਲੀ ਗੋਰੀ ਕੁੜੀ?'

'ਨਈਂ, ਗ੍ਰੈਂਡਪਾ; ਇਹ ਦੂਸਰੀ ਐ, ਜਮੇਅਕਾ ਵਾਲੀ!'

'ਅੱਛਾ, ਓਹ ਕਾਲ਼ੀ ਕੁੜੀ? ਜੀਹਦੀ ਮਾਂ ਗੁਜ਼ਰਗੀ ਸੀ ਪਿਛਲੇ ਮਹੀਨੇ?'

'ਪੂਅਰ ਹਰ, ਗ੍ਰੈਂਡਪਾ!' ਮੈਂ ਸੀਰੀਅਲ ਬਾਕਸ ਨੂੰ ਚੀਨੀ ਦੇ ਬੋਅਲ ਉੱਪਰ ਟੇਢਾ ਕਰਨ ਲੱਗੀ ਰੁਕ ਗਈ ਸਾਂ। 'ਉਹਨੂੰ ਲੰਚ ਅੱਜ ਮੈਂ ਖੁਆਉਣੈ!'

ਗ੍ਰੈਂਡਪਾ ਨੇ ਐਗਜ਼ਾਸਟ ਫੈਨ ਦੀ ਸਵਿੱਚ ਆਨ ਕਰ ਦਿੱਤੀ ਸੀ।

ਬਰਾਊਨ ਸ਼ੂਗਰ ਦਾ ਚਮਚਾ ਕੋਰਨ-ਫਲੇਕਾਂ ਉੱਪਰ ਭੁੱਕਣ ਤੋਂ ਬਾਅਦ ਜਦੋਂ ਮੈਂ ਦੁੱਧ ਵਾਲ਼ਾ ਬੈਗ ਖੋਲ੍ਹਣ ਲੱਗੀ ਸੀ ਤਾਂ ਅਲਿਜ਼ਬੈੱਥ ਮੇਰੇ ਸਹਮਣੇ ਆ ਬੈਠੀ ਸੀ, ਲੰਚ-ਰੂਮ 'ਚ, ਸੈਂਡਵ੍ਰਿਚ ਵੱਲ ਝਾਕਦਿਆਂ, ਅੱਖਾਂ ਨੂੰ ਵਾਰ ਵਾਰ ਨੂੰ ਝਮਕਦੀ ਹੋਈ!

-ਅਸੀਂ ਬੱਸ... ਇਕੱਲੀਆਂ ਰਹਿਗੀਆਂ, ਸੁੱਖੀ! ਲੰਮਾਂ ਵਕਫ਼ਾ ਸੈਂਡਵ੍ਰਿਚ ਉੱਪਰ ਨਜ਼ਰ ਜੰਮਾਈ ਰੱਖਣ ਤੋਂ ਬਾਅਦ ਅਲਿਜ਼ਬੈੱਥ ਘਗਿਆਈ ਸੀ। ਮੀ ਐਂਡ ਮਾਈ ਗ੍ਰੈਂਡਮਾ!

'ਕਿੰਨਾ ਗਰੋਸ {ਘਿਨਾਉਣਾ}ਲਗਦਾ, ਗ੍ਰੈਂਡਪਾ, ਜਦੋਂ ਮੈਂ ਸੋਚਦੀ ਆਂ ਕਿ ਅਲਿਜ਼ਬੈੱਥ ਦੀ ਮਾਮ ਕਬਰ 'ਚ ਪਈ ਐ!'

ਗ੍ਰੈਂਡਪਾ ਆਪਣੇ ਚਿਹਰੇ ਨੂੰ ਉਤਾਂਹ-ਹਿਠਾਂਅ ਹਿਲਾਉਂਦੇ ਰਹੇ ਸਨ।

'ਮੈਂ ਸੋਚਦੀ ਆਂ, ਗ੍ਰੈਂਡਪਾ, ਡੈੱਡਬਾਡੀ ਬਰਨ ਕਰਨੀ ਚਾਹੀਦੀ ਆ ਇਨਸਟੈੱਡ ਅਵ ਬੈਰੀਇੰਗ!'

'ਕਿਉਂ, ਸੁੱਖੇ?'

'ਜਦੋਂ ਬੈਰੀ {ਦਫ਼ਨ}ਕਰਦੇ ਆ ਬਾਡੀ ਨੂੰ ਗਰੇਵ ਵਿੱਚ, ਤਾਂ ਮੁਸ਼ਕ ਜਾਂਦੀ ਹੋਊ ਵਿਚਾਰੀ ਦੋ ਦਿਨਾਂ 'ਚ ਈ! ਗੰਡੋਏ ਬਣ ਜਾਂਦੇ ਹੋਣਗੇ ਬਾਕਸ 'ਚ! ਯੱਕ!' ਮੇਰੇ ਦੰਦ ਘੁੱਟੇ ਗਏ ਸਨ। 'ਮੈਨੂੰ ਉਹਦਾ ਕਾਸਕੈੱਟ ਵਰਮਜ਼ ਨਾਲ਼ ਭਰਿਆ ਦਿਸੀ ਜਾਂਦਾ! ਲਹੂ ਤੇ ਮਾਸ ਨੂੰ ਖਾਂਦੇ ਸੁੰਡ ਤੇ ਗੰਡੋਏ! ਅੱਖਾਂ ਨੂੰ, ਬਰੇਨ ਨੂੰ, ਤੇ ਹਾਰਟ ਨੂੰ ਖਾਂਦੇ! ਤੇ ਕਿਡਨੀਆਂ 'ਚ ਮੋਰੀਆਂ ਕਰ ਰਹੀਆਂ ਸੁੰਡੀਆਂ! ਹਾਏ! ਹਾਏ! ਹਾਏ!'

ਗ੍ਰੈਂਡਪਾ ਪਿਆਲੀ 'ਚ ਚਮਚਾ ਫੇਰਨ ਲੱਗ ਪਏ ਸਨ।

-ਤੇ ਫਿਰ ਸਾਰਾ ਫਲੈੱਸ਼ {ਮਾਸ}ਵੀ ਮੁੱਕ ਜਾਂਦਾ ਹੋਵੇਗਾ, ਗ੍ਰੈਂਡਪਾ?

-ਚੱਲ, ਸੁੱਖੇ, ਐਧਰ ਝਾਕ ਹੁਣ, ਚਾਹ ਦੀ ਘੁੱਟ ਨੂੰ ਸੰਘੋਂ ਹੇਠਾਂ ਨਿਘਾਰ ਕੇ ਗ੍ਰੈਂਡਪਾ ਪੰਜਾਬੀ ਦਾ ਕਾਇਦਾ ਚੁੱਕ ਲਿਆਏ ਸਨ। ਕੱਲ੍ਹ ਤੈਨੂੰ 'ਕੰਨੇ' ਵਾਲ਼ੇ ਸ਼ਬਦ ਸਿਖਾਲ਼ੇ ਸੀ, ਕੱਕੇ ਕੰਨਾਂ ਕਾ, ਲੱਲੇ ਕੰਨਾਂ ਲਾ; ਕਾਲਾ!

-ਨਹੀਂ, ਗ੍ਰੈਂਡਪਾ, ਮੇਰਾ ਸਿਰ ਸੱਜੇ-ਖੱਬੇ ਹਿੱਲਿਆ ਸੀ। ਮੈਂ ਤਾਂ ਅਲਿਜ਼ਬੈੱਥ ਦੀ ਮਾਮ ਬਾਰੇ ਈ ਸੋਚੀ ਜਾਨੀਂ ਆਂ: ਵਰਮਜ਼! ਵਰਮਜ਼ ਵੀ ਹੌਲ਼ੀ ਹੌਲ਼ੀ ਡਸਟ {ਮਿੱਟੀ}ਬਣ ਜਾਂਦੇ ਹੋਣਗੇ... ਤੇ ਕਾਸਕੈੱਟ 'ਚ ਬੱਸ ਖਾਲੀ ਸਕੈਲੇਟਨ! ਲੱਤਾਂ, ਬਾਹਾਂ ਤੇ ਉਂਗਲ਼ਾਂ ਦੀਆਂ ਹੱਡੀਆਂ ਤੇ ਅੱਖਾਂ ਦੇ ਟੋਏ! ਉੱਫ਼! ਉੱਫ਼!'

-ਏਹ ਤਾਂ ਤੂੰ ਸੋਚਦੀ ਐਂ, ਸੁੱਖੀ, ਤੂੰ! ਗ੍ਰੈਂਡਪਾ ਨੇ ਡੂੰਘਾ ਸਾਹ ਭਰਿਆ ਸੀ। -ਪਰ ਡੈੱਡਬਾਡੀ ਤਾਂ ਬੱਸ ਮਿੱਟੀ ਹੁੰਦੀ ਐ ਮਿੱਟੀ: ਮਿੱਟੀ 'ਚ ਫ਼ੀਲਿੰਗ ਨੀ ਹੁੰਦੀ, ਸੁੱਖੇ! ਏਹਨੂੰ ਸਾੜ ਲੋ, ਜਾਂ ਕਬਰ 'ਚ ਪਾ ਦਿਓ, ਮਿੱਟੀ ਨੂੰ ਕੀ ਫ਼ਰਕ ਪੈਣਾ?

-ਹੂੰ, ਹੂੰ!

-ਕਈ ਲੋਕ ਆਪਣੇ ਮੋਇਆਂ ਨੂੰ ਪੰਜਾਬ ਲੈ ਜਾਂਦੇ ਐ, ਗ੍ਰੈਂਡਪਾ ਕਾਇਦੇ ਦੀ ਜਿਲਦ ਉੱਪਰ ਤਲ਼ੀ ਘਸਾਉਣ ਲੱਗ ਪਏ ਸਨ। ਪਰ ਮੈਂ ਸੋਚਦਾਂ ਲਾਸ਼ ਨੂੰ ਕੋਈ ਫ਼ਰਕ ਨੀ ਪੈਂਦਾ... ਭਾਵੇਂ ਕਨੇਡਾ 'ਚ ਸਾੜ ਲੋ ਉਸ ਨੂੰ, ਭਾਵੇਂ ਪੰਜਾਬ 'ਚ!

-ਮੈਂ ਪੜ੍ਹਿਆ ਸੀ ਇੱਕ ਕਿਤਾਬ 'ਚ, ਗ੍ਰੈਂਡਪਾ, ਬਈ ਸੌ ਯੀਅਰਜ਼ ਪਹਿਲਾਂ ਗੋਰੇ ਲੋਕ, ਕਾਲ਼ੇ ਲੋਕਾਂ ਨੂੰ ਆਪਣੀ ਸੈਮੀਟੇਰੀ {ਕਬਰਸਤਾਨ}'ਚ ਨੀ ਸੀ ਬੈਰੀ ਕਰਨ ਦਿੰਦੇ!

-ਹੂੰ, ਹੂੰ, ਹੂੰ! ਗ੍ਰੈਂਡਪਾ ਨੇ ਆਪਣੇ ਸਿਰ ਨੂੰ ਸੱਜੇ-ਖੱਬੇ ਗੇੜਿਆ ਸੀ। ਨਿਰੀ ਜਹਾਲਤ! ਮੂਰਖ ਲੋਕ ਏਹ ਨੀ ਸਮਝਦੇ ਬਈ ਜਦੋਂ ਬੰਦਾ ਮਰ ਜਾਂਦੈ ਤਾਂ ਉਹ ਬੱਸ ਸਿਰਫ਼ ਮਿੱਟੀ ਹੁੰਦੈ!



ਹੇਠਾਂ ਫ਼ੈਮਿਲੀਰੂਮ 'ਚ ਮਾਮ-ਡੈਡ ਨਾਲ਼ ਹੋਏ ਤਕਰਾਰ ਨੂੰ ਦਸ-ਪੰਦਰਾਂ ਮਿੰਟ ਬੀਤ ਚੁੱਕੇ ਸਨ; ਤੇ ਉਥੇ ਖਿੜਕੀ ਵੱਲ ਪਿੱਠ ਕਰੀ ਖਲੋਤੀ ਟੀ. ਵੀ. ਖ਼ਾਮੋਸ਼ ਹੋ ਗਈ ਸੀ।

ਮੇਰੇ ਅੰਦਰ ਬੈੱਡ ਤੋਂ ਉੱਠਣ ਦੀ ਖ਼ਾਹਿਸ਼ ਪੁੰਗਰਨ ਲਗੀ ਸੀ।

ਗਿੱਲੇ ਹੋ ਗਏ ਨੈਪਕਿਨਾਂ ਨੂੰ ਗਾਰਬਿਜ-ਕੈਨ 'ਚ ਸੁੱਟ ਕੇ ਮੈਂ ਵਾਕ-ਇਨ ਕਲਾਜ਼ਿਟ ਵੱਲ ਰੁਖ਼ ਕੀਤਾ ਸੀ। ਸਾਹਮਣੇ ਫ਼ਰਸ਼ ਉੱਪਰ ਚਿਣੀਆਂ ਐਲਬਮਾਂ ਦਾ ਗਰਾ, ਮੇਰੇ ਲੱਕ ਤੀਕਰ ਉੱਚਾ! ਓਸ ਗਰੇ 'ਚੋਂ ਮੈਂ ਓਸ ਐਲਬਮ ਨੂੰ ਖਿਚ ਲਿਆ ਸੀ ਜਿਸਦੀ ਜਿਲਦ ਉੱਪਰ ਮੋਟੇ ਮਾਰਕਰ ਨਾਲ਼ ਲਿਖਿਆ ਸੀ: ਸ਼ੇਰਪੁਰ ਵਾਲ਼ੀ ਕੋਠੀ!

ਹੇਠਾਂ ਲਿਵਿੰਗਰੂਮ 'ਚ ਹੁਣ ਡੈਡੀ-ਮੰਮੀ ਵਿਚਕਾਰ ਚੱਲ ਰਹੀ ਗੱਲ-ਬਾਤ ਪੌੜੀਆਂ ਚੜ੍ਹ ਕੇ ਮੇਰੇ ਕਮਰੇ ਦੇ ਡੋਰ ਦੀਆਂ ਵਿਰਲਾਂ ਥਾਣੀਂ ਅੰਦਰ ਵੱਲ ਨੂੰ ਫੂਕਾਂ ਮਾਰਨ ਲੱਗੀ ਸੀ: ਨਾਅਅਅ, ਕੁਲਬੀਰ, ਨਾਅਅਅ! ਹਾਲੇ ਨਾ ਜਾਇਓ ਸੁੱਖੀ ਦੇ ਕਮਰੇ 'ਚ! ਠੰਢੀ ਹੋ ਲੈਣ ਦਿਓ ਉਸ ਨੂੰ ਠੰਢੀ!

ਐਲਬਮ ਦੀ ਜਿਲਦ ਖੁਲ੍ਹਦਿਆਂ ਹੀ ਪਹਿਲੇ ਸਫ਼ੇ ਉੱਪਰ, ਵਾਈਡ-ਐਂਗਲ 'ਚ ਵਗਲ਼ੀ ਦੁ-ਮੰਜ਼ਲੀ ਕੋਠੀ ਜੀਕਣ ਬਾਹਾਂ ਖੋਲ੍ਹ ਕੇ ਮੇਰੇ ਸਾਹਮਣੇ ਖਲੋਅ ਗਈ ਹੋਵੇ: ਸੋ ਕੂਅਲ! ਮੈਂ ਬੁੜਬੁੜਾਈ ਸੀ। -ਐਂਡ ਸੋ ਹਿਊਜ!

ਹੇਠਲੀ ਤੇ ਉੱਪਰਲੀ ਦੋਵੇਂ ਫਲੋਰਾਂ ਸਾਫ਼ ਸਾਫ਼ ਨਜ਼ਰ ਆ ਰਹੀਆਂ ਸਨ! ਹੁਨਰੀ ਫੋਟੋਕਾਰ ਨੇ ਇਹ ਫ਼ੋਟੋ ਜ਼ਰੂਰ ਕਿਸੇ ਉਚੇ ਕਮਰੇ ਜਾਂ ਟਰੀ ਉੱਪਰ ਚੜ੍ਹ ਕੇ ਖਿੱਚੀ ਹੋਵੇਗੀ!

ਇਮਾਰਤ ਦੀ ਸੱਜੀ ਤੇ ਖੱਬੀ ਬਾਹੀ 'ਤੋਂ ਉੱਪਰ ਵੱਲ ਨੂੰ ਸੈਨਤਾਂ ਮਾਰਦੀਆਂ ਪੌੜੀਆਂ! ਪਹਿਲੀ ਫ਼ਲੋਰ ਦੇ ਸਿਰ ਉੱਪਰ ਪਿਛਲੇ ਕਮਰਿਆਂ ਦੀ ਰਾਖੀ ਕਰਦੇ ਜੁੜਵੇਂ ਵਰਾਂਡੇ, ਤੇ ਦੋਹਾਂ ਵਰਾਂਡਿਆਂ ਦੇ ਐਨ ਵਿਚਕਾਰੋਂ, ਪਿਛਲੇ ਕਮਰਿਆਂ ਨੂੰ ਚੀਰ ਕੇ, ਕੋਠੀ ਦੇ ਸਿਖ਼ਰ ਵੱਲ ਨੂੰ ਦੌੜ ਰਹੀਆਂ ਪੌੜੀਆਂ ਜਿਵੇਂ ਕਿਤੇ ਸਿਖ਼ਰ 'ਤੇ ਬੈਠੀ ਪਾਣੀ ਦੀ ਟੈਂਕੀ ਉੱਪਰ ਮੋਟੇ ਅੱਖਰਾਂ 'ਚ ਲਿਖੇ 'ਗਰਚਾ ਭਵਨ' ਨੂੰ ਪੜ੍ਹਨ ਦੀ ਕਾਹਲ 'ਚ ਹੋਵਣ!

ਮੈਂ ਵਰਕਾ ਉਲੱਦਿਆ: ਚਾਰ-ਦੀਵਾਰੀ ਦੀਆਂ ਦੋ ਕੰਧਾਂ ਦੇ ਨਾਲ਼-ਨਾਲ਼ ਖਲੋਤੇ ਉੱਚੇ-ਉੱਚੇ ਸਫ਼ੈਦੇ ਤੇ ਛਤਰੀਦਾਰ ਪਿਲਖਨਾਂ ਤੇ ਲੰਮ-ਸਲੰਮੇ ਪਾਪਲਰ: ਹਾਏ! ਹਾਏ!! ਏਹਨਾਂ ਟਰੀਜ਼ ਦੀਆਂ ਬਰਾਂਚਜ਼ ਜਿਵੇਂ ਆਖ ਰਹੀਆਂ ਹੋਣ, 'ਤੇਰੇ ਭਾਣੇ ਸਰਬੱਤ ਦਾ ਭਲਾ!' ਤੇ ਪਰਲੇ ਪਾਸੇ ਜੜ੍ਹਾਂ ਤੋਂ ਟੀਸੀ ਤੀਕਰ ਹਰਾ ਲਿਬਾਸ ਪਾਈ, ਸੰਤਾਂ ਵਾਂਕਣ ਖਲੋਤੇ, ਅਸ਼ੋਕਾ ਦਰਖ਼ਤਾਂ ਦੀ ਸਿੱਧੀ ਕਤਾਰ! ਐਨੇ ਦਰਖ਼ਤਾਂ ਨੂੰ ਦੇਖਦਿਆਂ ਮੈਨੂੰ ਐਲਬਮ 'ਚੋਂ ਹਵਾ ਰੁਮਕਦੀ ਮਹਿਸੂਸ ਹੋਣ ਲੱਗੀ ਸੀ।

ਅਗੇ ਵਾਲ਼ਾ ਵਰਕਾ ਪਲਟਿਆ: ਮੈਂ, ਉੱਚੇ-ਉੱਚੇ ਦੋ ਥਮਲਿਆਂ ਵਾਲ਼ੀ ਲਾਬੀ ਦੀ ਛੱਤ ਹੇਠ ਡਾਹੇ ਮੂਹੜਿਆਂ ਨੂੰ ਗਿਣਨ ਲੱਗ ਪਈ ਸਾਂ: ਦੋ ਤੇ ਦੋ ਚਾਰ, ਤੇ ਦੋ ਛੇ, ਤੇ ਦੋ ਅੱਠ: ਅੱਠ ਸੱਜੇ ਪਾਸੇ ਤੇ ਅੱਠ ਈ ਖੱਬੇ! ਇਸ ਤਸਵੀਰ ਨੂੰ ਫ਼ੋਟੋਕਾਰ ਨੇ ਪਤਾ ਨੀ ਕਿਹੜੀ ਜੁਗਤ ਨਾਲ਼ ਖਿੱਚਿਆ ਸੀ ਕਿ ਖੱਬੇ-ਸੱਜੇ ਵਾਲ਼ੇ ਮੂਹੜਿਆਂ ਦੀਆਂ ਪਾਲ਼ਾਂ ਦੇ ਵਿਚਾਲ਼ੇ, ਮਧਰ-ਕੱਦੇ ਕਾਫ਼ੀ-ਟੇਬਲ ਉੱਪਰ ਰੱਖੀ ਮਿੱਟੀ ਦੀ ਵੱਡੀ ਪਰਾਤ ਇੰਝ ਲਗਦੀ ਸੀ ਜਿਵੇਂ ਸੱਚੀਂ-ਮੁੱਚੀਂ ਦੀ ਹੋਵੇ! ਇਸ ਪਰਾਤ ਦੇ ਕਿਨਾਰਿਆਂ ਉਦਾਲ਼ੇ ਪੈ ਰਹੀ ਚਿੜੀਆਂ ਦੀ ਚੜਚੋਤਲ਼ ਵੀ ਮੈਨੂੰ ਸਾਫ਼ ਸੁਣਾਈ ਦੇਣ ਲੱਗੀ ਸੀ!

ਅਗਲੇਰੀ ਤਸਵੀਰ ਮੈਨੂੰ ਸ਼ੇਰਪੁਰ ਵਾਲ਼ੇ ਐਸੇ ਹੀ ਡਰਾਇੰਗ-ਰੂਮ ਵਿੱਚ ਲੈ ਆਈ ਸੀ: ਆਹਾ ਈ ਕੰਧਾਂ, ਆਹਾ ਹੀ ਛੱਤ, ਤੇ ਆਹਾ ਈ ਸੋਫ਼ਾ ਜਿਸ ਉੱਪਰ, ਮੈਂ ਐਸ ਵੇਲ਼ੇ ਬੈਠੀ ਹਾਂ। ਉਸ ਤਸਵੀਰ 'ਚ ਐਸੇ ਟਾਂਡ ਉੱਪਰ ਕਬੀਰ ਜੀ ਦਾ ਆਹਾ ਹੀ ਵੱਡ-ਅਕਾਰੀ ਪੋਰਟਰੇਟ ਖਲੋਤਾ ਸੀ। ਤਸਵੀਰ ਦੇ ਹੇਠ ਲਿਖੀ ਤੁਕ: ਦਿਵਸ ਚਾਰਿ ਕੋ ਪੇਖਨਾ, ਅੰਤਿ ਖੇਹ ਕੀ ਖੇਹ! ਐਸ ਤੁਕ ਨੂੰ, ਬਰੈਂਪਟਨ 'ਚ ਆਪਣੇ ਬੈੱਡਰੂਮ 'ਚ ਬੈਠੀ ਨੇ, ਮੈਂ ਮੈਗਨੀਫ਼ਾਈਇੰਗ ਗਲਾਸ ਨਾਲ਼ ਪੜ੍ਹ ਵੀ ਲਿਆ ਸੀ: ਥੈਂਕਸ ਟੂ ਮਾਈ ਗ੍ਰੈਂਡਪਾ'ਜ਼ 'ਊੜਾ

ਊਠ, ਬੱਬੇ ਹੋੜਾ ਬੋ, ਤੇ ਲੱਲੇ ਕੰਨਾਂ ਲਾ!

ਕੱਲ੍ਹ ਵੈਨ 'ਚੋਂ ਉੱਤਰ ਕੇ ਰੁੱਖਾਂ ਵੱਲ ਦੇਖਦੀ-ਦੇਖਦੀ, ਮੈਂ ਤਾਂ ਸਿੱਧੀ ਐਸ ਡਰਾਇੰਗਰੂਮ ਵੱਲ ਨੂੰ ਹੀ ਦੌੜੀ ਸੀ। ਰੂਮ 'ਚ ਵੜਦਿਆਂ ਹੀ, ਹੇਠਾਂ-ਉੱਪਰ ਤੇ ਸੱਜੇ-ਖੱਬੇ ਝਾਕਦੀ ਹੋਈ, ਮੈਂ ਸਾਰੇ ਕਮਰੇ ਨੂੰ ਨਜ਼ਰਾਂ ਨਾਲ਼ ਫਰੋਲਣ ਲੱਗ ਪਈ ਸਾਂ।

-ਤੂੰ ਤਾਂ, ਸੁੱਖੀ, ਕਨੇਡਾ ਤੋਂ ਮੌਨਸੂਨ ਵੀ ਨਾਲ਼ ਈ ਲੈ ਆਈ ਐਂ, ਖੁਲ੍ਹੀ ਦਾਹੜੀ ਉਦਾਲ਼ੇ ਲਪੇਟੇ ਆਪਣੇ ਪੰਜੇ ਨਾਲ਼ ਦਾਹੜੀ ਦੀ ਸਫ਼ੈਦੀ ਨੂੰ ਪੇਟ ਵੱਲ ਨੂੰ ਨਿਚੋੜਦੇ ਹੋਏ, ਗ੍ਰੈਂਡਪਾ ਬੋਲੇ ਸੀ। ਨਿੱਕੀਆਂ ਨਿੱਕੀਆਂ ਕਣੀਆਂ ਸ਼ੁਰੂ ਹੋਗੀਆਂ ਸੀ ਅੱਜ ਸਵੇਰੇ ਈ!

ਐਸ ਬਿਲਡਿੰਗ ਨੂੰ ਤੁਸੀਂ ਬੱਸ ਕੋਠੀ ਈ ਕਹਿਨੇ ਓਂ, ਗ੍ਰੈਂਡਪਾ? ਮੈਂ ਚੌੜੀਆਂ-ਹੋ-ਗਈਆਂ ਅੱਖਾਂ ਨਾਲ਼ ਆਲ਼ੇ-ਦੁਆਲ਼ੇ ਨੂੰ ਉਧੇੜਦਿਆਂ ਬੋਲੀ ਜਾ ਰਹੀ ਸਾਂ, ਤੇ ਮੇਰੇ ਮੋਢੇ ਵਾਰ-ਵਾਰ ਮੇਰੇ ਕੰਨਾਂ ਵੱਲ ਨੂੰ ਉੱਭਰ ਰਹੇ ਸਨ। -ਇਟ'ਸ ਅ ਮਿਨੀ-ਕੈਸਲ, ਗ੍ਰੈਂਡਪਾ, ਕੈਸਲ! ਜਸਟ ਗੋਰਜਸ!

-ਪਹਿਲਾਂ ਚਾਹ ਪੀਣੀ ਆਂ ਕਿ ਜੂਸ, ਸੁੱਖ?

ਪਰ ਮੇਰੀ ਨਜ਼ਰ ਨੂੰ ਤਾਂ ਪਿਛਲੀ ਕੰਧ ਦੀ ਖਿੜਕੀ ਨੇ ਰੱਸੀ ਪਾ ਕੇ ਖਿੱਚਿਆ ਹੋਇਆ ਸੀ: ਓ ਮਾਈ ਗਾਡ! ਲੁਕ ਐਟ ਦ ਕਰਟਨਜ਼! ਦ ਕਲਰ-ਕਾਂਬੀਨੇਸ਼ਨ ਪੁਲਜ਼ ਮਾਈ ਹਾਰਟ ਆਊਟ!

ਮੈਨੂੰ ਨਹੀਂ ਸੀ ਸੁਣ ਰਿਹਾ ਗ੍ਰੈਂਡਪਾ ਕੀ ਬੋਲ ਰਹੇ ਸਨ; ਬੱਸ ਐਨਾ ਕੁ ਪਤੈ ਕਿ ਉਹ ਕੁਝ ਬੋਲੇ ਜ਼ਰੂਰ ਸਨ, ਸ਼ਾਇਦ ਮੰਮੀ ਵੱਲੋਂ ਫ਼ੋਨ ਆਉਣ ਬਾਰੇ ਕੁਝ ਕਹਿ ਰਹੇ ਸਨ!

ਮੈਂ ਆਪਣੀਆਂ ਅੱਖਾਂ ਨੂੰ ਹੁਣ ਪਰਦਿਆਂ ਤੋਂ ਪੱਟ ਕੇ ਮਾਰਬਲ ਦੇ ਫਰਸ਼ ਉੱਪਰ ਲੈ ਆਂਦਾ ਸੀ। ਵਾਓ!

ਮੇਰਾ ਸਿਰ ਸੱਜੇ-ਖੱਬੇ ਹਿੱਲੀ ਜਾ ਰਿਹਾ ਸੀ।

-ਓ, ਧੀਏ, ਤੂੰ ਮੇਰੀ ਗੱਲ ਵੀ ਸੁਣ ਲੈ ਹੁਣਅਅ! ਗ੍ਰੈਂਡਪਾ ਆਪਣੇ ਚਿੱਟੇ ਕੁੜਤੇ ਤੋਂ ਗ਼ੈਰਹਾਜ਼ਰ ਧੂੜ ਨੂੰ ਝਾੜਨ ਲੱਗੇ ਸਨ। ਪੂਰਾ ਮਹੀਨਾ ਹੁਣ ਏਸੇ ਈ ਕੋਠੀ 'ਚ ਰਹਿਣੈ ਤੂੰ! ਖਾ-ਪੀ ਲਾ ਪਹਿਲਾਂ ਕੁਸ਼!

ਪਰ ਮੇਰੇ ਸਾਹਮਣੇ 'ਪੰਜਾਬ: ਲੈਂਡ ਐਂਡ ਪੀਪਲ' ਖੁਲ੍ਹਣ ਲੱਗੀ ਸੀ: ਐਡਾ ਸੋਹਣਾ ਦੇਸ, ਤੇ ਐਡੀ ਮੋਹਣੀ ਗਰੀਨਰੀ! ਖੇਤਾਂ ਦੀ ਹਰਿਆਵਲ ਦੇ ਐਨ ਵਿਚਾਲ਼ੇ ਬਣੀ ਹੋਈ ਆਹ ਕੋਠੀ! ਛੁੱਟੀਆਂ ਕੱਟਣ ਲਈ ਗ੍ਰੇਟ ਪਲੇਸ!

-ਆ ਫਿਰ ਤੈਨੂੰ ਤੇਰਾ ਬੈੱਡਰੂਮ ਦਿਖਾਵਾਂ, ਸੁੱਖੀ! ਗ੍ਰੈਂਡਪਾ ਆਪਣੇ ਕੜੇ ਨੂੰ ਖੱਬੇ-ਸੱਜੇ ਫੇਰਦੇ ਹੋਏ ਬੈੱਡਰੂਮ ਵੱਲ ਨੂੰ ਹੋ ਤੁਰੇ ਸਨ।

ਹੈੱਡ-ਬੋਰਡ ਵਾਲ਼ੇ ਡਬਲ-ਬੈੱਡ ਦੀ ਚਾਦਰ ਦੀ ਹਲਕੀ ਜਿਹੀ ਹਰਿਆਲੀ 'ਤੇ ਘੜੀਸਵੀਂ ਜਿਹੀ ਨਜ਼ਰ ਮਾਰ ਕੇ ਮੈਂ ਆਪਣਾ ਚਿਹਰਾ ਖੱਬੇ ਪਾਸੇ ਵਾਲ਼ੇ ਖੂੰਜੇ ਵੱਲ ਨੂੰ ਗੇੜਿਆ ਸੀ: ਕਾਫ਼ੀ-ਟੇਬਲ ਉੱਤੇ ਵਿਛੇ ਟੇਬਲ-ਕਲਾਥ ਨੇ ਮੇਰੀਆਂ ਅੱਖਾਂ ਨੂੰ ਤੁਣਕਾ ਮਾਰ ਕੇ ਖਿੱਚ ਲਿਆ ਸੀ।

-ਵਾਅਅਓ! ਮੇਰੇ ਬੁੱਲ੍ਹ ਪਾਸਿਆਂ ਵੱਲ ਨੂੰ ਖਿੰਡ ਗਏ ਸਨ। ਲੁਕ ਐਟ ਦੀਜ਼ ਪੀਅਕਾਕਸ! ਮੈਂ ਆਪਣਾ ਸੱਜਾ ਪੰਜਾ ਉਨ੍ਹਾਂ ਵੱਲ ਹਿਲਾਇਆ ਸੀ। -ਹਾਏ ਕਿਊਟੀਜ਼!

-ਤੇਰੀ ਦਾਦੀ ਨੇ ਕੱਢਿਆ ਸੀ ਏਹਨਾਂ ਪੰਛੀਆਂ ਨੂੰ, ਸੁੱਖੇ! ਹਾਉਕੇ ਨੂੰ ਅੱਧ 'ਚ ਹੀ ਰੋਕਦਿਆਂ ਗ੍ਰੈਂਡਪਾ ਨੇ ਟੇਬਲ-ਕਲਾਥ ਦੇ ਐਨ ਵਿਚਕਾਰ, ਰੰਗ-ਬਰੰਗੇ ਧਾਗਿਆਂ ਦੀ ਕਢਾਈ ਨਾਲ਼ ਚਿਤਰੇ ਮੋਰ ਤੇ ਮੋਰਨੀ ਵੱਲ ਪੰਜਾ ਵਧਾਇਆ ਸੀ। -ਬਹੁਤ ਈ ਬਰੀਕ ਸੂਈ ਨਾਲ਼ ਲੱਗੀ ਰਹੀ ਸੀ ਉਹ ਕਈ ਹਫ਼ਤੇ!

ਗਰੈਂਡਮਾ ਦਾ ਜ਼ਿਕਰ ਹੁੰਦਿਆਂ ਹੀ ਗ੍ਰੈਂਡਪਾ ਦੇ ਚਿਹਰੇ ਉੱਪਰ ਸ਼ਾਮ ਉੱਤਰ ਆਈ ਸੀ, ਤੇ ਮੈਨੂੰ ਜਾਪਿਆ ਸੀ ਟੇਬਲ-ਕਲਾਥ ਵਾਲ਼ੇ ਜੋੜੇ 'ਚੋਂ ਵਿਚਾਰੀ ਮੋਰਨੀ ਜਿਵੇਂ ਫ਼ਰਸ਼ 'ਤੇ ਡਿੱਗ ਕੇ ਮਾਰਬਲ



'ਚ ਡੁੱਬ ਗਈ ਹੋਵੇ: ਗ੍ਰੈਂਡਪਾ ਵੀ ਤਾਂ ਇਹੀ ਕਹਿੰਦੇ ਹੁੰਦੇ ਸੀ ਪਈ ਜਦੋਂ ਸਾਹ ਨਿੱਕਲ਼ ਜਾਂਦੇ ਨੇ ਤਾਂ ਬਾਡੀ ਬੱਸ ਮਿੱਟੀ 'ਚ ਰਲਣ ਜੋਗੀ ਹੀ ਰਹਿ ਜਾਂਦੀ ਹੈ।

ਦੂਰੋਂ ਸਪੀਕਰ ਉੱਪਰ ਭਰੜਾਉਂਦੀ ਅਵਾਜ਼ ਆ ਰਹੀ ਹੈ: ਵਾਹਿਗੁਰੂ ਜੀ ਕਾ ਖ਼ਾਲਸਾਅਅਅ, ਵਹਿਗੁਰੂ ਜੀ ਕੀ ਫਤੇਅਅਅ! ਖ਼ਾਲਸਾ ਜੀ ਪੰਜ ਵਜੇ ਦਾ ਟੈਮ ਹੋ ਗਿਆ ਹੈ!

ਤੇ ਅਚਾਨਕ ਹੀ ਗਰੜ-ਗਰੜ ਦੀ ਆਵਾਜ਼ ਨਾਲ਼ ਖਿੜਕੀਆਂ ਖੜਕਣ ਲੱਗ ਪਈਆਂ ਹਨ। ਦਹੀਂ ਵਾਂਙੂੰ ਜੰਮੀ ਹੋਈ ਮੇਰੀ ਨੀਂਦਰ ਵਿੱਚ ਜੀਕਣ ਲੱਕੜੀ ਦਾ ਚਮਚਾ ਫਿਰ ਗਿਆ ਹੈ।

ਮੇਰਾ ਹੱਥ ਸਿਰਹਾਣੇ ਹੇਠ ਪਈ ਸਵਿੱਚ ਨੂੰ ਲੱਭਣ ਲਈ ਐਧਰ-ਓਧਰ ਘੁੰਮ ਰਿਹਾ ਹੈ।

ਸਵਿੱਚ ਮੇਰੀਆਂ ਉਂਗਲ਼ਾਂ 'ਚ ਆਉਂਦੀ ਹੈ ਤੇ ਕਮਰੇ ਦੀ ਸਾਰੀ ਪਰਜਾ ਜਾਗ ਪੈਂਦੀ ਹੈ: ਬੈੱਡ ਦੇ ਸੱਜੇ ਪਾਸੇ ਵਾਲ਼ੀਆਂ ਦੋਵੇਂ ਕੁਰਸੀਆਂ ਤੇ ਉਨ੍ਹਾਂ ਦੇ ਵਿਚਕਾਰ ਖਲੋਤਾ ਟੇਬਲ; ਖੱਬੇ ਪਾਸੇ ਵਾਲ਼ਾ ਡਰੈੱਸਰ ਤੇ ਉਸ ਉੱਪਰ ਖਲੋਤਾ ਲੰਬੂਤਰਾ ਸ਼ੀਸ਼ਾ; ਸ਼ੀਸ਼ੇ ਦੇ ਨਾਲ਼ ਹੀ ਗੁੰਮ-ਸੁੰਮ ਖਲੋਤਾ ਵਾਰਡਰੋਬ; ਤੇ ਰਾਤ ਭਰ ਠੰਡੇ ਸਾਹ ਭਰਦਾ ਰਿਹਾ ਸਪਲਿਟ ਏ. ਸੀ.।

ਵਾਸ਼ਰੂਮ ਤੋਂ ਵਿਹਲੀ ਹੋ ਕੇ ਮੈਂ 'ਪੰਜਾਬ: ਲੈਂਡ ਐਂਡ ਪੀਪਲ' ਨੂੰ ਆਪਣੇ ਪਰਸ 'ਚੋਂ ਬਾਹਰ ਕੱਢ ਲਿਆ ਹੈ। ਏ. ਸੀ. ਦੀ ਸਵਿੱਚ ਨੂੰ ਹੇਠਾਂ ਨੂੰ ਸੁੱਟ ਕੇ, ਮੈਂ ਡਰਾਇੰਗਰੂਮ 'ਚ ਸੋਫ਼ੇ 'ਤੇ ਆ ਬੈਠੀ ਹਾਂ।

ਮੇਰੀ ਨਜ਼ਰ, ਸਾਹਮਣੇ ਵਾਲ਼ੀ ਕੰਧ ਦੇ ਵਿਚਕਾਰਲੇ ਹਿੱਸੇ ਉੱਪਰ ਦੂਰ ਤੀਕਰ ਫੈਲਰੀ ਪੋਸਟਰ-ਸਾਈਜ਼ ਤਸਵੀਰ ਉੱਪਰ ਜੰਮ ਗਈ ਹੈ! ਤਸਵੀਰ ਵਿਚਲੇ ਦੋਹਾਂ ਕਿਰਦਾਰਾਂ ਵੱਲ ਦੇਖਦਿਆਂ ਮੇਰੀਆਂ ਅੱਖਾਂ 'ਚ ਹਾਸੀ ਟਪਕਣ ਲਗਦੀ ਹੈ: ਪੰਜਾਂ ਸਾਲਾਂ 'ਚ ਈ ਕਿੰਨੇ ਬਦਲ ਗਏ ਆਂ ਅਸੀਂ ਦੋਵੇਂ ਈ!

ਕਿਰਦਾਰਾਂ ਨੂੰ ਦੇਖਦੀ-ਦੇਖਦੀ ਮੈਂ ਕਈ ਸਾਲ ਪਿੱਛੇ ਵੱਲ ਨੂੰ ਦੌੜਨ ਲਗਦੀ ਹਾਂ। ਸੋਚਣ ਲਗਦੀ ਹਾਂ ਜਦੋਂ ਦੀ ਮੈਂ ਸੁਰਤ ਸੰਭਾਲ਼ੀ ਹੈ ਡੈਡੀ ਜੀ ਬਸ ਝੱਲ-ਵਲੱਲੇ ਈ ਦਿਸੇ ਐ ਮੈਨੂੰਬੱਚਿਆਂ ਵਾਂਙਣ ਸ਼ਰਾਰਤੀ ਤੇ ਫੰਨੀ! ਜਿਸ ਦਿਨ ਆਹ ਤਸਵੀਰ ਖਿੱਚੀ ਸੀ ਉਸ ਦਿਨ ਦੁਪਹਿਰੇ ਹੀ ਬੀਅਰ ਵਾਲ਼ੇ ਮਗ ਨੂੰ ਧੋਣ ਲੱਗ ਪਏ ਸਨ। ਕਦੇ ਤਾਂ ਫੈਮਿਲੀਰੂਮ 'ਚ ਗ੍ਰੈਂਡਪਾ ਦਾ ਸਮਾਨ ਸੂਟਕੇਸ 'ਚ ਪੈਕ ਕਰ ਰਹੇ ਮੰਮੀ ਜੀ ਦੇ ਸਿਰ 'ਤੇ ਠੋਲਾ ਮਾਰ ਦਿੰਦੇ ਤੇ ਕਦੇ ਮੇਰੀ ਪੋਨੀ-ਟੇਲ ਨੂੰ ਤੁਣਕਾ ਮਾਰ ਕੇ ਆਪਣਾ ਮੂੰਹ ਕੰਧ ਵੱਲੀਂ ਕਰ ਲੈਂਦੇ। ਬੀਅਰ ਦੀ ਅਗਲੀ ਬੋਤਲ ਨੂੰ ਖੋਲ੍ਹਣ ਤੋਂ ਪਹਿਲਾਂ, ਇੱਕ-ਦਮ ਉੱਠੇ ਤੇ ਕਾਹਲ਼ੇ ਕਦਮੀ ਸਟੱਡੀਰੂਮ ਵੱਲੀਂ ਤੁਰ ਗਏ ਸਨ।

ਸਟੱਡੀਰੂਮ 'ਚੋਂ ਡਰਾਅਰ ਦੇ ਖੁਲ੍ਹਣ ਦਾ ਖੜਾਕ ਹੋਇਆ ਸੀ, ਤੇ ਅਗਲੇ ਪਲੀਂ, ਸਿਰ ਨੂੰ ਝਟਕੇ ਮਾਰਦੇ, ਹੋਏ ਵਾਪਿਸ ਤੁਰੇ ਆਉਂਦੇ ਸਨ।

ਉੱਠੋ, ਪਾਪਾ ਜੀ! ਗ੍ਰੈਂਡਪਾ ਨੂੰ ਹੁਕਮ ਹੋਇਆ ਸੀ। ਚਲੋ ਬੈਠੋ ਬਾਬੇ ਦੀ ਬੀੜ ਦੇ ਪਿਛਲੇ ਪਾਸੇ!

-ਓਏ ਦਸਤਾਰ ਤਾਂ ਸਜਾਅ ਲੈਣ ਦੇ! ਗ੍ਰੈਂਡਪਾ ਮੁੱਛਾਂ ਉੱਪਰ ਉਂਗਲ਼ਾਂ ਫੇਰਨ ਲੱਗ ਪਏ ਸਨ। ਨਾਲ਼ੇ ਕੁੜਤਾ ਵੀ ਬਦਲ ਲਵਾਂ!

-ਨਾ, ਨਾ, ਨਾ! ਸਿਰ ਫੇਰਦੇ ਹੋਏ ਡੈਡੀ, ਗ੍ਰੈਂਡਪਾ ਨੂੰ, ਬਾਬਾ ਜੀ ਦੀ ਬੀੜ ਵਾਲੇ ਕਮਰੇ ਵੱਲ ਨੂੰ ਖਿੱਚਣ ਲੱਗ ਪਏ ਸਨ। ਕੁਦਰਤੀ ਪੋਜ਼ ਈ ਤਾਂ ਅਸਲ ਪਿਕਚਰ ਹੁੰਦੀ ਐ, ਪਾਪਾ ਜੀ! ਆਹ ਚੁੱਕੋ ਪਰਨਾ, ਤੇ ਸ਼ੀਸ਼ੇ ਤੋਂ ਬਿਨਾ ਈ ਲਪੇਟੋ ਸਿਰ ਦੇ ਉਦਾਲ਼ੇ!

ਗ੍ਰੈਂਡਪਾ ਪਰਨਾ ਲਪੇਟ ਰਹੇ ਸਨ ਤਾਂ ਡੈਡੀ ਦਾ ਚਿਹਰਾ ਮੇਰੇ ਵੱਲ ਸੇਧਤ ਹੋ ਗਿਆ ਸੀ।

-ਤੂੰ ਵੀ ਉੱਠ, ਸੁੱਖੀ, ਡੈਡੀ ਆਪਣੇ ਸੱਜੇ ਹੱਥ ਦੀ ਪਹਿਲੀ ਉਂਗਲ਼ ਨੂੰ ਤੁਣਕਣ ਲੱਗ ਪਏ ਸਨ। -ਬੈਠ ਪਾਪਾ ਜੀ ਦੇ ਸੱਜੇ ਪਾਸੇ!

ਗੋਡਣੀ ਮਾਰ ਕੇ ਸਾਡੇ ਸਾਹਮਣੇ ਬੈਠੇ ਡੈਡੀ ਕੈਮਰੇ ਦੇ ਲੈਨਜ਼ ਨੂੰ ਖੱਬੇ-ਸੱਜੇ ਮਰੋੜੀ ਜਾਂਦੇ ਸਨ! ਥੋੜ੍ਹਾ ਜਿਹਾ ਮੁਸਕ੍ਰਾਓ, ਪਾਪਾ ਜੀ!

-ਉਏ ਬਹੁਤੇ ਟਸ਼ਨੇ ਨਾ ਕਰੀ ਜਾਹ! ਗ੍ਰੈਂਡਪਾ ਬੁੜਬੁੜਾਏ ਸਨ। -ਖਿੱਚ ਜਲਦੀ ਜਲਦੀ, ਤੇ ਮੈਨੂੰ ਚੈੱਕ ਕਰਨ ਦੇ ਆਵਦਾ ਪਾਸਪੋਅਟ!

-ਏਹ ਫ਼ੋਟੋ 'ਗਰਚਾ ਭਵਨ' ਦੇ ਡਰਇੰਗਰੂਮ 'ਚ ਸਜਣੀ ਐਂ ਪਾਪਾ ਜੀ, ਡਰਾਇੰਗਰੂਮ 'ਚ, ਫਾਈ-ਬਾਈ-ਪੰਜ ਦਾ ਪੋਸਟਰ ਦਾ ਬਣ ਕੇ!

-ਕਿਹੜੇ ਗਰੇਡ 'ਚ ਸੀ ਮੈਂ ਭਲਾ ਜਿੱਦੋਂ ਆਹ ਫ਼ੋਟੋ ਖਿੱਚੀ ਸੀ? ਮੈਂ ਅੱਖਾਂ ਨੂੰ ਸੁੰਗੇੜ ਕੇ ਬੁੜਬੁੜਾਉਂਦੀ ਹਾਂ।

-ਮੈਂ ਦੱਸਾਂ? ਆਪਣੇ ਕਮਰੇ ਦੇ ਬੂਹੇ 'ਚ ਖਲੋਤੇ, ਮੈਨੂੰ ਵਾਚ ਕਰ ਰਹੇ ਗ੍ਰੈਂਡਪਾ ਡਰਾਇੰਗਰੂਮ 'ਚ ਆ ਕੇ ਹੱਸਣ ਲੱਗ ਪਏ ਨੇ।

-ਤੁਸੀਂ ਤਾਂ ਮੈਨੂੰ ਡਰਾਅ ਈ ਦਿੱਤਾ, ਗ੍ਰੈਂਡਪਾ!

-ਸੱਤਵੀਂ ਦੇ ਅਖੀਰ 'ਚ ਸੀ, ਮੇਰਾ ਸੁਖੜੂ!

-ਯੱਪ! ਮੈਂ ਆਪਣੇ ਸਿਰ ਨੂੰ ਸੱਜੇ-ਖੱਬੇ ਟੇਢਾ ਕਰਨ ਲੱਗ ਪਈ ਹਾਂ।

ਓ ਤੂੰ ਐਨੀ ਸਵੱਖ਼ਤੇ ਕਿਉਂ ਜਾਗ ਪਿਆ, ਸੁੱਖਿਆ?

-ਚੰਗਾ ਹੋਇਆ ਜਾਗ ਆਗੀ, ਗ੍ਰੈਂਡਪਾ, ਮੈਂ ਵਰਕੇ ਦੀ ਕੰਨੀ ਮਰੋੜ ਕੇ ਕਿਤਾਬ ਬੰਦ ਕਰ ਦਿੱਤੀ ਹੈ। -ਜੋ ਕੁਝ ਮੈਂ ਇਸ ਕਿਤਾਬ 'ਚ ਪੜ੍ਹਿਐ ਬੀਤੇ ਮਹੀਨਿਆਂ 'ਚ, ਉਸ ਨੂੰ ਮੈਂ ਕੱਲ੍ਹ ਦਿੱਲੀ ਤੋਂ ਪੰਜਾਬ ਵੱਲ ਆਉਂਦਿਆਂ ਸਾਰੇ ਰਾਹ ਈ ਲੱਭਦੀ ਰਹੀ!

-ਕਿੰਨਾ ਕੁ ਲੱਭਿਆ ਫੇਅ?

-ਬਾਹਰ ਤਾਂ ਥੋੜ੍ਹਾ ਈ ਲੱਭਿਐ!

-ਓ ਰਵਾਇਤੀ ਪੰਜਾਬ ਤਾਂ ਭਾਈ ਹੁਣ ਪਿੰਡਾਂ 'ਚ ਈ ਰਹਿ ਗਿਐ ਮਾੜਾ-ਮੋਟਾ! ਗ੍ਰੈਂਡਪਾ ਆਪਣੇ ਗਲ਼ੇ ਨੂੰ ਖੰਘੂਰਦੇ ਹਨ। -ਗ੍ਰੰਥੀ ਬੋਲਦੈ ਪੰਜ ਵਜੇ ਸਪੀਕਰ 'ਤੇ, ਤੇ ਪੰਦਰਾਂ ਮਿੰਟਾਂ 'ਚ ਅੱਧਾ ਪਿੰਡ ਗੁਰਦਵਾਰੇ ਦੇ ਮੇਨ-ਹਾਲ 'ਚ ਹੱਥ ਜੋੜੀ ਬੈਠਾ ਹੁੰਦੈ!

ਸੇਵਾਦਾਰ ਲੜਕੀ ਚਾਹ ਦੀਆਂ ਪਿਆਲੀਆਂ ਵਾਲੀ ਟਰੇਅ ਨੂੰ ਕਾਫ਼ੀ-ਟੇਬਲ ਉੱਪਰ ਟਿਕਾਅ ਰਹੀ ਹੈ।

-ਰਾਤ ਤੋਂ ਸਾਰੀ ਰਾਤ ਬਾਰਸ ਹੋਂਦੀ ਰਹੀ, ਬਾਬਾ ਜੀ! ਲੜਕੀ ਨੇ ਕੇਤਲੀ ਦਾ ਟੋਪਾ ਉਤਾਰ ਕੇ ਇੱਕ ਪਾਸੇ ਰੱਖ ਦਿੱਤਾ ਹੈ। ਮੋਹਲੇਧਾਰ!

-ਅੱਛਾਅ? ਗ੍ਰੈਂਡਪਾ ਕਾਫ਼ੀ-ਟੇਬਲ ਦੇ ਲਾਗੇ ਡੱਠੀ ਕੁਰਸੀ ਉੱਪਰ ਬੈਠ ਗਏ ਨੇ। ਏ. ਸੀ.ਦੇ ਖੜਕੇ 'ਚ ਮੈਨੂੰ ਨੀ ਸੁਣਿਆਂ ਕੁੱਛ ਵੀ ਰਾਤ ਨੂੰ!

ਟਰੇਅ 'ਚ ਪਏ ਬਿਸਕਿਟਾਂ ਵੱਲ ਝਾਕਦਿਆਂ ਮੇਰੇ ਮੂੰਹ 'ਚ ਜ਼ੀਰੇ ਅਤੇ ਨਮਕ ਦਾ ਸਵਾਦ ਘੁਲਣ ਲੱਗ ਪਿਆ ਹੈ।

ਬਰੇਕਫ਼ਾਸਟ ਕੀਨੇ ਬਜੇ ਬਨਾਊਂ, ਬਾਬਾ ਜੀ?

-ਬ੍ਰੇਕਫ਼ਾਸਟ ਤਾਂ, ਰੂਪਰਾਣੀ, ਲੁਦੇਹਾਣੇ ਜਾ ਕੇ ਕਰਨਾਂ, ਗ੍ਰੈਂਡਪਾ ਚਾਹ ਵਾਲ਼ੀ ਕੇਤਲੀ ਦੀ ਟੂਟੀ ਨੂੰ ਮੇਰੇ ਵਾਲ਼ੀ ਪਿਆਲੀ ਉੱਪਰ ਟੇਢਾ ਕਰਦੇ ਹਨ। ਸੁੱਖੀ ਦੇ ਚਾਚੀ-ਚਾਚਾ ਉਡੀਕੀ ਜਾਂਦੇ ਐ ਓਥੇ!

ਚਾਹ ਦੀ ਪਿਆਲੀ ਨੂੰ ਚੁੱਕ ਕੇ ਮੈਂ ਵਿਹੜੇ ਵੱਲੀਂ ਝਾਕਦੀ ਹਾਂ। ਦੂਰ ਤੀਕਰ ਫੈਲੇ ਪੱਕੀਆਂ ਇੱਟਾਂ ਦੇ ਵਿਹੜੇ ਵੱਲੀਂ! ਨਮੀ ਨਾਲ਼ ਗੂੜ੍ਹੀਆਂ ਹੋ ਗਈਆਂ ਗੇਰੂਆ-ਇੱਟਾਂ ਉੱਤੇ ਉੱਤਰੀਆਂ ਗੁਟਾਰਾਂ, ਕੀੜੇ-ਮਕੌੜਿਆਂ ਦੀ ਭਾਲ਼ 'ਚ, ਏਧਰ ਓਧਰ ਫੁਦਕ ਰਹੀਆਂ ਹਨ। ਤੇ ਔਹ ਦੂ...ਰ ਮੇਨਗੇਟ ਉੱਪਰ ਰੁੱਖਾਂ ਦੇ ਪੱਤਿਆਂ 'ਚੋਂ ਚੋਅ ਰਹੀਆਂ ਹਲਕੀਆਂ ਹਲਕੀਆਂ ਬੂੰਦਾਂ!

-ਚਾਹ ਮੁਕਾ ਲਾ ਜਲਦੀ ਜਲਦੀ, ਸੁੱਖਿਆ, ਗ੍ਰੈਂਡਪਾ ਹੱਥ 'ਚ ਪਕੜੇ ਬਿਸਕਿਟ ਨੂੰ ਤੋੜ ਕੇ



ਦੋ ਟੁਕੜੇ ਕਰ ਦਿੰਦੇ ਹਨ। -ਮੈਂ ਤੈਨੂੰ ਜ਼ਮੀਨ ਦਿਖਾਉਣੀ ਐਂ ਤੇਰੇ ਡੈਡੀ ਦੇ ਹਿੱਸੇ ਦੀ।

-ਡੈਡੀ ਦੇ ਹਿੱਸੇ ਦੀ? ਮੇਰੇ ਮੱਥੇ 'ਤੇ ਸਿਲਵਟਾਂ ਉਠਦੀਆਂ ਹਨ। ਵਟ੍ਹ ਅਬਾਊਟ ਲੁਧਿਆਣੇ ਵਾਲ਼ੇ ਚਾਚਾ ਜੀ?

ਗ੍ਰੈਂਡਪਾ ਆਪਣੇ ਖੱਬੇ ਪੰਜੇ ਨੂੰ ਖਿਲਾਰਦੇ ਹਨ, ਅਤੇ ਆਪਣੀਆਂ ਸੱਜੀਆਂ ਉਂਗਲਾਂ 'ਚ ਪਕੜੇ ਬਿਸਕਿਟ ਦੇ ਕੋਨੇ ਨਾਲ, ਗੁੱਟ ਲਾਗਿਓਂ ਵਿਚਕਾਰਲੀ ਉਂਗਲ ਵੱਲ ਨੂੰ ਲਕੀਰ ਖਿੱਚ ਦੇਂਦੇ ਹਨ। ਆਹ ਸੜਕ ਲੰਘਦੀ ਐ, ਆਪਣੀ ਜ਼ਮੀਨ ਦੇ ਐਨ ਵਿਚਕਾਰੋਂ ਦੀ, ਸੁੱਖੀ! ਸੜਕ ਤੋਂ ਪਾਰਲੀ ਜ਼ਮੀਨ ਨੂੰ ਪਿੰਡ ਦੇ ਲੋਕ 'ਖੂਹ ਆਲ਼ੀ' ਸਦਦੇ ਆ; ਉਹ ਜ਼ਮੀਨ ਮੈਂ, ਪੁੱਤਰਾ, ਤੇਰੇ ਡੈਡੀ ਦੇ ਨਾਮ ਕਰਤੀ ਐ, ਤੇ ਸੜਕ ਤੋਂ ਐਧਰਲੇ ਪਾਸੇ ਆਲ਼ੀ ਤੇਰੇ ਚਾਚੇ ਦੇ ਹਿੱਸੇ ਆਗੀ ਐ।

ਜ਼ਮੀਨ ਦਾ ਜ਼ਿਕਰ ਹੁੰਦਿਆਂ ਮੇਰੇ ਜ਼ਿਹਨ ਵਿੱਚ ਪਾਣੀ 'ਚ ਡੁੱਬੀਆਂ ਫ਼ਸਲਾਂ ਤਰਨ ਲਗਦੀਆਂ ਨੇ ਜਿਨ੍ਹਾਂ ਨੂੰ ਪਿਛਲੇ ਸਾਲ ਮੈਂ ਕੈਨੇਡਾ 'ਚ ਟੀ. ਵੀ. ਉੱਤੇ ਦੇਖਿਆ ਸੀ।

-ਆਪਣਾ ਪਿੰਡ ਵੀ ਡੁੱਬ ਗਿਆ ਸੀ ਪਾਣੀ 'ਚ, ਸੁੱਖੀ!

-ਓ ਮਾਈ ਗਾਡ! ਮੇਰਾ ਚਿਹਰਾ ਲਮਕਵੀਂ ਚਾਲੇ ਸੱਜੇ ਖੱਬੇ ਗਿੜਦਾ ਹੈ।

-ਸਿਰਫ਼ ਆਪਣੀਆਂ ਫ਼ਸਲਾਂ ਈ ਬਚੀਆਂ ਸੀ, ਗ੍ਰੈਂਡਪਾ ਨੇ ਆਪਣੇ ਪੰਜੇ ਨੂੰ ਫ਼ਰਸ਼ ਤੋਂ ਦੋ ਫੁੱਟ ਉੱਚਾ ਚੁੱਕ ਲਿਆ ਹੈ। -ਆਪਣੀ ਪੈਲ਼ੀ ਐਨੀ ਉੱਚੀ ਐ ਬਾਕੀ ਪਿੰਡ ਨਾਲ਼ੋਂ... ਏਨਾ ਉੱਚਾ ਨੀ ਚੜ੍ਹ ਸਕਦਾ ਪਾਣੀ ਭਾਵੇਂ ਸਾਰਾ ਪੰਜਾਬ ਡੁੱਬਜੇ!

-ਪੂਅਰ ਫ਼ਾਰਮਰਜ਼, ਮੇਰਾ ਹਾਉਕਾ ਨਿੱਕਲਦਾ ਹੈ।

ਲਾਬੀ 'ਚ 'ਡਿੰਗ-ਡਾਂਗ! ਡਿੰਗ-ਡਾਂਗ' ਹੁੰਦੀ ਹੈ।

ਗ੍ਰੈਂਡਪਾ ਕਿਚਨ ਵੱਲੀਂ ਚਿਹਰਾ ਘੁੰਮਾਅ ਕੇ ਆਵਾਜ਼ ਦੇਂਦੇ ਹਨ: ਗੇਟ ਖੋਲ੍ਹ, ਰੂਪਰਾਣੀ! ਬਾਹਰ ਜਾ ਕੇ ਦੇਖ ਕੌਣ ਆ ਗਿਆ ਐਨੇ ਸਵਖਤੇ!

ਮੈਂ ਤੇ ਗ੍ਰੈਂਡਪਾ ਡਰਾਇੰਗਰੂਮ ਦੇ ਜਾਲ਼ੀਦਾਰ ਦਰਵਾਜ਼ੇ ਰਾਹੀਂ ਦੂ...ਰ ਚਾਰਦੀਵਾਰੀ ਦੇ ਮੇਨਗੇਟ ਵੱਲ ਦੇਖਣ ਲਗਦੇ ਹਾਂ!

-ਲੋਕ ਵੀ, ਸਾਲ਼ੇ, ਟਿਕਣ ਕਿਹੜਾ ਦਿੰਦੇ ਐ, ਗ੍ਰੈਂਡਪਾ ਬੁੜਬੁੜਾਉਂਦੇ ਹਨ। -ਸਵੇਰੇ ਈ ਆ ਧਮਕਦੇ ਐ!

ਚੌੜੇ ਗੇਟ ਦੇ ਖੱਬੇ ਪੱਲੇ 'ਚ ਤਰਾਸ਼ੀ ਆਦਮ-ਕੱਦ ਦਰਵਾਜ਼ੀ, ਵਿਹੜੇ ਵੱਲ ਨੂੰ ਖੁਲ੍ਹਦੀ ਹੈ।

ਦੋ ਨੰਗੇ ਪੈਰ ਜਕਦੇ-ਜਕਦੇ ਅੰਦਰ ਦਾਖ਼ਲ ਹੁੰਦੇ ਹਨ।

ਉਨ੍ਹਾਂ ਦੇ ਪਿੱਛੇ ਹੋਰ ਪੈਰ, ਤੇ ਹੋਰਾਂ ਦੇ ਪਿੱਛੇ ਹੋਰ ਤੇ ਹੋਰ ਤੇ ਹੋਰ: ਗਾਰੇ ਨਾਲ਼ ਲਿੱਬੜੇ ਪੰਜੇ ਤੇ ਕਾਲ਼ੀਆਂ-ਕਲੂਟ ਲੱਤਾਂ ਦੀ ਭੀੜ ਮੇਨ ਗੇਟ 'ਤੇ ਬੇਚੈਨੀ ਖਿਲਾਰਨ ਲਗਦੀ ਹੈ!

ਭੀੜ ਨੂੰ ਗੇਟ 'ਤੇ ਖਲ੍ਹਿਆਰ ਕੇ ਰੂਪਰਾਣੀ ਵਾਪਿਸ ਪਰਤ ਰਹੀ ਹੈ।

-ਸਰਪੰਚੀ ਕਰਨ ਦਾ ਆਹ ਨੁਕਸਾਨ ਐ, ਸੁੱਖੀ, ਗ੍ਰੈਂਡਪਾ ਦੇ ਭਰਵੱਟੇ ਹਰਕਤ ਕਰਦੇ ਹਨ।

ਮੈਂ ਚਾਹ ਦੀ ਦੂਸਰੀ ਪਿਆਲੀ ਭਰਨ ਲਈ ਕੇਤਲੀ ਨੂੰ ਟੇਢੀ ਕਰਦੀ ਹਾਂ।

-ਕਈ ਵਾਰੀ ਤਾਂ ਅੱਧੀ ਰਾਤ ਨੂੰ ਬੈੱਲ ਮਾਰ ਦਿੰਦੇ ਐ ਡੰਗਰ!

-ਕੌਣ ਨੇ ਏਹ, ਗ੍ਰੈਂਡਪਾ?

ਰੂਪਰਾਣੀ ਡਰਾਇੰਗਰੂਮ 'ਚ ਦਾਖ਼ਲ ਹੋ ਗਈ ਹੈ: ਵੇਹੜੇ ਵਾਲੇ ਆਏ ਹੈਂ, ਬਾਬਾ ਜੀ!

-ਰੋਕ ਉਨ੍ਹਾਂ ਨੂੰ ਗੇਟ 'ਤੇ ਈ ਪੰਜ ਕੁ ਮਿੰਟ, ਰੂਪਰਾਣੀ! ਗ੍ਰੈਂਡਪਾ ਪਰਨੇ ਨੂੰ ਖੁਰਕਣ ਲਗਦੇ ਹਨ!

-ਵੇਹੜੇ ਆਲ਼ੇ? ਮੇਰੇ ਮੱਥੇ ਉੱਪਰ ਸਵਾਲ ਇਕੱਠਾ ਹੋ ਜਾਂਦਾ ਹੈ। ਵਟ੍ਹ'ਸ ਦਿਸ 'ਵੇਹੜੇ

ਆਲੇ', ਗ੍ਰੈਂਡਪਾ?

-ਓਹ, ਸੁੱਖੇ, ਏਥੇ ਪੰਜਾਬ 'ਚ ਕੰਮੀ ਲੋਕਾਂ ਦੀ ਬਸਤੀ ਹੁੰਦੀ ਐ ਹਰੇਕ ਪਿੰਡ 'ਚ, ਪਿੰਡ ਤੋਂ ਜਰਾ ਕ ਹਟਵੀਂ; ਓਸ ਬਸਤੀ ਨੂੰ ਪੰਜਾਬ 'ਚ ਵੇਹੜਾ ਕਹਿੰਦੇ ਐ!

-ਕੰਮੀਂ ਲੋਅਅਕ? ਮੈਂ ਅੱਖਾਂ ਮੀਟ ਕੇ ਸਿਰ ਨੂੰ ਖੱਬੇ-ਸੱਜੇ ਝਟਕਦੀ ਹਾਂ। ਵੱਟ੍ਹ'ਸ ਦਿਸ ਕੰਮੀ, ਗ੍ਰੈਂਡਪਾਅਅਅ?

-ਕੰਮੀਂ, ਸੁੱਖੇ, ਗਰੀਬ ਲੋਕ ਹੁੰਦੇ ਐ... ਆਪਣੇ ਜੱਟਾਂ ਜਿੰਮੀਦਾਰਾਂ ਦੇ ਘਰੀਂ ਕੰਮ ਕਰਨ ਵਾਲੇ!

-ਪਿੰਡ ਤੋਂ ਦੂਰ ਹੁੰਦੈ ਇਨ੍ਹਾਂ ਦਾ 'ਵੇਹੜਾ'?

ਗ੍ਰੈਂਡਪਾ 'ਹਾਂ' ਵਿੱਚ ਸਿਰ ਹਿਲਾਉਂਦੇ ਹਨ।

-ਯੂ ਮੀਨ ਸੈਗਰੀਗੇਟਡ?

-ਹਾਂਅਅ, ਪਿੰਡ ਤੋਂ ਰਤਾ ਕੁ ਹਟ ਕੇ!

-ਬਟ ਵ੍ਹਾਈ ਆਰ ਦੇ ਸੈਗਰੀਗੇਟਡ, ਗ੍ਰੈਂਡਪਾਅ?

-ਓ ਪੁੱਤਰਾ ਇਹ ਛ... ਛ... ਛੋਟੀ ਜਾਅ... ਜਾਅ... ਮੇਰਾ ਮਤਲਬ ਆ ਛੋਟੇ ਲੋਕ ਹੁੰਦੇ ਐ!

-ਛੋਟੇ ਲੋਕ? ਮੈਂ ਰੂਪਰਾਣੀ ਵੱਲ ਝਾਕਦੀ ਹਾਂ, ਤੇ ਉਸ ਨੂੰ ਪੈਰਾਂ ਤੋਂ ਸਿਰ ਤੀਕ ਗਹੁ ਨਾਲ ਦੇਖਦੀ ਹਾਂ! -ਵ੍ਹਟ ਯੂ ਮੀਨ ਬਾਈ ਛੋਟੇ ਲੋਕ, ਗ੍ਰੈਂਡਪਾ?

ਗ੍ਰੈਂਡਪਾ ਆਪਣੀਆਂ ਉਂਗਲ਼ਾਂ ਨੂੰ ਮੱਥੇ ਉੱਪਰ ਘਸਾਉਣ ਲੱਗ ਪਏ ਹਨ।

-ਨੋ ਬਾਡੀ'ਜ਼ ਛੋਟਾ ਅਰ ਵੱਡਾ ਇਨ ਦਿਸ ਵਰਲਡ, ਗ੍ਰੈਂਡਪਾ! ਵੈਲਥ ਘੱਟ ਹੋਣ ਨਾਲ ਕੋਈ ਸਮੌਲ ਨੀ ਹੋ ਜਾਂਦਾ! ਅਲਿਜ਼ਬੈਥ ਤਾਂ ਮੈਨੂੰ ਲਗਦੀ ਨੀ ਛੋਟੀ!

-ਛੋਟੇ ਲੋਕ... ਮਤਲਬ ਆ, ਬੇਟਾ, ਛੋਟੀਆਂ ਜਾਤਾਂ ਵਾਲੇ!

-ਯੂ ਮੀਨ ਸ਼ੂਦਰਾਜ਼?

ਗ੍ਰੈਂਡਪਾ ਦਾ ਚਿਹਰਾ ਹੇਠਾਂ-ਉੱਪਰ ਗਿੜਦਾ ਹੈ।

-ਓ ਮਾਈ ਗਾਅਅਡ! ਮੇਰੀਆਂ ਅੱਖਾਂ ਸੁੰਗੜ ਜਾਂਦੀਆਂ ਨੇ। -ਮੈਂ ਕਿਤਾਬ ਪੜ੍ਹੀ ਸੀ ਲਾਸਟ ਵੀਅਕ, ਗ੍ਰੈਂਡਪਾ, 'ਇੰਡੀਆ'ਜ਼ ਕਾਸਟ ਸਿਸਟਮ'; ਸਵੇਅਰ ਟੂ ਗਾਡ, ਗ੍ਰੈਂਡਪਾ; ਮੇਰਾ ਜੀ ਕੀਤਾ ਸੀ ਪਾੜ ਕੇ ਲੀਰਾਂ-ਲੀਰਾਂ ਕਰਦਿਆਂ ਕਿਤਾਬ ਨੂੰ!

ਗ੍ਰੈਂਡਪਾ ਦਾ ਸਿਰ ਖਿੜਕਦਾ ਹੈ, ਤੇ ਉਨ੍ਹਾਂ ਦੀਆਂ ਉਂਗਲ਼ਾਂ ਉਨ੍ਹਾਂ ਦੀ ਭਰਵੀਂ ਦਾਹੜੀ ਨੂੰ ਖੁਰਕਣ ਲੱਗ ਜਾਂਦੀਆਂ ਨੇ! ਉਹ ਚੁੱਪ-ਚਾਪ ਲਾਬੀ ਵੱਲ ਨੂੰ ਤੁਰ ਗਏ ਹਨ। ਮੈਂ ਆਪਣੇ ਪੈਰਾਂ ਨੂੰ ਸੈਂਡਲਾਂ 'ਚ ਫਸਾਉਂਦੀ ਹਾਂ, ਤੇ ਲਾਬੀ 'ਚ ਗ੍ਰੈਂਡਪਾ ਤੋਂ ਰਤਾ ਕੁ ਪਿੱਛੇ ਆ ਖਲੋਤੀ ਹਾਂ।

ਗ੍ਰੈਂਡਪਾ ਦਾ ਚਿਹਰਾ ਹੁਣ ਭੀੜ ਵੱਲੀਂ ਹੈ, ਅਤੇ ਉਹ ਆਪਣੀ ਸੱਜੀ ਬਾਂਹ ਨੂੰ ਉੱਪਰ ਉਠਾਲ਼ ਕੇ ਪੰਜੇ ਨੂੰ ਅੰਦਰ ਵੱਲ ਨੂੰ ਝਲਦੇ ਹਨ। ਓ ਬਈ, ਅੱਗੇ ਈ ਆ ਜੋ ਐਥੇ ਲਾਬੀ 'ਚ!

ਨੰਗੀਆਂ ਲੱਤਾਂ ਦੀ ਕਾਲ਼ੋਂ ਸਾਡੇ ਵੱਲ ਨੂੰ ਵਧਦੀ ਹੈ: ਅਣਜਾਣ ਬਾਰਬਰ ਵੱਲੋਂ ਕੁਤਰੇ ਡੱਬ-ਖੜੱਬੇ ਵਾਲਾਂ ਵਾਲੇ ਸਿਰਕਈਆਂ ਉੱਪਰ ਗਿੱਲੇ ਪਰਨਿਆਂ 'ਚੋਂ ਲਟਕਦੀਆਂ ਜਟੂਰੀਆਂ, ਅਤੇ ਬਹੁਤਿਆਂ ਦੀਆਂ ਦਾਹੜੀਆਂ ਉੱਚੀਆਂ-ਨੀਵੀਆਂ: ਇਹਨਾਂ ਵੱਲ ਦੇਖ ਕੇ ਮੇਰੇ ਮੋਢੇ ਸੁੰਗੜ ਜਾਂਦੇ ਹਨ।

-ਕੀ ਭਾਣਾ ਵਰਤ ਗਿਆ ਸਵੇਰੇ-ਸਵੇਰੇ? ਗ੍ਰੈਂਡਪਾ ਆਪਣੀ ਗੋਗੜ 'ਤੇ ਹੱਥ ਫੇਰਦੇ ਹਨ। ਸਾਰਾ ਵਿਹੜਾ ਈ ਆਇਆ ਫਿਰਦੈ!

ਘਸਮੈਲ਼ੀਆਂ ਗੱਲ੍ਹਾਂ ਦੇ ਚਿੱਬ ਖੱਬੇ-ਸੱਜੇ ਇੱਕ-ਦੂਜੇ ਵੱਲੀਂ ਗਿੜਦੇ ਹਨ।

-ਓ, ਭਾਈ, ਲੜਾਈ-ਝਗੜਾ ਤਾਂ ਨੀ ਕਰ ਲਿਆ ਰਾਤੀਂ? ਗ੍ਰੈਂਡਪਾ ਆਪਣੀ ਧੌਣ ਨੂੰ ਖੁਰਕਣ



ਲਗਦੇ ਹਨ।

ਕੁਝ ਅੱਖਾਂ ਡਰਦੀਆਂ-ਡਰਦੀਆਂ ਮੇਰੇ ਵੱਲੀਂ ਗਿੜ ਕੇ, ਪੈਰਾਂ ਵੱਲ ਨੂੰ ਝੁਕ ਗਈਆਂ ਹਨ, ਤੇ ਕੁਝ ਆਸੇ-ਪਾਸੇ ਝਾਕਣ ਲੱਗ ਪਈਆਂ ਹਨ। ਭੀੜ ਦੇ ਅਗਲੇ ਪਾਸੇ ਖਲੋਤੇ ਬੰਦੇ ਕਦੇ ਇੱਕ ਲੱਤ ਉੱਤੇ ਭਾਰ ਪਾਉਂਦੇ ਹਨ ਤੇ ਕਦੀ ਦੂਸਰੀ ਉੱਤੇ!

ਗ੍ਰੈਂਡਪਾ ਆਪਣੀਆਂ ਨਿਗਾਹਾਂ ਨਾਲ, ਭੀੜ ਨੂੰ ਸੱਜੀ ਬਾਹੀ ਤੋਂ ਖੱਬੀ ਵੱਲ ਨੂੰ ਛੁਰੀ ਵਾਂਗ ਚੀਰਦੇ ਹਨ।

-ਦੱਸ, ਭਾਈ ਬਿੱਕਰਾ, ਖੁਲ੍ਹ ਕੇ, ਪਿਚਕੀਆਂ ਜਾਭ੍ਹਾਂ ਵਾਲਾ ਇੱਕ ਮੂੰਹ, ਸਭ ਤੋਂ ਅੱਗੇ ਖਲੋਤੇ ਵਿਅਕਤੀ ਵੱਲ ਨੂੰ ਖੁਲ੍ਹਦਾ ਹੈ। ਬੇੜਾ ਬੰਨੇ ਤਾਂ ਹੁਣ ਸਰਪੰਚ ਸਾਅ੍ਹਬ ਨੇ ਈ ਲੌਣੈ!

ਬਿੱਕਰ ਆਪਣੇ ਕੁੜਤੇ ਦੀ ਸਲ੍ਹਾਬੀ ਹੋਈ ਮੈਲ ਵੱਲ ਝਾਕਦਾ ਹੈ ਤੇ ਆਪਣੀ ਤਲ਼ੀ ਦੇ ਰੱਟਣਾਂ ਨੂੰ ਮੂਹਰਲੀ ਉਂਗਲ਼ ਨਾਲ ਉਖੇੜਨ ਲੱਗ ਗਿਆ ਹੈ। ਅਰਧ-ਬੁਝੀਆਂ ਅੱਖਾਂ ਨਾਲ ਆਸੇ-ਪਾਸੇ ਝਾਕਦਿਆਂ ਉਹ ਆਪਣੇ ਲਬ ਨੂੰ ਗਲ਼ੇ ਤੋਂ ਹੇਠਾਂ ਵੱਲ ਨੂੰ ਧਕਦਾ ਹੈ। ਫੇਰ ਉਹ ਆਪਣੇ ਗਿੱਟੇ 'ਤੇ ਜੁੜੀਆਂ ਮੱਖੀਆਂ ਨੂੰ ਛੰਡਣ ਲਈ ਲੱਤ ਨੂੰ ਉਤਾਹਾਂ ਨੂੰ ਖਿੱਚ ਕੇ ਝਟਕਦਾ ਹੈ।

-ਬਾਬਾ ਗੁਜਰ ਗਿਆ, ਸਰਪੰਚ ਸਾਹਿਬ! ਉਹ ਘਗਿਆਉਂਦਾ ਹੈ।

-ਹੱਛਾਅ? ਗ੍ਰੈਂਡਪਾ ਦਾ ਹੱਥ ਕਿਰਪਾਨ ਨਾਲ ਘਿਸੜਦਾ ਹੈ। ਕਦੋਂ ਵਰਤ ਗਿਆ ਭਾਣਾ, ਬਿੱਕਰ ਸਿਆਂ?

-ਕੱਲ੍ਹ ਦਿਨ ਛਿਪੇ!

-ਬੜਾ ਮਾੜਾ ਹੋਇਆ! ਗ੍ਰੈਂਡਪਾ ਆਪਣੇ ਸਿਰ ਨੂੰ ਸੱਜੇ-ਖੱਬੇ ਫੇਰਦੇ ਹਨ।

-ਥੋਡੀ ਮ... ਮ... ਮਦਦ ਚਾਹੀਦੀ ਆ, ਸਰਪੰਚ ਸਾਅ੍ਹਬ! ਬਿੱਕਰ ਦੀ ਠੋਡੀ ਉਸ ਦੇ ਗਲ਼ੇ ਵੱਲ ਨੂੰ ਖਿੱਚੀ ਜਾਂਦੀ ਹੈ।

-ਮਦਦ? ਗ੍ਰੈਂਡਪਾ ਦਾ ਮੱਥਾ ਫਰਕਦਾ ਹੈ। ਦਸੋ ਕੀ ਚਾਹੀਦੈ!

-ਦਾਗ ਲੌਣਾ ਸੀ, ਬਾਬੇ ਨੂੰ! ਬਿੱਕਰ ਨੱਕ ਨੂੰ ਵਾਰ-ਵਾਰ ਸੁੜ੍ਹਾਕਣ ਲੱਗ ਪਿਆ ਹੈ।

-ਲੱਕੜਾਂ ਚਾਹੀਦੀਐਂ?

-ਨਈਂ ਜੀ, ਲੱਕੜਾਂ ਦੀ ਤਾਂ ਖੈਰ ਐ!

-ਹੋਰ ਸੇਵਾ? ਗ੍ਰੈਂਡਪਾ ਆਪਣਾ ਖੀਸਾ ਟੋਹਣ ਲੱਗੇ ਹਨ।

-ਝੜੀ ਲੱਗੀ ਰਹੀ ਸਾਰੀ ਰਾਤ, ਸਰਪੰਚ ਸਾਅ੍ਹਬ, ਬਿੱਕਰ ਦੇ ਬੁੱਲ੍ਹਾਂ 'ਚ ਕੰਬਣੀ ਛਲਕਣ ਲਗਦੀ ਹੈ। -ਪਾਣੀ ਚੜ੍ਹ ਗਿਐ ਗੋਡੇ ਗੋਡੇ ਸਾਡੇ ਆਲ਼ੇ ਸ਼ਮਸ਼ਾਨਘਾਟ 'ਚ!

-ਓਥੇ ਤਾਂ, ਗਭਰੂਆ, ਇੱਕੋ ਛੜਾਕੇ ਨਾਲ ਈ ਛੱਪੜ ਬਣ ਜਾਂਦੈ!

-ਪਰ ਥੋਡੇ ਵਾਲਾ ਸ਼ਮਸ਼ਾਨਘਾਟ ਬਚਿਆ ਵਾ ਪਾਣੀਓਂ।

-ਪਾਣੀ ਤਾਂ ਓਥੇ ਵੀ ਭਰਦਾ ਹੁੰਦਾ ਸੀ ਪੁਰਾਣੇ ਸਾਲਾਂ 'ਚ, ਗ੍ਰੈਂਡਪਾ ਮੁੱਛਾਂ 'ਤੇ ਹੱਥ ਫੇਰਦੇ ਹਨ। -ਉਹ ਫੇਅ ਅਸੀਂ ਥੜ੍ਹਾ ਬਣਾਤਾ ਸੀ ਢਾਈ ਫੁੱਟ ਉੱਚਾ, ਚਿਤਾ ਚਿਣਨ ਵਾਸਤੇ, ਪਰ ਵਿਹੜੇ ਵਾਲਿਆਂ ਦੀ ਤਾਂ ਵਸੋਂ ਵੀ ਬਹੁਤ ਨੀਵੀਂ ਜਗ੍ਹਾ 'ਚ ਐ!

-ਆਹੋ ਜੀ, ਧੁੰਦਲੀਆਂ ਐਨਕਾਂ ਵਾਲਾ ਇੱਕ ਬਜ਼ੁਰਗ ਆਪਣੇ ਫ੍ਰੇਮ ਨੂੰ ਅੱਗੇ ਪਿੱਛੇ ਕਰਦਾ ਹੈ। ਸਾਡੇ ਤਾਂ ਵਿਹੜਿਆਂ 'ਚ ਵੀ ਗੋਡੇ-ਗੋਡੇ ਪਾਣੀ ਚੜ੍ਹ ਗਿਐ, ਸਰਪੰਚ ਸਾਅ੍ਹਬ!

-ਕੀ ਹੋਇਆ ਫੇਰ? ਗ੍ਰੈਂਡਪਾ ਦੀਆਂ ਉਂਗਲ਼ਾਂ ਉਨ੍ਹਾਂ ਦੀ ਧੌਣ ਦੇ ਪਿੱਛੇ ਚਲੀਆਂ ਜਾਂਦੀਆਂ ਹਨ।

ਬਿੱਕਰ ਉਂਗਲ਼ਾਂ 'ਚ ਉਂਗਲ਼ਾਂ ਫਸਾਅ ਕੇ ਖੱਬੇ-ਸੱਜੇ ਝਾਕਣ ਲੱਗ ਪਿਆ ਹੈ।

-ਅਸੀਂ, ਸਰਪੰਚ ਸਾਅ੍ਹਬ, ਤੜਕਿਓਂ ਪਾਥੀਆਂ ਢੋਣ ਲੱਗ ਪੇ ਜਿੰਮੀਦਾਰਾਂ ਵਾਲੇ 'ਸਮਸਾਨਘਾਟ' 'ਚ! ਭੀੜ

ਦੇ ਵਿਚਕਾਰੋਂ ਇੱਕ ਅਵਾਜ਼ ਭਰਤੋਂਦੀ ਹੈ।

ਗ੍ਰੈਂਡਪਾ ਦੀਆਂ ਉਂਗਲਾਂ ਉਨ੍ਹਾ ਦੇ ਲੱਕ ਨਾਲ ਲਟਕਦੀ ਕਿਰਪਾਨ ਨੂੰ ਅੱਗੇ-ਪਿੱਛੇ ਕਰਦੀਆਂ ਹਨ। ਖਿਸਕਦੀ ਖਿਸਕਦੀ ਮੈਂ ਵੀ ਗ੍ਰੈਂਡਪਾ ਦੇ ਬਰਾਬਰ ਜਾ ਖਲੋਤੀ ਹਾਂ।

-ਤੂੰ ਸੁੱਖੇ ਅੰਦਰ ਚੱਲ, ਅੰਦਰ। ਗ੍ਰੈਂਡਪਾ ਦੀਆਂ ਤਿਊੜੀਆਂ ਮੇਰੇ ਵੱਲ ਗਿੜਦੀਆਂ ਹਨ।

-ਕੀ ਹੋ ਗਿਆ ਏਨ੍ਹਾਂ ਨੂੰ, ਗ੍ਰੈਂਡਪਾ?

ਭੀੜ 'ਚੋਂ ਕੁਝ ਕੁ ਚਿਹਰੇ ਮੇਰੇ ਵੱਲ ਨੂੰ ਘੁੰਮ ਗਏ ਹਨ।

ਗ੍ਰੈਂਡਪਾ ਚੁੱਪ ਹਨ।

-ਦੱਸੋ ਮੈਨੂੰ ਕੀ ਹੋਇਐ? ਮੈਂ ਭੀੜ ਵੱਲ ਦੇਖਣ ਲਗਦੀ ਹਾਂ।

ਭੀੜ 'ਚ ਕਈ ਉਂਗਲਾਂ ਕੰਨਾਂ ਨੂੰ ਖੁਰਕਣ ਲਗਦੀਆਂ ਹਨ, ਕਈ ਸਿਰਾਂ ਨੂੰ, ਤੇ ਕਈ ਧੌਣਾਂ ਉੱਪਰ ਘਸਰਣ ਲਗਦੀਆਂ ਹਨ।

ਧੁਆਂਖੀਆਂ ਐਨਕਾਂ ਬਿੱਕਰ ਵੱਲੀਂ ਘੁੰਮਦੀਆਂ ਹਨ।

-ਦੱਸ ਹੁਣ, ਬਿੱਕਰਾ, ਬੀਬੀ ਜੀ ਨੂੰ! ਧੁਆਂਖੀਆਂ ਐਨਕਾਂ ਵਾਲ਼ਾ ਖੰਘੂਰਦਾ ਹੈ। -ਖੁੱਲ੍ਹ ਕੇ ਅਰਜ ਕਰ, ਜਵਾਨਾਂ!

-ਮੇਰਾ ਬਾਬਾ ਗੁਜਰ ਗਿਆ, ਬੀਬੀ ਜੀ! ਬਿੱਕਰ ਘੁੱਟੇ ਹੋਏ ਗਲ਼ 'ਚੋਂ ਸ਼ਬਦਾਂ ਨੂੰ ਖਿਚਦਾ ਹੈ। ਸਾਡੇ ਮਜਵੀਆਂ ਦੇ... ਸ਼ਮਸ਼ਾਨ 'ਚ... ਗੋਡੇ-ਗੋਡੇ ਪਾਣੀ ਭਰਿਆ ਪਿਆ... ਬਿੱਕਰ ਦੇ ਧੁਆਂਖੇ ਹੋਏ ਬੁੱਲ੍ਹਾਂ ਦੀਆਂ ਕੰਨੀਆਂ ਹੇਠਾਂ ਵੱਲ ਨੂੰ ਖਿਚੀਆਂ ਜਾਂਦੀਆਂ ਹਨ, ਤੇ ਉਸ ਦੇ ਚਿੱਬੇ-ਹੋ-ਗਏ ਮੂੰਹ 'ਚੋਂ 'ਅੰਹੰ-ਅੰਹੰ-ਅੰਹੰ-ਅੰਹੰ' ਨਿੱਕਲਣ ਲਗਦੀ ਹੈ। 'ਅੰਹੰ-ਅੰਹੰ-ਅੰਹੰ-ਅੰਹੰ' ਦੇ ਨਾਲ ਨਾਲ ਅੰਦਰ-ਬਾਹਰ ਕੰਬ ਰਹੇ ਆਪਣੇ ਪੇਟ ਉੱਪਰ ਪੰਜਾ ਟਿਕਾਅ ਕੇ ਉਹ ਆਪਣੇ ਬਿਆਨ ਨੂੰ ਸਿਰੇ ਤੱਕ ਘੜੀਸਣ ਦੀ ਕੋਸ਼ਿਸ਼ ਕਰਦਾ ਹੈ! -ਹੁਣ... ਅੰਹੰ-ਅੰਹੰ-ਅੰਹੰ-ਅੰਹੰ... ਹੁਣ ਜਿੰਮੀਦਾਰ... ਅੰਹੰ-ਅੰਹੰ-ਅੰਹੰ-ਅੰਹੰ ...ਅੰਹੰ-ਅੰਹੰ-ਅੰਹੰ-ਅੰਹ...ਅੰਹੰ-ਅੰਹੰ-ਅੰਹੰ-ਅੰਹੰ!

ਮੇਰੇ ਬੁੱਲ੍ਹ ਤੇ ਭਰਵੱਟੇ ਘੁੱਟੇ ਜਾਂਦੇ ਹਨ।

ਬਿੱਕਰ ਦੇ ਕੋਲ ਖੜ੍ਹਾ ਇੱਕ ਬਜ਼ੁਰਗ ਆਪਣਾ ਮਾਸ-ਹੀਣਾ ਪੰਜਾ ਬਿੱਕਰ ਦੇ ਮੋਢੇ ਵੱਲ ਵਧਾਉਂਦਾ ਹੈ। ਸਬਰ ਕਰ, ਬਿੱਕਰਾ, ਸਬਰ! ਸਰਪੰਚ ਸਾਅ੍ਬ ਮਨਾ ਲੈਣਗੇ ਜਿੰਮੀਦਾਰਾਂ ਦੇ ਮੁੰਡਿਆਂ ਨੂੰ!

'ਅੰਹੰ-ਅੰਹੰ-ਅੰਹੰ-ਅੰਹੰ...ਅੰਹੰ-ਅੰਹੰ-ਅੰਹੰ-ਅੰਹੰ' ਬਿੱਕਰ ਆਪਣੀਆਂ ਕਾਲੀਆਂ ਉਂਗਲਾਂ ਆਪਣੀਆਂ ਅੱਖਾਂ ਉੱਤੇ ਫੇਰਨ ਲਗਦਾ ਹੈ!

-ਏਹਤੋਂ ਨੀ ਦੱਸ ਹੋਣਾ, ਬੀਬੀ ਜੀਅਅਅ! ਧੁੰਦਲੀਆਂ ਐਨਕਾਂ ਦੇ ਪਿਛਾੜੀ ਝਿੰਮਣਿਆਂ 'ਚ ਹਰਕਤ ਹੁੰਦੀ ਹੈ। -ਮੈਂ ਦਸਦਾਂ ਜੀ ਤੁਆਨੂੰ: ਜਿੰਮੀਦਾਰਾਂ ਦੇ ਮੁੰਡੇ ਡਾਂਗਾਂ ਚੱਕ ਕੇ 'ਸਮਸਾਨ' 'ਚ ਆਗੇ!

-ਡਾਂਗਾਂ ਚੱਕ ਕੇ ਆਗੇ? ਮੇਰੀਆਂ ਨਾਸਾਂ ਫੈਲਣ-ਸੁੰਗੜਨ ਲੱਗ ਪਈਆਂ ਹਨ। ਪਰ ਡਾਂਗਾਂ ਕਿਉਂ ਚੱਕ ਲਿਆਏ ਉਹ?

-ਕਹਿੰਦੇ ਚੱਕੋ ਆਪਣੀਆਂ ਪਾਥੀਆਂ ਤੇ ਲੱਕੜਾਂ!

ਬਿੱਕਰ ਦੀ 'ਅੰਹੰ-ਅੰਹੰ-ਅੰਹੰ-ਅੰਹੰ' ਹੁਣ 'ਹਅ, ਹਅ, ਹਅ, ਹਅ' 'ਚ ਬਦਲ ਗਈ ਹੈ। ਮੈਂ ਮੈਲ਼ੇ-ਕੁਚੈਲ਼ੇ ਚਿਹਰਿਆਂ ਉੱਤੇ ਸੱਜਿਓਂ ਖੱਬੇ ਵੱਲ ਨਜ਼ਰ ਫੇਰਦੀ ਹਾਂ, ਹੌਲ਼ੀ-ਹੌਲ਼ੀ, ਰੁਕਦੀ-ਰੁਕਦੀ!

ਹੁਣ ਮੈਂ ਆਪਣੀਆਂ ਨਜ਼ਰਾਂ ਗ੍ਰੈਂਡਪਾ ਵੱਲ ਘੁੰਮਾਉਂਦੀ ਹਾਂ। ਇਹ ਕੀ, ਗ੍ਰੈਂਡਪਾ?

ਗ੍ਰੈਂਡਪਾ ਦੀਆਂ ਭਵਾਂ ਉੱਪਰ ਵੱਲ ਨੂੰ ਚੜ੍ਹਦੀਆਂ ਹਨ, ਤੇ ਉਨ੍ਹਾਂ ਦਾ ਕੜਾ ਉਨ੍ਹਾਂ ਦੀ ਦਾੜ੍ਹੀ ਪਿੱਛੇ ਲੁਕਣ ਲਗਦਾ ਹੈ। ਹੁਣ ਉਹ ਕਦੇ ਮੇਰੇ ਵੱਲ ਦੇਖਦੇ ਹਨ ਤੇ ਕਦੇ ਭੀੜ ਵੱਲੀਂ; ਪਰ ਨਾ ਉਹ ਮੇਰੇ ਵੱਲ ਦੇਖ ਰਹੇ ਹਨ ਤੇ ਨਾ ਹੀ ਭੀੜ ਵੱਲ!

-ਕੀ ਕਹਿੰਦੇ ਆ ਜਿੰਮੀਦਾਰਾਂ ਦੇ ਮੁੰਡੇ? ਉਹ ਭੀੜ ਨੂੰ ਪੁੱਛਦੇ ਹਨ।



ਬੋਨੂੰ ਪਤਾ ਈ ਆ, ਸਰਪੰਚ ਸਾਅ੍ਬ, ਕੀ ਕਹਿੰਦੇ ਹੁੰਦੇ ਆ ਸਰਦਾਰਾਂ ਦੇ ਮੁੰਡੇ! ਤਾਂਬੀਆ-ਦੰਦਾਂ ਵਾਲ਼ੇ ਇੱਕ ਮੂੰਹ 'ਚ ਜੀਭ ਅੱਗੇ-ਪਿੱਛੇ ਹਿਲਦੀ ਹੈ!

-ਫੇਰ ਵੀ!

-ਅਖੇ ਅੱਜ ਤੁਸੀਂ ਸਾਡੇ 'ਸਮਸਾਨ' 'ਚ ਆਵਦਾ ਮੁਰਦਾ ਫੂਕ ਦਿਓਂਗੇ, ਤੇ ਕਲ੍ਹ ਨੂੰ ਕਹੋਗੇ ਵਈ ਜਿੰਮੀਦਾਰਾਂ ਦੀ 'ਬਸੋਂ' 'ਚ ਘਰ ਪੌਣੇ ਐਂ!

ਮੇਰੀਆਂ ਅੱਖਾਂ ਮਿਚਦੀਆਂ ਹਨ, ਲੰਬਾ ਸਾਹ ਫੇਫੜਿਆਂ ਵੱਲ ਨੂੰ ਲਹਿੰਦਾ ਹੈ, ਅਤੇ ਚਿਹਰਾ ਤੇਜ਼ੀ ਨਾਲ ਸੱਜੇ-ਖੱਬੇ ਘੁੰਮਦਾ ਹੈ।

-ਵ੍ਹੱਟ, ਗ੍ਰੈਂਡਪਾ? ਵ੍ਹੱਟ ਇਜ਼ ਦੈਟ?

-ਓ ਸੁੱਖੀ, ਅਵਾਜ਼ 'ਚੋਂ ਤਲਖੀ ਨੂੰ ਝਾੜਨ ਦੀ ਕੋਸ਼ਿਸ਼ ਕਰਦਿਆਂ ਗ੍ਰੈਂਡਪਾ ਮੇਰੇ ਵੱਲ ਝਾਕਦੇ ਹਨ। -ਤੈਨੂੰ ਨੀ ਸਮਝ ਆਉਣੀ ਏਸ ਮਾਜਰੇ ਦੀ!

-ਪਰ ਸਮਝਾਓ ਮੈਨੂੰ, ਗ੍ਰੈਂਡਪਾ, ਸਮਝਾਓ! ਮੇਰੇ ਹੱਥ ਮੇਰੀਆਂ ਢਾਕਾਂ 'ਤੇ ਜਾ ਬੈਠਦੇ ਹਨ। -ਆਈ ਵਾਨਾ ਨੋਅਅਅ!

-ਇਹ ਤਾਂ, ਸੁੱਖਿਆ, ਰੀਤ ਚੱਲੀ ਔਂਦੀ ਐ, ਸਦੀਆਂ ਦੀ, ਗ੍ਰੈਂਡਪਾ ਵਾਰ-ਵਾਰ ਆਪਣੇ ਗਾਤਰੇ ਦੇ ਵਲ਼ਾਂ ਨੂੰ ਸਿੱਧਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਵੇਹੜੇ ਆਲ਼ਿਆਂ ਨੂੰ ਸ਼ਮਸ਼ਾਨਘਾਟ ਲਈ ਜਗ੍ਹਾ ਦਿੱਤੀ ਹੋਈ ਹੈ ਜਦੋਂ ਦਾ ਪਿੰਡ ਬੱਝਿਐ; ਤੇ ਹੁਣ ਤਾਈਂ ਆਵਦੇ ਮੁਰਦੇ ਏਹ ਆਵਦੇ ਸ਼ਮਸ਼ਾਨਘਾਟ 'ਚ ਈ ਫੂਕਦੇ ਆਏ ਐ!

-ਪਰ ਓਥੇ ਤਾਂ ਹੁਣ ਵਾਟਰ ਭਰਿਆ ਵਾ, ਗ੍ਰੈਂਡਪਾ! ਹੁਣ ਜੇ ਏਹ ਆਵਦੇ ਓਲਡ ਮੈਨ ਨੂੰ ਐਧਰਲੇ ਪਾਸੇ ਬਰਨ ਕਰ ਦੇਣਗੇ ਤਾਂ ਇਹ ਦੱਸੋ ਬਈ ਨੁਕਸਾਨ ਕੀ ਹੋ ਜੂ ਐਧਰਲੇ ਸ਼ਮਸ਼ਾਨਘਾਟ ਦਾ? ਡਰਟੀ ਹੋਜੂਗਾ ਏਹ?

ਗ੍ਰੈਂਡਪਾ ਦੀ ਠੋਡੀ ਕਦੇ ਸੱਜੇ ਨੂੰ ਹਿਲਦੀ ਹੈ ਤੇ ਕਦੇ ਖੱਬੇ ਨੂੰ!

-ਓ ਸੁੱਖਿਆ, ਏਹ ਜਾਤ-ਵਰਨ ਦਾ ਸੁਆਲ ਆ, ਜਾਤ-ਵਰਨ ਦਾ!

-ਕੀ ਸੁਆਲ ਆ ਏਹ?

-ਦਲਿਤਾਂ ਲਈ ਜਗ੍ਹਾ ਛੱਡੀ ਹੋਈ ਆ, ਸੁੱਖੇ!

-ਪਰ ਡੈੱਡਬਾਡੀ ਤਾਂ ਮਿੱਟੀ ਹੁੰਦੀ ਐ!

-ਹਾਂ ਹੁੰਦੀ ਤਾਂ ਮਿੱਟੀ ਈ ਐ, ਸੁੱਖੀ!

ਗ੍ਰੈਂਡਪਾ ਆਪਣੇ ਬੁੱਲ੍ਹਾਂ ਉੱਪਰ ਜੀਭ ਫੇਰਦੇ ਹਨ ਤੇ ਫਿਰ ਗੁੱਟ ਉੱਪਰ ਲੱਗੀ ਘੜੀ ਵੱਲ ਦੇਖਣ ਲੱਗ ਜਾਂਦੇ ਹਨ। ਇਹ ਰੀਤ ਤਾਂ ਸਦੀਆਂ ਤੋਂ ਤੁਰੀ ਔਂਦੀ ਐ, ਸੁੱਖੀ!

ਮੇਰੀਆਂ ਅੱਖਾਂ ਮਿਟਦੀਆਂ ਹਨ ਤੇ ਮੱਥੇ ਉੱਪਰਲਾ ਮਾਸ ਤਿਊੜੀਆਂ ਬਣਨ ਲਗਦਾ ਹੈ।

ਗ੍ਰੈਂਡਪਾ ਦੀਆਂ ਅੱਖਾਂ ਵਾਰ-ਵਾਰ ਝਮਕ ਰਹੀਆਂ ਹਨ।

ਸਾਰੀ ਭੀੜ ਅਹਿੱਲ ਹੋ ਗਈ ਹੈ।

ਗੇਰੂਆ ਇੱਟਾਂ ਤੋਂ ਕੀੜੇ ਚੁਗਦੀਆਂ ਗੁਟਾਰਾਂ ਦੀਆਂ ਚੁੰਝਾਂ ਦੀ 'ਟੱਕ-ਟੱਕ' ਵੀ ਸਾਫ਼ ਸੁਣਾਈ ਦੇ ਰਹੀ ਹੈ।

ਗ੍ਰੈਂਡਪਾ ਆਪਣੀਆਂ ਨਜ਼ਰਾਂ ਨੂੰ ਕਾਫ਼ੀ-ਟੇਬਲ ਦੇ ਪੈਰਾਂ 'ਤੇ ਸੇਧ ਕੇ, ਆਪਣੀਆਂ ਤਲ਼ੀਆਂ ਨੂੰ ਹੌਲ਼ੀ-ਹੌਲ਼ੀ ਇੱਕ-ਦੂਜੀ ਨਾਲ਼ ਘਸਾਉਣ ਲੱਗ ਜਾਂਦੇ ਹਨ।

-ਕਿੱਥੇ ਬਰਨ ਕਰਨ ਏਹ ਆਪਣੇ ਬਾਬੇ ਨੂੰ, ਗ੍ਰੈਂਡਪਾ, ਕਿੱਥੇ? ਮੈਂ ਆਪਣੇ ਪੰਜਿਆਂ ਨੂੰ ਜੀਨਜ਼ ਦੀਆਂ ਜੇਬਾਂ 'ਚ ਥੁੰਨ ਕੇ ਗ੍ਰੈਂਡਪਾ ਵੱਲ ਝਾਕਦੀ ਹਾਂ।

ਗ੍ਰੈਂਡਪਾ ਦੀਆਂ ਅੱਖਾਂ ਮਿਟਦੀਆਂ ਹਨ ਤੇ ਭਰਵੱਟਿਆਂ ਦੀ ਸਫ਼ੈਦੀ ਉੱਪਰ ਵੱਲ ਨੂੰ ਖਿਚੀ ਜਾਂਦੀ ਹੈ।

-ਦੋ ਕ ਦਿਨਾਂ ਚ... ਮੇਰਾ ਮਤਲਬ ਆ... ਕੱਲ੍ਹ ਪਰਸੋਂ ਤਾਈਂ ਪਾਣੀ ਲਹਿ ਜਾਣੈ ਥੱਲੇ, ਸੁੱਖੀ! ਗ੍ਰੈਂਡਪਾ ਬੁੜਬੁੜਾਉਂਦੇ ਹਨ।

-ਨੋਅ! ਨੋਅ! ਨੋਅ! ਗ੍ਰੈਂਡਪਾ, ਨੋਅਅ!

ਮੇਰੇ ਦਿਮਾਗ਼ 'ਚ ਪੰਦਰਾਂ ਮਿੰਟ ਪਹਿਲਾਂ ਵਾਲਾ ਸੀਨ ਉੱਭਰਦਾ ਹੈ: ਡਰਾਇੰਗਰੂਮ 'ਚ ਬੈਠੇ ਗ੍ਰੈਂਡਪਾ ਆਪਣੇ ਪੰਜੇ ਨੂੰ ਫ਼ਰਸ਼ ਤੋਂ ਦੋ ਫੁੱਟ ਉੱਚਾ ਚੁੱਕ ਲੈਂਦੇ ਹਨ ਅਤੇ ਕਹਿ ਰਹੇ ਹਨ: ਆਪਣੀ ਪੈਲੀ ਐਨੀ ਉੱਚੀ ਐ ਸਾਰੇ ਪਿੰਡ ਨਾਲੋਂ...

ਹੁਣ ਮੈਂ ਆਪਣੇ ਚਿਹਰੇ ਨੂੰ ਭੀੜ ਦੀ ਚੁੱਪ ਵੱਲ ਨੂੰ ਘੁੰਮਾਉਂਦੀ ਹਾਂ।

ਕਿੱਥੇ ਐ ਤੁਹਾਡੀ ਡੈੱਡਬਾਡੀ? ਦੱਸੋ ਮੈਨੂੰ ਕਿੱਥੇ ਐ!

ਕਾਲ਼ੇ-ਕਲੂਟੇ ਚਿਹਰੇ ਇੱਕ ਦੂਜੇ ਵੱਲ ਦੇਖ ਕੇ ਅੱਖਾਂ ਨੀਵੀਆਂ ਕਰ ਲੈਂਦੇ ਹਨ।

ਲੰਮੀ ਚੁੱਪ ਵਧਦੀ-ਵਧਦੀ ਮੇਨ ਗੇਟ 'ਚੋਂ ਬਾਹਰ ਤੀਕ ਫੈਲਣ ਲਗਦੀ ਹੈ।

-ਦੱਸੋ ਮੈਨੂੰ ਕਿੱਥੇ ਐ ਡੈੱਡਬਾਡੀ? ਮੈਂ ਘੁੱਟੀ ਹੋਈ ਆਵਾਜ਼ ਵਿੱਚ ਦੁਹਰਾਉਂਦੀ ਹਾਂ।

ਧੁੰਦਲੀਆਂ ਐਨਕਾਂ ਜਕਦੀਆਂ-ਜਕਦੀਆਂ ਮੇਰੇ ਵੱਲ ਗਿੜਦੀਆਂ ਹਨ, ਤੇ ਫਿਰ ਹੌਲ਼ੀ-ਹੌਲ਼ੀ ਬਿੱਕਰ ਵੱਲ ਘੁੰਮ ਜਾਂਦੀਆਂ ਹਨ।

ਬ... ਬ... ਬਾਹਰ... ਬਾਹਰ... ਪਈ ਆ ਗੇਟ ਦੇ ਸਾਮ੍ਹਣੇ! ਬਿੱਕਰ ਦਾ ਹੇਠਲਾ ਬੁੱਲ੍ਹ ਕੰਬ ਰਿਹਾ ਹੈ!

ਮੇਰੀ ਸੱਜੀ ਬਾਂਹ ਸੜਕ ਵੱਲ ਨੂੰ ਫੈਲਦੀ ਹੈ ਅਤੇ ਉਸ ਦੀ ਮੂਹਰਲੀ ਉਂਗਲ ਖੂਹ ਵਾਲ਼ੇ ਪਾਸੇ ਵੱਲ ਸੇਧਤ ਹੁੰਦੀ ਹੈ।

ਗ੍ਰੈਂਡਪਾ ਕਾਨਿਆਂ ਦੇ ਮੂਹੜੇ ਨੂੰ ਪਰ੍ਹੇ ਵੱਲ ਨੂੰ ਧੂੰਹਦੇ ਹਨ।

ਬਿੱਕਰ ਆਪਣੀਆਂ ਅੱਖਾਂ ਵਿਚਲੇ ਸਹਿਮ ਨੂੰ ਲੁਕੋਣ ਲਈ ਉਨ੍ਹਾਂ ਉੱਪਰ ਆਪਣੀਆਂ ਉਂਗਲਾਂ ਫੇਰਦਾ ਹੈ ਤੇ ਮੇਰੇ ਵੱਲੀਂ ਝਾਕਦਾ ਹੋਇਆ ਆਪਣੀਆਂ ਜੁੜੀਆਂ ਹੋਈਆਂ ਤਲੀਆਂ ਨੂੰ ਗ੍ਰੈਂਡਪਾ ਵੱਲੀਂ ਵਧਾਉਂਦਾ ਹੈ। ਸਰਪੰਚ ਸਾਅ੍ਹਬ ਦੀ... ਸੈਮ੍ਰਤੀ ਲੈ ਲੋ, ਬੀਬਾ ਜੀ!

ਮੈਂ ਆਪਣੇ ਸਿਰ ਨੂੰ ਜ਼ੋਰ ਨਾਲ ਸੱਜੇ-ਖੱਬੇ ਘੁੰਮਾਉਂਦੀ ਹਾਂ।

ਖੂਹ ਵਾਲ਼ੀ ਲੈਂਡ ਮੇਰੇ ਡੈਡੀ ਦੇ ਹਿੱਸੇ ਆਈ ਐ! ਪਾਣੀ ਨੀ ਚੜ੍ਹਦਾ ਓਥੇ!

ਭੀੜ ਦਾ ਸਹਿਮ ਗਾੜ੍ਹਾ ਹੋ ਗਿਆ ਹੈ, ਤੇ ਡੌਰ-ਭੌਰ ਚਿਹਰਿਆਂ ਦੀ ਲਾਚਾਰੀ ਖੱਬੇ-ਸੱਜੇ ਗਿੜਨ ਲਗਦੀ ਹੈ। ਧੁੰਦਲ਼ੀਆਂ ਐਨਕਾਂ ਵਾਲ਼ੇ ਬਜ਼ੁਰਗ ਦੀ ਖੂੰਡੀ ਮੇਨ ਗੇਟ ਵੱਲ ਨੂੰ ਮੁੜਦੀ ਹੈ! ਕਾਲ਼ੀਆਂ ਲੱਤਾਂ ਖੂੰਡੀ ਦੇ ਮਗਰ ਹੋ ਤੁਰਦੀਆਂ ਹਨ।

ਗ੍ਰੈਂਡਪਾ ਕਾਨਿਆਂ ਦੇ ਮੂਹੜੇ ਉੱਪਰ ਬੈਠ ਜਾਂਦੇ ਹਨ, ਤੇ ਮੈਂ ਤੇਜ਼ੀ ਨਾਲ ਡਰਾਇੰਗਰੂਮ ਦੇ ਅੰਦਰ ਆ ਗਈ ਹਾਂ।

ਮੇਰੀ ਘੂਰੀ ਕਾਫ਼ੀ-ਟੇਬਲ ਉੱਪਰ ਪਈ 'ਪੰਜਾਬ: ਲੈਂਡ ਐਂਡ ਪੀਪਲ' ਉੱਤੇ ਸੇਧੀ ਜਾਂਦੀ ਹੈ। ਮੇਰੇ ਉੱਪਰਲੇ ਦੰਦ ਹੇਠਲਿਆਂ ਨਾਲ ਜੁੜ ਕੇ ਮੁੱਠੀ ਵਾਂਙਣ ਘੁੱਟੇ ਜਾਂਦੇ ਹਨ।

ਮੇਰੇ ਹੱਥ ਕਿਤਾਬ ਵੱਲੀਂ ਝਪਟਦੇ ਹਨ ਅਤੇ ਫ਼ਰਸ਼ ਦੇ ਮਾਰਬਲ ਨਾਲ ਘਿਸੜਦੀ ਹੋਈ ਕਿਤਾਬ ਦੀ ਜਿਲਦ, ਕਿਤਾਬ ਨੂੰ ਹੁਣ ਡਰਾਇੰਗਰੂਮ ਦੇ ਖੂੰਜੇ ਵੱਲ ਨੂੰ ਲੈ ਗਈ ਹੈ।

ਮੈਂ ਟਾਂਡ ਵੱਲ ਤਕਦੀ ਹਾਂ: ਵਿਚਾਰਾ ਕਬੀਰ!

ਮੈਂ ਆਪਣੇ ਬੈੱਡਰੂਮ 'ਚ ਜਾ ਕੇ ਆਪਣੇ ਕੱਪੜਿਆਂ ਨੂੰ ਹੁੱਕਾਂ ਤੋਂ ਲਾਹ ਲਿਆ ਹੈ, ਅਤੇ ਜੁੱਤੀਆਂ ਨੂੰ ਇਕੱਠੀਆਂ ਕਰ ਕੇ ਸੂਟਕੇਸ 'ਚ ਟਿਕਾਉਣ ਲੱਗ ਪਈ ਹਾਂ।

ਹੁਣ ਮੈਂ ਪਰਸ 'ਚੋਂ ਆਪਣਾ ਹਵਾਈ ਟਿਕਟ ਬਾਹਰ ਖਿੱਚ ਲਿਆ ਹੈ ਅਤੇ ਟਿਕਟ ਦੀ ਜਿਲਦ ਉੱਪਰ ਛਪੇ ਹਵਾਈ ਜਹਾਜ਼ ਦੇ ਇੱਕ ਦਰਵਾਜ਼ੇ ਨੂੰ ਖੋਲ੍ਹਣ ਲੱਗ ਪਈ ਹਾਂ।

(ਕੈਨੇਡਾ: 905-792-7357)



# ਸਿਧਾਰਥ

## ਸ਼ਸ਼ੀ ਸਮੁੰਦਰਾ

ਇਹ ਸਵੇਰ ਦਾ ਵੇਲ਼ਾ ਸੀ। ਵਾਈ. ਐੱਮ. ਸੀ. ਏ. ਦੇ ਗਰਮ ਪਾਣੀ ਦੇ ਪੂਲ ਵਿਚ ਮੇਰੇ ਸਮੇਤ ਕੋਈ ਅੱਧੀ ਦਰਜਨ ਆਦਮੀ ਤੇ ਔਰਤਾਂ ਵਾਟਰ ਐਕਸਰਸਾਈਜ਼ ਕਰ ਰਹੇ ਸਨ। ਮੈਨੂੰ ਉੱਥੇ ਗਈ ਨੂੰ ਘੰਟਾ ਕੁ ਹੋਇਆ ਹੋਏਗਾ ਜਦੋਂ ਮਾਈਕਲ ਨਾਂਅ ਦਾ ਇਕ ਆਦਮੀ, ਇਲੈਕਟ੍ਰਿਕ ਚੇਅਰ ਵਿਚ ਬੈਠ, ਹੌਲੀ ਹੌਲੀ ਪਾਣੀ ਵਿਚ ਉੱਤਰਿਆ। ਅਸਲ 'ਚ ਉਹਦੇ ਨਾਲ ਆਏ ਕੇਅਰ ਟੇਕਰ ਨੇ ਉਹਨੂੰ ਵੀਲ੍ਹ ਚੇਅਰ ਤੋਂ ਚੁੱਕ, ਇਲੈਕਟ੍ਰਿਕ ਚੇਅਰ 'ਤੇ ਬਿਠਾ, ਤੇ ਬਟਨ ਦਬਾ ਹੇਠਾਂ ਪਾਣੀ 'ਚ ਉੱਤਰਨ 'ਚ ਉਹਦੀ ਮਦਦ ਕੀਤੀ ਸੀ। ਤਲਾਅ 'ਚ ਉੱਤਰ, ਸੀਟ ਤੋਂ ਬਾਹਰ ਖਿਸਕ, ਉਹ ਬੰਦਾ, ਹਮੇਸ਼ਾ ਦੀ ਤਰ੍ਹਾਂ, ਫਰੈਂਕਲਿਨਸਟਾਈਲ ਮੁਦਰਾਵਾਂ ਨਾਲ ਪਾਣੀ 'ਚ ਤੁਰਨ ਲੱਗਾ। ਪੂਰੇ ਸਰੀਰ ਵਿਚ ਰੋਬਾਟ ਜਿਹੀ ਨਕਲੀ ਹਰਕਤ। ਪਿੱਠ ਨਿਰੀ ਲੱਕੜ ਦਾ ਫੱਟਾ। ਥੋੜ੍ਹੀ ਥੋੜ੍ਹੀ ਏਧਰ-ਉਧਰ ਹਿੱਲਦੀ ਆਕੜੀ ਹੋਈ ਧੌਣ। ਲੱਕੜ 'ਚ ਤਰਾਸ਼ਿਆ ਚਿਹਰਾ। ਮੋਟੀਆਂ ਨੀਲੀਆਂ ਅੱਖਾਂ। ਅਸਾਧਾਰਨ ਸੁਰਖ ਭਾਹ ਮਾਰਦਾ ਗੋਰਾ ਰੰਗ। ਸਿਰ 'ਤੇ ਨਿੱਕੇ-ਨਿੱਕੇ ਭੂਰੇ ਵਾਲ। ਉਮਰ ਦਾ ਕੋਈ 40-45 ਦੇ ਨੇੜੇ ਹੋਏਗਾ।

'ਇਹਦਾ ਨਾਂਅ ਮਾਈਕਲ ਹੈ', ਇਕ ਦਿਨ ਉਹਨੂੰ ਦੇਖ ਮੇਰੀ ਜਾਣੂੰ ਐਰਿਕਾ ਨੇ ਮੈਨੂੰ ਦੱਸਿਆ ਸੀ। ਕੰਮ 'ਤੇ ਅਤੇ ਘਰ ਕੰਪਿਊਟਰ ਜ਼ਿਆਦਾ ਵਰਤਣ ਕਰਕੇ ਕਾਰਪਲ ਟਨਲ (Carpal tunnel) ਦੀ ਸ਼ਿਕਾਰ ਹੋਈ ਆਪਣੀ ਸੱਜੀ ਬਾਂਹ ਤੇ ਗੁੱਟ ਦੀ ਵਾਟਰ ਥੈਰਿਪੀ ਕਰਦੀ ਐਰਿਕਾ ਨੇ ਮੈਨੂੰ ਮਾਈਕਲ ਬਾਰੇ ਤਫ਼ਸੀਲ ਨਾਲ ਕੁਝ ਹੋਰ ਗੱਲਾਂ ਵੀ ਦੱਸੀਆਂ ਸਨ। ਉਹਨੇ ਦੱਸਿਆ ਸੀ ਕਿ ਮਾਈਕਲ ਫ਼ਾਰਮੇਸਿਸਟ ਸੀ, ਤੇ ਸ਼ਹਿਰ ਦੀ ਕਿਸੇ ਫਾਰਮੇਸੀ ਵਿਚ ਕੰਮ ਕਰਦਾ ਹੁੰਦਾ ਸੀ। ਨਾਲ ਲਗਦੇ ਕਸਬੇ ਵਿਚ "ਅਰਬਲ ਗਾਰਡਨ" ਨਾਂਅ ਦੀ ਮਸ਼ਹੂਰ ਦੁਕਾਨ ਉਹਦੀ ਤੇ ਉਹਦੀ ਪਤਨੀ ਦੀ ਸੀ। ਏਥੇ ਅਮਰੀਕਨ ਇੰਡੀਅਨ ਨੁਸਖ਼ਿਆਂ ਤੋਂ ਲੈ ਕੇ, ਪੁਰਾਣੇ ਘਰੇਲੂ ਓਹੜ-ਪੋਹੜ ਦਾ ਸਾਮਾਨ, ਹਰ ਤਰ੍ਹਾਂ ਦੇ ਤੇਲ, ਭਾਰਤੀ ਆਯੁਰਵੈਦਿਕ ਤੇ ਚੀਨੀ ਜੜੀਆਂ-ਬੂਟੀਆਂ ਜਿਹਾ ਸਭ ਕੁਝ ਮਿਲ ਜਾਂਦਾ ਸੀ। ਇਹੋ ਕਾਰਨ ਸੀ ਕਿ ਇਹ ਦੁਕਾਨ ਖਾਸ ਕਰਕੇ ਔਰਤਾਂ ਵਿਚ ਜ਼ਿਆਦਾ ਪਾਪੂਲਰ ਸੀ। ਕੋਈ ਔਰਤ ਪ੍ਰੈਗਨੈਂਟ ਹੈ, ਕਿਸੇ ਨੂੰ ਮਾਹਵਾਰੀ ਠੀਕ ਨਹੀਂ ਆ ਰਹੀ, ਕਿਸੇ ਦੀ ਸਿਹਤ ਨਹੀਂ ਠੀਕ ਜਾਂ, ਕੋਈ ਸਿਹਤਮੰਦ ਰਹਿਣ ਲਈ ਡੀ-ਟੌਕਸ ਕਰ ਰਹੀ ਹੈ-ਸਭ ਏਥੇ ਆਉਂਦੀਆਂ ਸਨ। ਪਰ, ਪੰਜ-ਛੇ ਕੁ ਸਾਲ ਪਹਿਲਾਂ ਮਾਈਕਲ ਨੂੰ ਸਟਰੋਕ ਹੋ ਗਿਆ ਸੀ। ਹੁਣ ਜਦ ਕਿ ਮਾਈਕਲ ਆਪਣੇ ਆਪ ਨਾਲ ਜੂਝ ਰਿਹਾ ਸੀ ਤਾਂ ਉਹਦੀ ਘਰ ਵਾਲੀ ਦੁਕਾਨ ਚਲਾਉਂਦੀ, ਘਰ ਦੇ ਖਰਚਾਂ ਦੀ ਤੇ ਹੋਰ ਸਾਰੀ ਜ਼ਿੰਮੇਵਾਰੀ ਸਾਂਭਦੀ ਸੀ। ਉਹਨਾਂ ਦੀ ਇਕ ਟੀਨ ਏਜਰ ਧੀ ਵੀ ਸੀ ਜਿਹੜੀ ਸਕੂਲੋਂ ਆ ਕੇ ਬਾਪ ਦੀ ਦੇਖ ਭਾਲ ਕਰਨ ਤੋਂ ਲੈ ਕੇ ਹੋਰ ਕਈ ਛੋਟੇ ਮੋਟੇ ਕੰਮ ਕਰਨ 'ਚ ਮਾਂ ਦੀ ਮਦਦ ਕਰਦੀ ਸੀ।

ਇਹ ਸਟਰੋਕ ਹੋਏ ਬੰਦੇ ਬਾਰੇ ਇਕ ਆਮ ਜਹੀ ਜਾਣਕਾਰੀ ਸੀ, ਤੇ ਮੈਂ ਇਹਦੇ ਵੱਲ ਕੋਈ ਏਨਾ ਧਿਆਨ ਨਹੀਂ ਸੀ ਦਿੱਤਾ। ਲੋਕਾਂ ਨਾਲ ਨਿੱਤ ਦੁਰਘਟਨਾਵਾਂ ਵਾਪਰਦੀਆਂ ਹਨ। ਹਸਪਤਾਲ ਭਰੇ ਪਏ ਹਨ ਬੀਮਾਰਾਂ ਨਾਲ। ਕੀਹਦੇ ਕੋਲ ਫੁਰਸਤ ਹੈ ਕਿਸੇ ਇਕ ਮਾਈਕਲ ਵੱਲ ਧਿਆਨ ਦੇਣ ਦੀ ਜਾਂ, ਰੁਕ ਕੇ ਉਹਦੇ ਬਾਰੇ ਸੋਚਣ ਦੀ?

ਪਤਾ ਨਹੀਂ ਇਹ ਕਿਉਂ ਹੋਇਆ ਕਿ ਅੱਜ ਜਦੋਂ ਮਾਈਕਲ ਮਕੈਨੀਕਲ ਤਰੀਕੇ ਨਾਲ ਤੁਰਦਾ ਮੇਰੇ ਨੇੜੇ ਆਇਆ ਤਾਂ ਹੈਲੋ ਆਖ ਮੇਰੇ ਨਾਲ ਹੋਰ ਗੱਲਾਂ ਕਰਨ ਲੱਗ ਪਿਆ। ਇਹਦਾ

ਕਾਰਨ ਮੈਂ ਪਿੱਛੋਂ ਸੋਚਣਾ ਸੀ, ਪਰ ਉਦੋਂ ਮੈਂ ਏਸ ਨੂੰ ਸੀਰੀਅਸਲੀ ਨਹੀਂ ਸੀ ਲਿਆ। ਸੋਚ ਲਿਆ ਸੀ ਕਿ ਜਿਵੇਂ ਹੋਰ ਲੋਕ ਇਥੇ ਵਾਟਰ ਐਕਸਰਸਾਈਜ਼ ਕਰਦੇ ਗੱਲੀਂ ਲੱਗ ਜਾਂਦੇ ਹਨ, ਇਉਂ ਹੀ ਮਾਈਕਲ ਨੇ ਵੀ ਇਹ ਕੀਤਾ ਸੀ। ਖੈਰ, ਕੁਝ ਸਰਸਰੀ ਗੱਲਾਂ-ਬਾਤਾਂ ਹੋਈਆਂ: ਮੈਂ ਕਿੱਥੇ ਰਹਿੰਦੀ ਸਾਂ? ਕੀ ਕਰਦੀ ਸਾਂ? ਕਦੋਂ ਤੋਂ ਏਸ ਸ਼ਹਿਰ 'ਚ ਰਹਿ ਰਹੀ ਸਾਂ? ਵਗੈਰਾ। ਤੇ ਫੇਰ ਉਹ ਮੈਨੂੰ ਆਪਣੇ ਬਾਰੇ ਦੱਸਣ ਲੱਗ ਪਿਆ। ਕੁਝ ਜਾਣਕਾਰੀ ਤਾਂ ਉਹੀ ਸੀ ਜਿਹੜੀ ਉਹਦੇ ਬਾਰੇ ਮੈਨੂੰ ਐਰਿਕਾ ਦੇ ਹੀ ਚੁੱਕੀ ਸੀ। ਬਾਕੀ ਸਿੱਧੀ ਮਾਈਕਲ ਤੋਂ ਮਿਲੀ ਸੀ। ਉਹ ਦੱਸ ਰਿਹਾ ਸੀ ਕਿ ਸਟਰੋਕ ਹੋਣ ਤੋਂ ਪਿੱਛੋਂ ਵੀ ਉਹ ਕਾਰ ਚਲਾ ਸਕਦਾ ਸੀ, ਤੇ ਆਪਣੇ ਹੋਰ ਬਹੁਤੇ ਕੰਮ ਆਪ ਕਰ ਸਕਦਾ ਸੀ। ਪਰ, ਦੋ ਸਾਲ ਹੋਏ, ਇਕ ਦਿਨ ਉਹ ਡਰਾਈਵ ਕਰਦਾ ਆਪਣੀ ਪਤਨੀ, ਧੀ ਤੇ ਮਾਂ-ਬਾਪ ਨਾਲ ਕਿਧਰੇ ਜਾ ਰਿਹਾ ਸੀ ਕਿ ਕਿਸੇ ਕਾਰ ਨਾਲ ਉਹਦਾ ਐਕਸੀਡੈਂਟ ਹੋ ਗਿਆ। ਸ਼ੁਕਰ ਰੱਬ ਦਾ ਕਿ ਬਾਕੀ ਸਾਰੇ ਬਚ ਗਏ। ਪਰ ਉਹਨੂੰ ਗੁੱਝੀਆਂ ਸੱਟਾਂ ਵੱਜੀਆਂ ਸਨ ਜੀਹਦੇ ਤੋਂ ਉਹਦੀ ਹਾਲਤ ਹੋਰ ਵੀ ਖਰਾਬ ਹੋ ਗਈ ਤੇ ਉਹਦਾ ਨਾਜ਼ੁਕ ਸਰੀਰ ਹੋਰ ਵੀ ਸੀਮਤ ਹੋ ਗਿਆ, ਏਨਾ ਕਿ ਉਹ ਆਪਣਾ ਕੋਈ ਵੀ ਕੰਮ ਆਪ ਨਹੀਂ ਕਰ ਸਕਦਾ। ਤੇ ਏਨਾ ਹੀ ਨਹੀਂ, ਹੁਣ ਉਹਦੇ ਸਰੀਰ ਵਿਚ ਲਗਾਤਾਰ, ਦਿਨ-ਰਾਤ ਅਸਹਿ ਦਰਦ ਵੀ ਰਹਿੰਦਾ ਸੀ।

'ਕਦੇ ਕਦੇ ਮੈਂ ਸੋਚਦਾਂ ਕਿ ਅਜਿਹੀ ਜ਼ਿੰਦਗੀ ਜੀਵੀ ਜਾਣ ਦਾ ਕੀ ਅਰਥ ਹੈ?' ਇਹ ਦੱਸਦਿਆਂ ਉਹਦੇ ਚਿਹਰੇ 'ਤੇ ਇਕ ਡੂੰਘੀ ਬੇਬਸੀ ਦੀ ਪਰਤ ਉੱਭਰ ਆਈ ਸੀ।

'ਪਰ, ਨਿੱਜੀ ਫੈਸਲੇ ਲੈਣੇ ਕਿੰਨੇ ਔਖੇ ਹੁੰਦੇ ਹਨ। ਤੇ ਇਹ ਹੋਰ ਵੀ ਔਖਾ ਹੁੰਦਾ ਜਦੋਂ ਤੁਹਾਡੀ ਪਤਨੀ ਤੇ ਬੱਚੇ ਹੋਣ', ਇਹ ਆਖ ਉਹ ਪਰ੍ਹਾਂ ਕੰਧ ਵੱਲ ਦੇਖਣ ਲੱਗ ਪਿਆ ਸੀ।

'ਨਾਲੇ, ਮੈਂ ਮੋਰਮਨ ਹਾਂ, ਉਹਨੇ ਕੁਝ ਰੁਕ ਕੇ ਕਿਹਾ ਸੀ। ਤੇ ਮੈਂ ਦੇਖਿਆ ਸੀ ਕਿ ਇਹ ਦੱਸਦਿਆਂ ਉਹਦੀਆਂ ਅੱਖਾਂ ਵਿਚ ਫਿਰੀ ਗੁਲਾਬੀ ਰੰਗਤ ਨਾਲ ਪਾਣੀ ਤੈਰ ਆਇਆ ਸੀ।

ਕੋਈ ਅੱਧੇ ਕੁ ਘੰਟੇ ਪਿੱਛੋਂ ਉਹਦਾ ਕੇਅਰ ਟੇਕਰ ਮੁੜ ਆਇਆ ਸੀ। ਉਹਨੂੰ ਉੱਥੇ ਦੇਖ ਮਾਈਕਲ ਇਲੈਕਟ੍ਰਿਕ ਚੇਅਰ ਵਿਚ ਜਾ ਬੈਠਾ। ਕੇਅਰ ਟੇਕਰ ਦੇ ਬਟਨ ਦਬਾਉਣ 'ਤੇ ਚੇਅਰ ਮਾਈਕਲ ਨੂੰ ਫਲੋਰ 'ਤੇ ਲੈ ਗਈ। ਹੁਣ ਕੇਅਰ ਟੇਕਰ ਨੇ ਮਾਈਕਲ ਨੂੰ ਜੱਫੀ ਪਾ ਕੇ ਚੇਅਰ 'ਚੋਂ ਚੁੱਕ ਵ੍ਹੀਲ ਚੇਅਰ 'ਤੇ ਬਿਠਾਇਆ, ਤੇ ਇਹਨੂੰ ਧੱਕਦਾ ਉਹ ਮਾਈਕਲ ਨੂੰ ਸ਼ਾਵਰ ਰੂਮ ਨੂੰ ਲੈ ਗਿਆ।

ਮਾਈਕਲ ਨੂੰ ਪੂਲ ਤੋਂ ਗ਼ੈਰ-ਹਾਜ਼ਰ ਹੋਇਆਂ ਕੋਈ ਡੇਢ ਕੁ ਮਹੀਨਾ ਲੰਘ ਗਿਆ ਸੀ। ਏਸ ਦੌਰਾਨ ਮੈਂ ਕਦੇ ਕਦੇ ਉਹਦੇ ਬਾਰੇ ਕੁਝ ਤਰਸ ਜਿਹੇ ਨਾਲ ਸੋਚ ਲੈਣਾ ਤੇ ਫੇਰ ਭੁੱਲ ਜਾਣਾ। ਪਰ ਇਕ ਦਿਨ ਜਦ ਮੈਂ ਉੱਥੇ ਗਈ ਤਾਂ ਮੇਰੇ ਪਿੱਛੇ ਹੀ ਇਕ ਹੋਰ ਔਰਤ ਪੂਲ 'ਚ ਜਾ ਵੜੀ। ਉਹਨੇ ਪਾਣੀ 'ਚ ਪੈਰ ਹਾਲੇ ਪਾਇਆ ਹੀ ਸੀ ਕਿ ਆਪਣੀ ਇਕ ਸਹੇਲੀ ਨੂੰ ਉੱਚੀ ਉੱਚੀ ਦੱਸਣ ਲੱਗ ਪਈ, 'ਨੀ ਰੋਜ਼, ਤੂੰ ਸੁਣੀ ਆ ਮਾਈਕਲ ਦੀ ਕਰਤੂਤ?'

'ਮਾਈਕਲ? ਕਿਹੜਾ ਮਾਈਕਲ?'

'ਨੀ ਉਹੀ, 'ਅਰਬਲ ਗਾਰਡਨ' ਵਾਲਾ, ਉਹ ਜਿਹੜਾ ਵ੍ਹੀਲ ਚੇਅਰ 'ਤੇ ਕੇਅਰ ਟੇਕਰ ਨਾਲ ਆਉਂਦਾ ਸੀ।'

'ਆਹੋ, ਆਹੋ, ਕੀ ਹੋਇਆ? ਕੀ ਕੀਤਾ ਉਹਨੇ?'

'ਨੀ ਖੁਦਕੁਸ਼ੀ ਕਰ ਲਈ।'

'ਹੈਂ! ਖੁਦਕੁਸ਼ੀ? ਏਡਾ ਪਾਪ।'

'ਇਹੀ ਤਾਂ ਮੈਂ ਸੋਚਦੀ ਆਂ ਰੋਜ਼, ਕਿ ਸਾਨੂੰ ਭਲਾ ਕੀ ਹੱਕ ਆ ਰੱਬ ਦੀ ਰਜ਼ਾ ਦੇ



ਉਲਟ ਫੈਸਲੇ ਲੈਣ ਦਾ?'

'ਨਾ ਨਾ। ਇਹ ਤਾਂ ਸਰਾਸਰ ਗ਼ਲਤ ਆ। ਪਾਪ ਆ। ਸਾਨੂੰ ਕੋਈ ਹੱਕ ਨਈਂ ਰੱਬ ਦੀ ਬਣਾਈ ਕਿਸੇ ਚੀਜ਼ ਨੂੰ ਮਿਟਾਉਣ ਦਾ...

ਉਹਨਾਂ ਨੂੰ ਪੂਰੇ ਜੋਸ਼ ਖੁਦਕੁਸ਼ੀ ਬਾਰੇ ਆਪਣੇ ਵਿਚਾਰ ਸਾਂਝੇ ਕਰਦੀਆਂ ਨੂੰ ਸੁਣ ਕੇ, ਉਹਨਾਂ ਨੂੰ ਜਾਣਦੇ ਹੋਰ ਲੋਕ ਵੀ ਵਾਟਰ ਐਕਸਰਸਾਈਜ਼ ਛੱਡ ਕੇ, ਭੁੱਲ ਕੇ, ਉਹਨਾਂ ਦੁਆਲੇ ਇਕੱਠੇ ਹੋ ਗਏ ਸਨ।

'ਕੀ? ਕੀਹਨੇ ਖੁਦਕੁਸ਼ੀ ਕਰ ਲਈ?'

ਹੁਣ ਕਈ ਜਣੇ ਇੱਕੋ ਵਾਰੀ ਗੱਲਾਂ ਕਰਨ ਲੱਗ ਪਏ ਸਨ। ਮੈਂ ਵੀ ਨੇੜੇ ਹੀ ਸਾਂ, ਤੇ ਨਾ ਚਾਹੁੰਦਿਆਂ ਵੀ ਮੈਨੂੰ ਉਹਨਾਂ ਦੀ ਨਿੰਦਿਆ-ਚੁਗਲੀ ਸੁਣਨੀ ਪੈ ਰਹੀ ਸੀ। ਸ਼ਬਦ 'ਲੋਰਡ' ਬਾਰ ਬਾਰ ਦੁਹਰਾਇਆ ਜਾ ਰਿਹਾ ਸੀ, ਜੀਹਦੇ ਤੋਂ ਉਹਨਾਂ ਦੇ ਕ੍ਰਿਸ਼ਚੀਅਨ ਹੋਣ ਦਾ ਪਤਾ ਲੱਗਦਾ ਸੀ।

'ਲਉ ਸੁਣੋ ਬਾਈਬਲ ਕੀ ਕਹਿੰਦੀ ਆ ਖੁਦਕੁਸ਼ੀ ਬਾਰੇ', ਡੇਵਿਡ ਮੂੰਹੋਂ ਇਹ ਸੁਣ ਸਾਰੇ ਉਹਦੇ ਵੱਲ ਦੇਖਣ ਲੱਗ ਪਏ। ਸਾਰਿਆਂ ਦਾ ਧਿਆਨ ਆਪਣੇ ਵੱਲ ਖਿੱਚ ਕੇ ਹੁਣ ਉਹਨੇ ਪੂਲ ਵਿਚ ਹੀ ਸਟੇਜ 'ਤੇ ਖੜੋ ਕੇ ਬੋਲਣ ਦੇ ਅੰਦਾਜ਼ 'ਚ ਦੂਜਿਆਂ ਵੱਲ ਉਂਗਲ ਕਰਕੇ ਹਵਾਲਾ ਦਿੱਤਾ, "If anyone defies the temple of God, God will destroy him. For the temple of God is holy, which temple you are."

'ਬਿਲਕੁਲ ਠੀਕ! ਬਿਲਕੁਲ ਠੀਕ, ਸਹਿਮਤੀ ਵਿਚ 'ਕੱਠੀਆਂ ਹੀ ਕਈ ਆਵਾਜ਼ਾਂ ਆਈਆਂ।

'ਦੇਖੋ, ਪਾਲ ਫੈਸਲਾ ਨਾ ਕਰ ਸਕਿਆ ਕਿ ਉਹ ਜ਼ਿੰਦਾ ਰਹੇ ਤੇ ਮਜ਼ਦੂਰੀ ਕਰੇ, ਜਾਂ ਰੱਬ ਕੋਲ ਚਲਾ ਜਾਵੇ? ਤੇ ਉਹਨੇ ਫੈਸਲਾ ਕੀਤਾ ਕਿ ਉਹ ਜ਼ਿੰਦਾ ਰਹੇਗਾ।'

ਇਹ ਦੱਸਣ ਵਾਲੀ ਮਾੜਚੂ ਜਿਹੀ ਐਨੀ ਸੀ। ਸਹਿਮਤੀ ਵਿਚ ਕਈ ਸਿਰ ਹਿੱਲੇ ਤੇ ਪਾਲ ਦੇ ਏਸ ਫੈਸਲੇ ਦੀ ਤਾਰੀਫ ਹੋਈ।

'ਇਕ ਕਹਾਣੀ ਸੁਣੋ', ਡੇਵਿਡ ਮੁੜ ਜੋਸ਼ 'ਚ ਆ ਗਿਆ ਸੀ, 'ਤ੍ਰਿਸ਼ਟੇ ਨੇ ਤਲੇ ਰਹਿਤ ਇਕ ਟੋਇਆ ਖੋਲ੍ਹਿਆ ਤਾਂ ਟਿੱਡੀਆਂ ਦਾ ਬੱਦਲ ਬਣ ਕੇ ਉੱਡਿਆ। ਇਹਨਾਂ ਦਾ ਸਰੀਰ ਘੋੜੇ ਵਰਗਾ, ਔਰਤਾਂ ਵਰਗੇ ਵਾਲ, ਆਦਮੀ ਦੀ ਸ਼ਕਲ ਤੇ ਸ਼ੇਰਾਂ ਵਰਗੇ ਦੰਦ ਸਨ। ਉਹਨਾਂ ਨੂੰ ਹਦਾਇਤ ਸੀ ਕਿ ਉਹਨਾਂ 'ਤੇ ਹਮਲਾ ਕਰਨਾ ਜਿਹਨਾਂ ਦੇ ਮੱਥਿਆਂ 'ਤੇ ਰੱਬ ਦੀ ਮੋਹਰ ਨਹੀਂ ਸੀ ਲੱਗੀ ਹੋਈ। ਏਸ ਟਿੱਡੀ ਦਲ ਨੇ ਇਹਨਾਂ ਬੰਦਿਆਂ ਨੂੰ ਮਾਰਨਾ ਨਹੀਂ ਸੀ; ਬੱਸ, ਤਸੀਹੇ ਦੇਣੇ ਸੀ। ਉਹਨਾਂ ਦੀਆਂ ਲੱਤਾਂ 'ਤੇ ਠੂਹਿਆਂ ਵਾਲੇ ਡੰਗ ਸਨ'। ਉਹ ਸਾਹ ਲੈਣ ਲਈ ਰੁਕਿਆ ਤੇ ਆਪਣੇ ਭਾਸ਼ਣ ਨੂੰ ਜਾਰੀ ਰਖਦਾ ਬੋਲਿਆ, 'ਸੁਣੋ, ਵਰਸ ਛੇ ਕੀ ਕਹਿੰਦਾ ਹੈ: "In those days men will seek death and will not find it. They will desire to die, and death will flee from them."

'ਜਿਹੜੇ ਰੱਬ ਦਾ ਹੁਕਮ ਨਹੀਂ ਮੰਨਦੇ, ਉਹਨਾਂ ਦਾ ਇਹੋ ਹਾਲ ਹੁੰਦਾ ਹੈ', ਇਹ ਭੁੱਚਰ ਜਿਹਾ ਗੰਜਾ ਪੀਟਰ ਸੀ।

ਮੈਨੂੰ ਇਹ ਦੇਖ ਤੇ ਜਾਣ ਕੇ ਹੈਰਾਨੀ ਹੋ ਰਹੀ ਸੀ ਕਿ ਇਹ ਅੱਠ-ਦਸ ਜਣਿਆਂ 'ਚੋਂ ਕੋਈ ਵੀ ਮਾਈਕਲ ਦੇ ਪੱਖ 'ਚ ਨਹੀਂ ਬੋਲ ਰਿਹਾ। ਜ਼ਾਹਿਰ ਸੀ ਕਿ ਕਿਸੇ ਨੂੰ ਵੀ ਉਹਦੇ ਨਾਲ ਕੋਈ ਹਮਦਰਦੀ ਨਹੀਂ ਸੀ। ਹਾਂ, ਇਕ-ਦੋ ਜਣੇ ਚੁੱਪ ਜ਼ਰੂਰ ਸਨ। ਉਹ ਕਿਸੇ ਵਾਰਤਾਲਾਪ ਵਿਚ

ਹਿੱਸਾ ਨਹੀਂ ਸੀ ਲੈ ਰਹੇ। ਮੈਂ ਹੁਣ ਉਹਨਾਂ ਦੀ ਏਸ ਚੁੱਪ ਦੇ ਕਾਰਨਾਂ ਬਾਰੇ ਸੋਚ ਰਹੀ ਸੀ ਕਿ ਜਾਂ ਤਾਂ ਉਹ ਕਿਸੇ ਹੋਰ ਚਰਚ ਜਾਂਦੇ ਹੋਣਗੇ ਤੇ ਇਹਨਾਂ ਨਾਲ ਐਵੇਂ ਏਸ ਬਹਿਸ 'ਚ ਨਹੀਂ ਪੈਣਾ ਚਾਹੁੰਦੇ? ਤੇ ਜਾਂ ਫੇਰ ਜਿਵੇਂ ਕਹਿੰਦੇ ਹਨ: ਕੋਈ ਮਰੇ ਕੋਈ ਜੀਵੇ, ਸੁਥਰਾ ਘੋਲ ਪਤਾਸੇ ਪੀਵੇ ...ਵਾਲਾ ਰਵੱਈਆ ਹੋਏਗਾ।

ਏਸ ਛੋਟੇ ਜਿਹੇ ਸ਼ਹਿਰ ਵਿਚ, ਕ੍ਰਿਸ਼ਚੀਐਨਿਟੀ ਨਾਲ ਸੰਬੰਧਤ ਅਲੱਗ ਅਲੱਗ ਬਰਾਂਚਾਂ ਦੇ ਕੋਈ ਡੇਢ ਦਰਜਨ ਚਰਚ ਹੋਣਗੇ, ਪਰ ਕੁਝ ਇਕ ਨੂੰ ਛੱਡ ਬਾਕੀ ਸਾਰੇ ਲਿਬਰਲ ਹਨ। ਏਸ ਰਗੁੱਪ ਦਾ ਸੁਰ-ਢੰਗ, ਬਿਨਾਂ ਸ਼ੱਕ, ਕੰਜ਼ਰਵਟਿਵ ਸੀ। ਠੀਕ, ਕ੍ਰਿਸ਼ਚੀਐਨਿਟੀ ਦੀ ਕੋਈ ਵੀ ਬਰਾਂਚ, ਲਿਬਰਲ ਜਾਂ ਕੰਜ਼ਰਵਟਿਵ, ਖੁਦਕੁਸ਼ੀ ਦੀ ਸਮਰਥਕ ਨਹੀਂ ਹੈ। ਪਰ ਲਿਬਰਲ ਤੇ ਡੂੰਘੀ ਸੋਚ ਸਮਝ ਵਾਲੇ ਲੋਕ, ਬਿਨਾਂ ਸੋਚੇ ਸਮਝੇ, ਉਛਲ ਉਛਲ ਕੇ ਫਤਵੇ ਨਹੀਂ ਲਾਉਣਗੇ ਜਿਵੇਂ ਇਹ ਲੋਕ ਏਥੇ ਕਰ ਰਹੇ ਸਨ। ਮਾਈਕਲ ਤੇ ਉਹਦੇ ਪਰਿਵਾਰ 'ਤੇ ਏਨੇ ਵਰ੍ਹੇ ਕੀ ਬੀਤੀ ਹੋਊ, ਤੇ ਪਤਾ ਨਹੀਂ ਕਿੰਨੀ ਜਦੋਜਹਿਦ ਵਿਚੋਂ ਲੰਘ, ਅਖੀਰ ਉਹਨੇ ਏਸ ਅਸਹਿ ਸਰੀਰਕ ਪੀੜਾ ਤੋਂ ਛੁਟਕਾਰਾ ਹਾਸਲ ਕਰਨ ਦਾ ਫੈਸਲਾ ਲਿਆ ਹੋਊ, ਇਹਦੇ ਬਾਰੇ ਏਥੇ ਕੋਈ ਵੀ ਰੁਕ ਕੇ ਸੋਚਣ ਨੂੰ ਤਿਆਰ ਨਹੀਂ ਸੀ ਜਾਪਦਾ। ਸਗੋਂ ਏਥੇ ਤਾਂ ਇਉਂ ਲਗਦਾ ਸੀ ਜਿਵੇਂ ਮਾਈਕਲ ਦੀ ਖੁਦਕੁਸ਼ੀ ਦੇ ਬਹਾਨੇ ਉਹਨਾਂ ਨੂੰ ਆਪਣੇ ਆਪ ਨੂੰ ਦੂਜਿਆਂ ਤੋਂ ਵਧੀਆ ਸਮਝਣ ਤੇ ਭੂੰਗੇ ਵਿਚ ਮਨੋਰੰਜਨ ਕਰਨ ਦਾ ਇਕ ਬਹਾਨਾ ਮਿਲ ਗਿਆ ਹੋਵੇ। ਉਹ ਹਾਲੇ ਵੀ ਮਾਈਕਲ ਨੂੰ ਸਿੱਧੇ ਨਰਕ ਨੂੰ ਭੇਜਦੇ ਗੱਲਾਂ ਕਰ ਰਹੇ ਸਨ, ਬੇਸ਼ੱਕ ਹੁਣ ਜ਼ਰਾ ਘੱਟ ਜੋਸ਼ ਨਾਲ, ਜਦੋਂ ਮੈਂ ਕੁਝ ਖਿਝੇ, ਨਿਰਾਸ਼ ਤੇ ਉਦਾਸ ਮਨ ਨਾਲ ਪੂਲ 'ਚੋਂ ਬਾਹਰ ਨਿਕਲ, ਸ਼ਾਵਰ ਲੈ ਘਰ ਨੂੰ ਮੁੜ ਆਈ ਸਾਂ।

ਏਸ ਤੋਂ ਪਿੱਛੋਂ ਮੈਨੂੰ ਜਦੋਂ ਵੀ ਮਾਈਕਲ ਦਾ ਖਿਆਲ ਆਉਂਦਾ ਤਾਂ ਨਾਲ ਹੀ ਮੇਰੇ ਮਨ 'ਚ ਉਹਦੀ ਉਹ ਤਸਵੀਰ ਬਣ ਜਾਂਦੀ ਜਦੋਂ ਉਹ ਆਖਰੀ ਵਾਰ ਮੈਨੂੰ ਪੂਲ 'ਚ ਆਪਣੇ ਦੁੱਖ ਤੇ ਦੋ-ਚਿੱਤੀਆਂ ਬਾਰੇ ਦੱਸ ਰਿਹਾ ਸੀ। ਉਹ ਜੋ ਕਰਨਾ ਚਾਹੁੰਦਾ ਸੀ, ਜਾਂ ਜੋ ਉਹਦਾ ਕਰਨ ਦਾ ਪਲੈਨ ਸੀ, ਉਹ ਤਾਂ ਉਹਦੀਆਂ ਗੱਲਾਂ ਤੋਂ ਸਾਫ਼ ਹੀ ਜ਼ਾਹਰ ਸੀ, ਪਰ ਉਦੋਂ ਮੈਂ ਇਹਨੂੰ ਸਮਝੀ ਨਹੀਂ ਸੀ। ਜਾਂ, ਕਹਿ ਲੈਣਾ ਚਾਹੀਦਾ ਕਿ ਮੈਂ ਉਹਦੇ ਕਹਿਣ ਨੂੰ ਸੀਰੀਅਸਲੀ ਨਹੀਂ ਸੀ ਲਿਆ। ਆਮ ਤੌਰ 'ਤੇ, ਅਮਰੀਕਨ ਆਪਣੀ ਜ਼ਿੰਦਗੀ ਦੇ ਦੁੱਖਾਂ ਬਾਰੇ ਕਿਸੇ ਨਾਲ ਏਨੀ ਛੇਤੀ ਖੁੱਲ੍ਹਦੇ ਨਹੀਂ, ਪਰ ਮਾਈਕਲ ਪਤਾ ਨਹੀਂ ਆਪਣੇ ਆਪ 'ਚ ਕਿੰਨਾ ਦੁਖੀ ਹੋਏਗਾ ਕਿ ਪਹਿਲੀ ਵਾਰ ਹੀ ਗੱਲਾਂ ਕਰਦਿਆਂ ਉਹਨੇ ਮੈਨੂੰ ਆਪਣੇ ਬਾਰੇ ਏਨਾ ਕੁਝ ਦੱਸ ਦਿੱਤਾ ਸੀ। ਪਤਾ ਨਹੀਂ ਉਸ ਦੁੱਖ ਦਾ ਉਸ 'ਤੇ ਕਿੰਨਾ ਬੋਝ ਸੀ ਕਿ ਹੁਣ ਉਹਦੇ ਕੋਲੋਂ ਇਹ ਸਾਂਭਿਆ ਨਹੀਂ ਸੀ ਜਾ ਰਿਹਾ।

ਕਿਸੇ ਵੀ ਇਨਸਾਨ ਲਈ ਖੁਦਕੁਸ਼ੀ ਦਾ ਫੈਸਲਾ ਕਰ ਸਕਣਾ ਏਨਾ ਆਸਾਨ ਨਹੀਂ ਹੁੰਦਾ। ਜੇ ਇਹ ਹੁੰਦਾ ਤਾਂ ਮਾਈਕਲ ਵੀ ਪੰਜ, ਛੇ ਸਾਲ ਏਨੇ ਦੁੱਖ ਨਾਲ ਜੂਝਦਾ ਨਾ ਰਹਿੰਦਾ। ਤੇ ਉਹ ਵੀ ਉਹ ਇਨਸਾਨ ਜੀਹਦਾ ਧਰਮ ਖੁਦਕੁਸ਼ੀ ਨੂੰ ਪਾਪ ਦੱਸੇ। ਤੇ ਫੇਰ ਇਹ ਧਰਤੀ, ਇਹ ਦੁਨੀਆਂ, ਆਪਣਾ ਘਰ-ਬਾਰ ਤੇ ਪਰਿਵਾਰ-ਏਸ ਸਭ ਤੋਂ ਹਮੇਸ਼ਾ ਲਈ ਪਿੱਠ ਮੋੜ ਲੈਣੀ ਕੋਈ ਆਸਾਨ ਨਹੀਂ ਹੈ। ਠੀਕ ਹੈ, ਮੋਰਮਨ ਹੋਣ ਕਰਕੇ ਉਹਨੇ ਆਪਣੀ ਪਤਨੀ ਬਾਰੇ ਤਾਂ ਇਹ ਸੋਚ ਮਨ ਨੂੰ ਧਰਵਾਸ ਦੇ ਲਿਆ ਹੋਣਾ ਕਿ ਉਹ ਫੇਰ ਮਿਲਣਗੇ ਕਿਉਂਕਿ ਮੋਰਮਨ ਬਾਈਬਲ ਦੱਸਦੀ ਹੈ ਕਿ, "Whatsoever you bind on earth will be bound (sealed) in heaven." ਯਾਨੀ, ਧਰਤੀ 'ਤੇ ਜਿਹਨਾਂ ਦਾ ਪਤੀ ਤੇ ਪਤਨੀ ਦਾ ਰਿਸ਼ਤਾ ਹੈ, ਉੱਪਰ ਸਵਰਗ ਵਿਚ ਜਾ ਕੇ ਵੀ, ਹਮੇਸ਼ਾ ਲਈ, ਉਹਨਾਂ ਦਾ ਇਹੋ ਰਿਸ਼ਤਾ ਰਹਿੰਦਾ ਹੈ। ਪਰ ਬਾਕੀ ਪਰਿਵਾਰ? ਮੈਨੂੰ ਯਕੀਨ ਸੀ ਕਿ ਉਹਨੇ ਮਨੋਂ ਉਹਨਾਂ ਸਾਰਿਆਂ ਤੋਂ ਮੁਆਫ਼ੀ ਮੰਗ ਲਈ ਹੋਏਗੀ...



ਮੈਂ ਏਸ ਸੰਭਾਵਨਾ ਦਾ ਵੀ ਸੋਚਦੀ ਸੀ ਕਿ ਪਤਾ ਨਹੀਂ ਏਸ ਤੋਂ ਪਹਿਲਾਂ ਵੀ ਮਾਈਕਲ ਨੇ ਕਿੰਨੀ ਕੁ ਵਾਰ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਹੋਵੇਗੀ, ਪਰ ਉਹ ਇਹ ਕਰਨ 'ਚ ਪੂਰੀ ਤਰ੍ਹਾਂ ਕਾਮਯਾਬ ਨਾ ਹੋ ਸਕਿਆ ਹੋਵੇ? ਜਿਵੇਂ ਦੁੱਖਾਂ ਤੋਂ ਛੁਟਕਾਰਾ ਪਾਉਣ ਲਈ ਸਿਧਾਰਥ ਕਈ ਵਾਰ ਘਰ ਛੱਡ ਕੇ ਗਿਆ, ਹਰ ਵਾਰ ਮੁੜ ਆਉਂਦਾ ਸੀ। ਪਰ ਫੇਰ ਇਕ ਰਾਤ, ਉਹ ਹਮੇਸ਼ਾ ਲਈ ਚਲਾ ਗਿਆ ਸੀ। ਰੱਬ ਜਾਣੇ ਕਿੰਨੀ ਵਾਰ ਮਾਈਕਲ ਦਾ ਹੱਥ ਵੀ ਗੋਲੀਆਂ ਦੀ ਸ਼ੀਸ਼ੀ ਵੱਲ ਉੱਠਿਆ, ਆਪਣੇ ਪਰਿਵਾਰ ਦਾ ਵਿਰਲਾਪ ਸੁਣ, ਤੇ ਹੰਝੂ ਦੇਖ ਕੇ ਰੁਕਿਆ ਹੋਵੇ? ਪਰ ਇਕ ਦਿਨ, ਉਹਨੇ ਮਨ ਨੂੰ ਏਨਾ ਸਖਤ ਕਰ ਲਿਆ ਸੀ ਕਿ ਆਪਣੇ ਹੱਥ ਨੂੰ ਰੁਕਣ ਨਹੀਂ ਸੀ ਦਿੱਤਾ...ਆਪਣੀ ਪਤਨੀ, ਧੀ ਤੇ ਮਾਂ-ਬਾਪ ਨੂੰ ਵਿਰਲਾਪ ਕਰਦੇ ਛੱਡ, ਉਹ ਬਹੁਤ ਦੂਰ ਚਲਾ ਗਿਆ ਸੀ ਜਿੱਥੋਂ ਉਹਨੇ ਕਦੇ ਵੀ ਏਸ ਦੁੱਖਾਂ ਭਰੀ ਧਰਤੀ 'ਤੇ ਮੁੜਨਾ ਨਹੀਂ ਸੀ।

ਮੈਨੂੰ ਇਹ ਸੋਚ ਇਕ ਅਜੀਬ ਰਾਹਤ ਮਹਿਸੂਸ ਹੁੰਦੀ ਸੀ ਕਿ ਹੁਣ ਮਾਈਕਲ ਅਸਹਿ ਸਰੀਰਕ ਦੁੱਖ ਤੋਂ ਮੁਕਤ ਹੋ ਗਿਆ ਸੀ। ਹੁਣ ਉਹਨੂੰ ਨਿੱਤ ਨਿੱਤ ਜੀਣ ਤੇ ਮਰਨ ਵਿਚਲੀ ਜੱਦੋ-ਜਹਿਦ ਤੰਗ ਨਹੀਂ ਸੀ ਕਰ ਸਕਦੀ। ਜੇ ਮੈਨੂੰ ਕੋਈ ਦੁੱਖ ਤੇ ਗਿਲਾ ਸੀ ਤਾਂ ਸਿਰਫ ਇਹ ਕਿ ਆਪਣੇ ਆਪ ਨੂੰ ਧਾਰਮਿਕ ਸਮਝਦੇ ਕੁਝ ਲੋਕਾਂ ਨੇ ਉਹਦੇ ਫੈਸਲੇ ਬਾਰੇ ਕਿੰਨਾ ਕੱਟੜ ਤੇ ਨਿਰਦਈ ਰਵੱਈਆ ਅਪਣਾਇਆ ਹੋਇਆ ਸੀ। ਤੇ ਕਿਵੇਂ ਉਹਨਾਂ ਬਿਨਾਂ ਸੋਚੇ ਸਮਝੇ ਮਾਈਕਲ 'ਤੇ ਪਾਪੀ ਤੇ ਨਰਕ ਦਾ ਅਧਿਕਾਰੀ ਹੋਣ ਦੇ ਫਤਵੇ ਲਾਏ ਸਨ। ਆਪਣੀ ਸੋਚ ਦੀਆਂ ਅੱਖਾਂ 'ਤੇ ਸੌੜੇਪਣ ਦੀ ਪੱਟੀ ਬੰਨ੍ਹ ਉਹ ਇਹ ਵੀ ਭੁੱਲ ਗਏ ਕਿ ਦੂਜਿਆਂ ਪ੍ਰਤੀ ਪਿਆਰ, ਹਮਦਰਦੀ ਤੇ ਸਦਭਾਵਨਾ ਬਾਰੇ ਬਾਈਬਲ ਕੀ ਕਹਿੰਦੀ ਹੈ। ਬਾਈਬਲ ਵਿਚ ਬੜੇ ਸਪਸ਼ਟ ਸ਼ਬਦਾਂ ਵਿਚ ਲਿਖਿਆ ਹੈ ਕਿ : "The gift of God's son as a provision for sin was given to all humans, regardless of who we are. God's love is unconditional." ਸੋ, ਜੇ ਰੱਬ ਦਾ ਪਿਆਰ ਸਾਡੇ ਸਾਰਿਆਂ ਪ੍ਰਤੀ ਬਿਨਾਂ ਕਿਸੇ ਸ਼ਰਤ ਜਾਂ ਜਜਮੈਂਟ ਦੇ ਹੈ ਤਾਂ, ਕੌਣ ਸਨ ਇਹ ਲੋਕ ਕਿਸੇ 'ਤੇ ਮਨ ਮਰਜ਼ੀ ਦੇ ਫਤਵੇ ਲਾਉਂਦੇ, ਏਨਾ ਬਕਵਾਸ ਕਰਨ ਵਾਲੇ!!!? ਯਕੀਨਨ ਉਹ ਜਿਹੜੇ ਹਰ ਧਰਮਾਂ ਵਿਚ ਹੀ ਹੁੰਦੇ ਹਨ; ਆਪਣੇ ਆਪ ਨੂੰ ਬਾਕੀਆਂ ਤੋਂ ਉੱਚੇ ਸਮਝਣ ਵਾਲੇ, ਪਰ ਜਿਹਨਾਂ ਨੂੰ ਏਨਾ ਹੀ ਨਹੀਂ ਪਤਾ ਹੁੰਦਾ ਕਿ ਉਹਨਾਂ ਦੀਆਂ ਆਪਣੀਆਂ ਧਾਰਮਿਕ ਕਿਤਾਬਾਂ ਵਿਚ ਲਿਖਿਆ ਕੀ ਹੁੰਦਾ, ਜਾਂ ਇਹਦਾ ਮਤਲਬ ਕੀ ਹੁੰਦਾ ਹੈ। ਮੇਰਾ ਜੀਅ ਕਰਦਾ ਸੀ ਮੈਂ ਬਾਈਬਲ ਵਿਚੋਂ ਇਹ ਕੁਟੇਸ਼ਨ ਲਿਖ ਕੇ, ਜਾ ਕੇ ਉਹਨਾਂ ਲੋਕਾਂ ਦੇ ਮੂੰਹ 'ਤੇ ਮਾਰਾਂ! ਪਰ, ਮੈਂ ਆਪਣੇ ਆਪ ਨੂੰ ਇਹ ਸੋਚ ਸਮਝਾ ਲਿਆ ਸੀ ਕਿ ਜੇ ਮੂਰਖਾਂ ਨੇ ਸਮਝਣਾ ਹੀ ਹੋਵੇ ਤਾਂ ਉਹਨਾਂ ਨੂੰ ਕਿਹੜਾ ਆਪਣੀਆਂ ਧਾਰਮਿਕ ਕਿਤਾਬਾਂ ਵਿਚ ਇਹ ਸਭ ਦਿਸਦਾ ਨਹੀਂ ਹੈ। ਜੇ ਤੁਸੀਂ ਆਪ ਆਪਣੀਆਂ ਅੱਖਾਂ ਨਹੀਂ ਖੋਲ੍ਹਣੀਆਂ ਚਾਹੁੰਦੇ ਤਾਂ ਕੋਈ ਹੋਰ ਇਹ ਕਿਵੇਂ ਕਰ ਸਕਦਾ ਹੈ।

ਦੁਰਕਾਰਾਂ ਅਤੇ ਫ਼ਿਟਕਾਰਾਂ ਦੀਆਂ ਆਵਾਜ਼ਾਂ ਆ ਰਹੀਆਂ ਸਨ। ਕੀ ਪਾਪ ਅਤੇ ਕੀ ਪੁੰਨ ਬਾਰੇ ਨਿਰਣੇ ਲਏ ਜਾ ਰਹੇ ਸਨ। ਕਿਸੇ ਦੇ ਨਿੱਜੀ ਫੈਸਲੇ ਨੂੰ ਲੈ ਕੇ ਉਹਦੇ ਗ਼ਲਤ ਜਾਂ ਸਹੀ ਹੋਣ ਬਾਰੇ ਜਜਮੈਂਟ ਦਿੱਤੀ ਜਾ ਰਹੀ ਸੀ। ਕੋਈ ਕਿਸੇ ਦੀ ਨਜ਼ਰ ਵਿਚ ਪਾਪੀ ਤੇ ਨਰਕ ਦਾ ਅਧਿਕਾਰੀ ਬਣ ਗਿਆ ਸੀ। ਪਰ, ਇਨ੍ਹਾਂ ਆਵਾਜ਼ਾਂ ਨਾਲ, ਇਹਨਾਂ ਫਤਵਿਆਂ ਅਤੇ ਇਹਨਾਂ ਫੈਸਲਿਆਂ ਨਾਲ ਮਾਈਕਲ ਦਾ ਹੁਣ ਕੋਈ ਵਾਸਤਾ ਨਹੀਂ ਸੀ। ਆਪਣੇ ਦੁੱਖਾਂ ਵਾਂਗ, ਇਹਨਾਂ ਤੋਂ ਵੀ ਮੁਕਤ ਉਹ ਬਹੁਤ ਦੂਰ ਜਾ ਚੁੱਕਾ ਸੀ।

**[P.O. 27, Santa Rosa, CA 95402 USA]**

# ਪੰਜਾਬੀ ਦਾ ਕੌਮੀ ਅਤੇ ਕੌਮਾਂਤਰੀ ਭਵਿੱਖ

## ਗੁਰਬਚਨ ਸਿੰਘ ਭੁੱਲਰ

ਮਨੁੱਖ ਲਈ ਭਾਸ਼ਾ ਦਾ, ਇਸ ਕਰਕੇ ਪੰਜਾਬੀਆਂ ਲਈ ਪੰਜਾਬੀ ਦਾ ਮਹੱਤਵ ਏਨਾ ਉਜਾਗਰ ਹੈ ਕਿ ਇਸ ਦੀ ਵਿਆਖਿਆ ਦੀ ਕੋਈ ਲੋੜ ਨਹੀਂ ਰਹਿ ਜਾਂਦੀ। ਜੰਗਲੀ ਮਨੁੱਖ ਨੇ ਵਰਤਮਾਨ ਪੜਾਅ ਤੱਕ ਜੋ ਪੰਧ ਮੁਕਾਇਆ ਹੈ, ਉਹ ਕਿਰਤ ਅਤੇ ਭਾਸ਼ਾ ਦੇ ਦੋ ਪੈਰਾਂ ਉੱਤੇ ਤੁਰ ਕੇ ਹੀ ਮੁਕਾਇਆ ਹੈ। ਅੱਜ ਦੇ ਕੰਪਿਊਟਰੀ ਜੁੱਗ ਵਾਲੀ ਵਿਕਸਿਤ ਭਾਸ਼ਾ ਦਾ ਮੁੱਢ ਉਸ ਸਮੇਂ ਬੱਝਿਆ ਜਦੋਂ ਚਾਰ ਪੈਰਾਂ ਵਾਲੇ ਪਸੂ ਨੇ ਸਿੱਧਾ ਤਣ ਕੇ ਪਿਛਲੇ ਦੋ ਨੂੰ ਪੈਰ ਰਖਦਿਆਂ ਅਗਲੇ ਦੋ ਨੂੰ ਹੱਥ ਬਣਾ ਲਿਆ ਅਤੇ ਉੱਚੀ ਥਾਂ ਖਲੋ ਕੇ ਦੂਰ ਦੂਰ ਤੱਕ ਪਸਰੀ ਹੋਈ ਕੁਦਰਤ ਨੂੰ ਨਿਹਾਰਦਿਆਂ ਤੇ ਮਹਿਸੂਸਦਿਆਂ ਅਚੰਭੇ ਤੇ ਆਨੰਦ ਨਾਲ ਲੰਮੀ ਤੇ ਉੱਚੀ ਕਿਲਕਾਰੀ ਮਾਰੀ। ਬਿਨਾਂ-ਸ਼ੱਕ ਜੇ ਧੁਨੀਆਂ ਅਤੇ ਸ਼ਬਦ ਉਹਦੇ ਵੱਸ ਵਿਚ ਹੁੰਦੇ, ਉਹਨੇ ਇਸ ਕਿਲਕਾਰੀ ਦੀ ਭਾਵਨਾ ਨੂੰ ਉਸੇ ਰੂਪ ਵਿਚ ਪਰਗਟ ਕਰਨਾ ਸੀ ਜਿਵੇਂ ਲੱਖਾਂ ਸਾਲ ਮਗਰੋਂ ਬਾਬਾ ਨਾਨਕ ਨੇ ਵਿਸਮਾਦੀ ਖ਼ੁਮਾਰੀ ਨਾਲ ਕਿਹਾ ਸੀ, "ਬਲਿਹਾਰੀ ਕੁਦਰਤਿ ਵਸਿਆ, ਤੇਰਾ ਅੰਤੁ ਨ ਜਾਈ ਲਖਿਆ!"

ਇਸ ਕਿਲਕਾਰੀ ਦੇ ਰੂਪ ਵਿਚ ਪਰਗਟ ਹੋਈ ਬੋਲੀ ਮਨੁੱਖ ਲਈ ਇਕ ਵਰ ਸਿੱਧ ਹੋਈ ਤਾਂ ਬਾਕੀ ਚਾਰ ਉਂਗਲਾਂ ਨਾਲੋਂ ਨਿੱਖੜ ਕੇ ਹੌਲੀ ਹੌਲੀ 90 ਦਰਜੇ ਉੱਤੇ ਪੁੱਜਿਆ ਅੰਗੂਠਾ ਸਭ ਪ੍ਰਾਣੀਆਂ ਵਿਚੋਂ ਇਕੋ-ਇਕ ਮਨੁੱਖ ਨੂੰ ਪਕੜ ਦੀ ਅਤੇ ਇਸ ਕਰਕੇ ਕਿਰਤ ਦੀ ਸਮਰੱਥਾ ਦਿੰਦਿਆਂ ਦੂਜਾ ਵਰ ਸਿੱਧ ਹੋਇਆ। ਕਿਰਤ ਵਿਚਾਰਾਂ ਨੂੰ ਤੇ ਭਾਸ਼ਾ ਨੂੰ ਵਿਕਸਿਤ ਕਰਦੀ ਗਈ ਅਤੇ ਵਿਚਾਰਾਂ ਨੂੰ ਪ੍ਰਗਟਾਉਂਦੀ ਭਾਸ਼ਾ ਕਿਰਤ ਦੇ ਵਿਕਾਸ ਦਾ ਆਧਾਰ ਬਣੀ। ਜਦੋਂ ਹਾਕਮ ਜਮਾਤ ਦੇ ਅੰਗ ਗੁਰੂ ਦਰੋਣਾਚਾਰੀਆ ਨੇ ਇਕਲੱਵਿਅ ਤੋਂ ਅੰਗੂਠੇ ਦੀ ਗੁਰੂ-ਦੱਛਣਾ ਮੰਗੀ ਸੀ, ਉਹ ਉਸਨੂੰ ਸਿਰਫ਼ ਹੱਥ ਦੇ ਇਕ ਹਿੱਸੇ ਤੋਂ ਵਿਰਵਾ ਹੀ ਨਹੀਂ ਸੀ ਕਰਨਾ ਚਾਹੁੰਦਾ, ਸਗੋਂ ਅੰਗੂਠੇ ਨੂੰ ਕਿਰਤ, ਭਾਸ਼ਾ ਤੇ ਸਭਿਆਚਾਰ ਦਾ ਪ੍ਰਤੀਕ ਮੰਨਦਿਆਂ ਉਹਦੀ ਜਾਤ-ਜਮਾਤ ਨੂੰ ਇਹਨਾਂ ਦੇ ਹਰ ਹੱਕ ਤੋਂ ਵਿਰਵਾ ਕਰਨ ਦਾ ਅਣਮਨੁੱਖੀ ਅਤੇ ਅਸਫਲ ਜਤਨ ਕਰ ਰਿਹਾ ਸੀ। ਦਰੋਣਾਚਾਰੀਆ ਦੇ ਖੋਹੇ ਅੰਗੂਠੇ ਤੋਂ ਬਿਨਾਂ ਵੀ ਬਾਕੀ ਚਾਰ ਉਂਗਲਾਂ ਦੇ ਸਹਾਰੇ ਹੀ ਉਹਦੇ ਲਾਡਲੇ ਸ਼ਿਸ਼ ਅਰਜੁਨ ਨੂੰ ਤੀਰਬਾਜ਼ੀ ਦੇ ਗਹਿਗੱਚ ਟਾਕਰੇ ਵਿਚ ਮੁੜ੍ਹਕੋ-ਮੁੜ੍ਹਕੀ ਕਰਦਿਆਂ ਇਕਲੱਵਿਅ ਨੇ ਆਮ ਲੋਕਾਂ ਦੀਆਂ ਭਵਿੱਖੀ ਨਸਲਾਂ ਦੇ ਕਿਰਤ, ਭਾਸ਼ਾ ਤੇ ਸਭਿਆਚਾਰ ਦੇ ਹੱਕ ਦਾ ਪਰਚਮ ਬੁਲੰਦ ਕਰ ਦਿਖਾਇਆ ਸੀ।

ਭਾਸ਼ਾ ਦੇ ਮਹੱਤਵ ਬਾਰੇ ਏਨੀ ਗੱਲ ਕਰਨ ਪਿਛੋਂ ਆਓ ਆਪਣੀ ਪੰਜਾਬੀ ਦੀ ਗੱਲ ਕਰੀਏ। ਪੰਜਾਬੀ ਦੇ ਭਵਿੱਖ ਸੰਬੰਧੀ ਚਰਚਾ ਹੁਣ ਫੇਰ ਭਖੀ ਹੋਈ ਹੈ। ਇਸਦਾ ਇਕ ਕਾਰਨ ਕੁਛ ਸਮਾਂ ਪਹਿਲਾਂ ਫੈਲੀ ਇਹ ਅਫ਼ਵਾਹ ਹੈ ਕਿ ਯੂਨੈਸਕੋ ਅਨੁਸਾਰ ਪੰਜਾਬੀ ਆਉਂਦੇ ਪੰਜਾਹ ਸਾਲਾਂ ਵਿਚ ਲੋਪ ਹੋ ਜਾਵੇਗੀ। ਭਾਵੇਂ ਯੂਨੈਸਕੋ ਦੇ ਦਿੱਲੀ ਦਫ਼ਤਰ ਨੇ ਪੁੱਛ-ਗਿੱਛ ਦੇ ਜਵਾਬ ਵਿਚ ਸਪੱਸ਼ਟ ਕਰ ਦਿੱਤਾ ਹੈ ਕਿ ਉਹਨਾਂ ਨੇ ਅਜਿਹਾ ਕੋਈ ਨਿਰਨਾ ਨਹੀਂ ਦਿੱਤਾ, ਤਾਂ ਵੀ ਘੱਟ ਪੜ੍ਹਨ, ਸੋਚਣ ਅਤੇ ਵਿਚਾਰਨ ਪਰ ਵਿਦਵਤਾ ਦਾ ਬਹੁਤਾ ਵਿਖਾਲਾ ਪਾਉਣ ਵਾਲੇ ਸਾਡੇ ਵਰਤਮਾਨ ਭਾਸ਼ਾਈ ਮਾਹੌਲ ਵਿਚ ਤੁਹਾਨੂੰ ਅਖ਼ਬਾਰਾਂ-ਰਸਾਲਿਆਂ ਵਿਚ ਅਨਗਿਣਤ ਲੇਖ ਲਗਾਤਾਰ ਛਪਦੇ ਰਹਿੰਦੇ ਮਿਲਣਗੇ ਜਿਨ੍ਹਾਂ ਦਾ ਪਹਿਲਾ ਵਾਕ ਹੁੰਦਾ ਹੈ, "ਸੰਯੁਕਤ ਰਾਸ਼ਟਰ ਦੇ ਇਕ ਸਰਵੇ ਅਨੁਸਾਰ ਪੰਜਾਬੀ ਪੰਜਾਹ ਸਾਲਾਂ ਵਿਚ ਮਰ ਜਾਵੇਗੀ"।

ਜਦੋਂ ਅਸੀਂ ਵਰਤਮਾਨ ਦੌਰ ਵਿਚ ਅਨੇਕ ਭਾਸ਼ਾਵਾਂ ਦੀ ਨਿਰਬਲ ਹੁੰਦੀ ਜਾਂਦੀ ਹਾਲਤ ਦੀ ਗੱਲ ਕਰਦੇ ਹਾਂ, ਸਾਨੂੰ ਇਹਨਾਂ ਨੂੰ ਬਲ ਦੇਣ ਵਾਲੇ ਪੱਖ ਵੀ ਚੇਤੇ ਰੱਖਣੇ ਚਾਹੀਦੇ ਹਨ। 'ਪੀਪਲਜ਼



ਲਿੰਗੁਇਸਟਿਕ ਸਰਵੇ ਆਫ਼ ਇੰਡੀਆ' ਦੇ ਮੁਖੀ ਪ੍ਰੋ. ਜੀ. ਐਨ. ਦੇਵੀ ਨੇ ਇਹਨਾਂ ਪੱਖਾਂ ਦੀ ਨਿਸ਼ਾਨਦੇਹੀ ਕੀਤੀ ਹੈ। ਇਸ ਪ੍ਰਸੰਗ ਵਿਚ ਇਹ ਤੱਥ ਚਿਤਾਰਨਾ ਜ਼ਰੂਰੀ ਹੈ ਕਿ ਪਿਛਲੀ ਸਦੀ ਵਿਚ ਸ਼ੁਰੂ ਹੋਏ ਪੰਜਾਬੀ ਦੀ ਤੇਜ਼ ਤਰੱਕੀ ਦੇ ਦੌਰ ਤੋਂ ਪਹਿਲਾਂ ਵੀ ਇਹ ਜਿਵੇਂ-ਕਿਵੇਂ ਜੀਵਤ ਰਹੀ ਕੋਈ ਨਿਆਸਰੀ ਭਾਸ਼ਾ ਨਹੀਂ ਸੀ ਸਗੋਂ ਇਸਦੇ ਆਰੰਭ ਤੋਂ ਹੀ ਸਮੇਂ ਸਮੇਂ ਇਹਦੀ ਬੁਨਿਆਦ ਵਿਚ ਅਜਿਹੇ ਪੱਥਰ ਟਿਕਦੇ ਰਹੇ ਜਿਨ੍ਹਾਂ ਸਦਕਾ ਭਵਿੱਖ ਵਿਚ ਉਸ ਉੱਤੇ ਸ਼ਾਨਦਾਰ ਉਸਾਰੀ ਦੀ ਸੰਭਾਵਨਾ ਬਣ ਸਕੀ। ਇਸੇ ਪੱਕੀ ਬੁਨਿਆਦ ਸਦਕਾ ਹੀ ਇਹ ਅੱਗੇ ਚੱਲ ਕੇ ਆਏ ਫ਼ਿਰਕੂ ਅਤੇ ਸਰਕਾਰੀ ਝੱਖੜਾਂ-ਤੂਫ਼ਾਨਾਂ ਵਿਚੋਂ ਵੱਡੀ ਹੱਦ ਤੱਕ ਬਚਦੀ ਰਹੀ।

ਪਹਿਲੀ ਗੱਲ, ਭਾਸ਼ਾਈ ਕਾਰਨ ਦੇ ਨਾਲ ਨਾਲ ਸਮਾਜਕ, ਇਤਿਹਾਸਕ ਅਤੇ ਧਾਰਮਿਕ ਕਾਰਨਾਂ ਸਦਕਾ ਗਿਆਰਵੀਂ ਸਦੀ ਦੇ ਨੇੜੇ-ਤੇੜੇ ਜਦੋਂ ਪੰਜਾਬੀ ਨੇ (ਤੇ ਇਹਦੇ ਨਾਲ ਹੀ ਬੰਗਲਾ, ਮਰਾਠੀ, ਗੁਜਰਾਤੀ, ਉੜੀਆ, ਮਲਿਆਲਮ, ਤੇਲਗੂ, ਆਦਿ ਨੇ) ਸਾਹਿਤ ਸਿਰਜਣ ਦੇ ਸਮਰੱਥ ਭਾਸ਼ਾ ਵਜੋਂ ਸ਼ਕਲ ਫੜਨੀ ਸ਼ੁਰੂ ਕੀਤੀ, ਇਹ ਲੋਕ-ਬੋਲੀ ਤੇ ਲੋਕ-ਸਭਿਆਚਾਰ ਵਿਚ ਆਇਆ ਇਕ ਨਵਾਂ ਪੜਾਅ ਤਾਂ ਸੀ ਪਰ ਇਹਦੀਆਂ ਜੜਾਂ ਵੇਦਾਂ-ਸ਼ਾਸਤਰਾਂ ਜਿਹੇ ਸਦੀਆਂ ਪੁਰਾਣੇ ਉੱਚਕੋਟੀ ਦੇ ਲਿਪੀਬੱਧ ਗਿਆਨ ਤੱਕ ਪੁਜਦੀਆਂ ਸਨ। ਇਸ ਨਾਤੇ ਦਾ ਸੁਖਾਵਾਂ ਅਸਰ ਤਾਂ ਇਹ ਹੋਇਆ ਕਿ ਇਹ ਗਿਆਨ ਪੰਜਾਬੀ ਦੇ ਵਿਕਾਸ ਵਾਸਤੇ ਇਕ ਵੱਡੀ ਟੇਕ ਬਣਿਆ ਪਰ ਨਾਲ ਹੀ ਪੰਜਾਬੀ ਨੂੰ ਸ਼ਕਤੀਸ਼ਾਲੀ ਸੰਸਕ੍ਰਿਤ ਦੇ ਸਮਾਜਕ, ਸਭਿਆਚਾਰਕ ਅਤੇ ਭਾਸ਼ਾਈ ਦਾਬੇ ਦਾ ਟਾਕਰਾ ਵੀ ਕਰਨਾ ਪਿਆ। ਇਸ ਟਾਕਰੇ ਵਿਚੋਂ ਸਹੀ-ਸਲਾਮਤ ਬਚ ਨਿਕਲਣ ਨੇ ਬਿਨਾਂ-ਸ਼ੱਕ ਪੰਜਾਬੀ ਨੂੰ ਆਸ ਵੀ ਦਿੱਤੀ ਅਤੇ ਵਿਸ਼ਵਾਸ ਵੀ। ਇਸੇ ਕਰਕੇ ਇਹ ਅੱਗੇ ਚੱਲ ਕੇ ਇਸ ਤੋਂ ਵੀ ਵੱਧ ਸ਼ਕਤੀਸ਼ਾਲੀ ਤੇ ਕਰੂਰ ਅਰਬੀ-ਫ਼ਾਰਸੀ ਦੇ ਦਾਬੇ ਵਿਚੋਂ ਅਤੇ ਫੇਰ ਆਧੁਨਿਕ ਭਾਸ਼ਾਈ ਜੁਗਤਾਂ ਨਾਲ ਲੈਸ ਹੋਰ ਵੀ ਵੱਧ ਸ਼ਕਤੀਸ਼ਾਲੀ ਅੰਗਰੇਜ਼ੀ ਦੇ ਦਾਬੇ ਵਿਚੋਂ ਬਚੀ ਰਹਿਣ ਵਿਚ ਸਫਲ ਹੁੰਦੀ ਰਹੀ।

ਸਾਨੂੰ ਇਕ ਤਾਂ ਪੰਜਾਬੀ ਦੀ ਇਹ ਅੰਦਰੂਨੀ ਸ਼ਕਤੀ ਪਛਾਣਨ ਅਤੇ ਉਜਾਗਰ ਕਰਨ ਦੀ ਲੋੜ ਹੈ ਅਤੇ ਦੂਜੇ, ਪੰਜਾਬੀ ਸਾਹਿਤ-ਸਭਿਆਚਾਰ ਦੇ ਸੰਬੰਧ ਵਿਚ ਸਾਨੂੰ ਬਾਬਾ ਫ਼ਰੀਦ ਤੋਂ ਪਿੱਛੇ ਲਕੀਰ ਮਾਰਨਾ ਛੱਡ ਕੇ ਅਜੋਕੇ ਪੰਜਾਬੀ ਬੋਲਦੇ ਇਲਾਕੇ ਦੇ ਉਸ ਸਮੇਂ ਵਾਲੇ ਭੂਗੋਲਕ ਖੇਤਰ ਦੇ ਨਰੋਏ ਵਿਰਸੇ ਨੂੰ ਅਪਣਾਉਣਾ ਚਾਹੀਦਾ ਹੈ। ਜਦੋਂ ਭਾਈ ਗੁਰਦਾਸ ਨੇ ਬਾਬਾ ਨਾਨਕ ਦੇ ਪ੍ਰਗਟ ਹੋਇਆਂ ਧੁੰਦ ਮਿਟਣ ਦੀ ਗੱਲ ਕੀਤੀ ਸੀ, ਉਹ ਮੱਧਕਾਲੀ ਹਨੇਰ ਦਾ ਜ਼ਿਕਰ ਕਰ ਰਹੇ ਸਨ। ਉਹਨਾਂ ਦਾ ਇਹ ਭਾਵ ਨਹੀਂ ਸੀ ਕਿ ਉਸ ਤੋਂ ਪਹਿਲਾਂ ਇਥੇ ਸਦਾ ਤੋਂ ਧੁੰਦ ਹੀ ਸੀ। ਮੱਧਕਾਲੀ ਧੁੰਦ ਤੋਂ ਪਹਿਲਾਂ ਦੇ ਚਾਨਣ ਦਾ ਗੂੜ੍ਹਾ ਪ੍ਰਭਾਵ ਤਾਂ ਭਾਈ ਗੁਰਦਾਸ ਸਮੇਤ ਰਚਨਾਕਾਰਾਂ ਅਤੇ ਬਾਣੀਕਾਰਾਂ ਦੀਆਂ ਕਿਰਤਾਂ ਵਿਚ ਸਾਫ਼ ਝਲਕਦਾ ਹੈ।

ਦੂਜੀ ਗੱਲ, ਇਹਦੇ ਨਾਲੋ-ਨਾਲ ਹੀ ਪੰਜਾਬੀ ਦੀ ਆਪਣੀ ਲਿਪੀ ਗੁਰਮੁਖੀ ਦਾ ਸਹਿਜ-ਵਿਕਾਸ ਸੀ ਜਿਸ ਨੂੰ ਉਹਦੇ ਮੁੱਢਲੇ ਦੌਰ ਵਿਚ ਹੀ ਬਾਣੀ ਲਈ ਵਰਤੇ ਜਾਣ ਨੇ ਅਮਰਤਾ ਬਖ਼ਸ਼ ਦਿੱਤੀ। ਭਾਵੇਂ ਸਦੀਆਂ ਮਗਰੋਂ ਵੱਖ ਵੱਖ ਧਿਰਾਂ ਨੇ ਆਪਣੇ ਰਾਜਨੀਤਕ ਅਤੇ ਧਾਰਮਿਕ ਹਿਤਾਂ ਲਈ ਪੰਜਾਬੀ ਭਾਈਚਾਰੇ ਦੀ ਫ਼ਿਰਕੂ ਆਧਾਰ ਉੱਤੇ ਭਾਸ਼ਾਈ ਵੰਡ ਖ਼ਾਤਰ ਇਸ ਤੱਥ ਦੀ ਦੁਰਵਰਤੋਂ ਕੀਤੀ ਪਰ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਬਾਣੀ ਲਈ ਗੁਰਮੁਖੀ ਦੀ ਵਰਤੋਂ ਪੰਜਾਬੀ ਵਾਸਤੇ ਜੀਵਨਦਾਤੀ ਸ਼ਕਤੀ ਸਿੱਧ ਹੋਈ। 18ਵੀਂ-19ਵੀਂ ਸਦੀਆਂ ਵਿਚ ਛਾਪਾਖਾਨੇ ਦੀ ਆਉਂਦ ਨਾਲ ਪੰਜਾਬੀ ਸਮੇਤ ਲਿਪੀਆਂ ਵਾਲੀਆਂ ਭਾਸ਼ਾਵਾਂ ਨੂੰ ਅਤੇ ਉਹਨਾਂ ਵਿਚ ਸਾਹਿਤ-ਰਚਨਾ ਨੂੰ ਵੱਡਾ ਹੁਲਾਰਾ ਮਿਲਿਆ। ਭਾਸ਼ਾਈ ਵਿਕਾਸ ਦੇ ਇਸ ਪੜਾਅ ਉੱਤੇ ਲਿਪੀਆਂ ਤੋਂ ਵਿਰਵੀਆਂ ਬੋਲੀਆਂ ਪਛੜ ਗਈਆਂ ਅਤੇ ਪੰਜਾਬੀ ਸਮੇਤ ਲਿਪੀਆਂ ਵਾਲੀਆਂ ਬੋਲੀਆਂ ਅੱਗੇ ਨਿਕਲਣ ਲੱਗੀਆਂ।

ਤੀਜੀ ਗੱਲ, ਆਜ਼ਾਦ ਭਾਰਤ ਦੀ ਸੰਵਿਧਾਨਸਾਜ਼ ਸਭਾ ਦੇ ਲੰਮੇ ਵਿਚਾਰ-ਵਟਾਂਦਰਿਆਂ

ਵਿਚ ਭਾਸ਼ਾਵਾਂ ਦੀ ਸਮੱਸਿਆ ਨਿਰੰਤਰ ਚਰਚਾ ਦਾ ਵਿਸ਼ਾ ਰਹੀ। ਆਖ਼ਰ ਉਹਨਾਂ ਨੂੰ ਵੱਖ ਵੱਖ ਖੇਤਰਾਂ ਵਿਚ ਸਰਕਾਰੀ ਮਾਨਤਾ ਦੇਣ ਦੇ ਆਸ਼ੇ ਨਾਲ ਅੱਠਵੀਂ ਸੂਚੀ ਵਿਚ 14 ਭਾਸ਼ਾਵਾਂ ਦਰਜ ਕੀਤੀਆਂ ਗਈਆਂ। ਖ਼ੁਸ਼ਕਿਸਮਤੀ ਨੂੰ ਪੰਜਾਬੀ ਵੀ ਉਹਨਾਂ ਵਿਚ ਸ਼ਾਮਲ ਸੀ। ਇਸ ਸੂਚੀ ਵਿਚੋਂ ਬਾਹਰ ਰਹੀ ਹਰ ਭਾਸ਼ਾ ਨੂੰ ਉਸ ਵਿਚ ਸ਼ਾਮਲ ਹੋਣ ਲਈ ਬਹੁਤ ਸੰਘਰਸ਼ ਕਰਨਾ ਪਿਆ। ਇਸੇ ਕਰਕੇ 60 ਸਾਲਾਂ ਤੋਂ ਵੱਧ ਦੇ ਸਮੇਂ ਵਿਚ ਕੁੱਲ 8 ਹੋਰ ਭਾਸ਼ਾਵਾਂ ਹੀ ਇਸ ਵਿਚ ਸ਼ਾਮਲ ਹੋ ਸਕੀਆਂ ਹਨ। ਇਕ ਵਾਰ ਫੇਰ ਪੰਜਾਬੀ ਸਮੇਤ ਸੂਚੀਬੱਧ ਭਾਸ਼ਾਵਾਂ ਦੇ ਵਿਕਾਸ ਵਾਸਤੇ ਗ਼ੈਰ-ਸੂਚੀਬੱਧ ਭਾਸ਼ਾਵਾਂ ਦੇ ਟਾਕਰੇ ਸਹਾਈ ਮਾਹੌਲ ਪੈਦਾ ਹੋ ਗਿਆ।

ਚੌਥੀ ਗੱਲ, ਜੋ ਤੀਜੀ ਨਾਲ ਜੁੜੀ ਹੋਈ ਹੀ ਹੈ, ਸੂਚੀਬੱਧ ਭਾਸ਼ਾਵਾਂ ਦੇ ਆਧਾਰ ਉੱਤੇ ਸੂਬਿਆਂ ਦੀ ਹੱਦਬੰਦੀ ਸੀ। ਇਸ ਸਮੇਂ ਤੱਕ ਭਾਸ਼ਾ ਵਿਚ ਫ਼ਿਰਕੂ-ਸਿਆਸੀ ਦਖ਼ਲ ਬਹੁਤ ਤਕੜਾ ਹੋ ਗਿਆ ਹੋਣ ਕਰਕੇ ਕਈ ਸੂਰਤਾਂ ਵਿਚ ਭਾਸ਼ਾਈ ਸੂਬਿਆਂ ਲਈ ਭਾਰੀ ਜਦੋਜਹਿਦ ਕਰਨੀ ਪਈ, ਤਾਂ ਵੀ ਇਕ ਇਕ ਕਰਕੇ ਆਖ਼ਰ ਉਹ ਹੋਂਦ ਵਿਚ ਆ ਹੀ ਗਏ। ਪੰਜਾਬੀ ਦਾ ਸੂਬਾ ਭਾਵੇਂ ਵੱਖ ਵੱਖ ਬਹਾਨਿਆਂ ਨਾਲ ਇਲਾਕਾਈ ਪੱਖੋਂ ਬੁਰੀ ਤਰ੍ਹਾਂ ਛਾਂਗ ਦਿੱਤਾ ਗਿਆ, ਫੇਰ ਵੀ ਇਹਨੂੰ ਭਾਸ਼ਾਈ-ਭੂਗੋਲਕ ਆਧਾਰ ਤਾਂ ਮਿਲ ਹੀ ਗਿਆ।

ਪੰਜਾਬੀ ਦੀਆਂ ਪੱਕੀਆਂ ਬੁਨਿਆਦਾਂ ਬਾਰੇ ਇਹ ਨੁਕਤੇ ਭਾਸ਼ਾਈ ਅਧਿਕਾਰ ਦੀ ਸੰਪੂਰਨ ਪ੍ਰਾਪਤੀ ਲਈ ਸੰਘਰਸ਼ ਨੂੰ ਬਲ ਦੇਣ ਦੇ ਸਮਰੱਥ ਹੋਣ ਕਰਕੇ ਚੇਤੇ ਰੱਖਣੇ ਜ਼ਰੂਰੀ ਹਨ।

* * *

ਪੰਜਾਬੀ ਸੰਬੰਧੀ ਫ਼ਤਵੇ ਤੋਂ ਯੂਨੈਸਕੋ ਦੇ ਇਨਕਾਰ ਦੇ ਬਾਵਜੂਦ ਇਹ ਤੱਥ ਵਿਚਾਰੇ ਜਾਣਾ ਵੀ ਜ਼ਰੂਰੀ ਹੈ ਕਿ ਭਾਸ਼ਾਵਾਂ ਮਰਦੀਆਂ ਵੀ ਹਨ ਅਤੇ ਹੁਣ ਉਹ ਵਿਗਿਆਨਕ-ਤਕਨਾਲੋਜੀਕਲ ਤੇ ਮਾਇਆਮੁਖੀ ਵਿਸ਼ਵੀਕ੍ਰਿਤ ਜੁੱਗ ਵਿਚ ਪਹਿਲਾਂ ਨਾਲੋਂ ਬਹੁਤ ਵੱਧ ਤੇਜ਼ੀ ਨਾਲ ਮਰ ਰਹੀਆਂ ਹਨ। ਹੁਣ ਭਾਸ਼ਾ-ਹਿਤੈਸ਼ੀ ਸਿਆਣਿਆਂ ਦੀ ਚਿੰਤਾ ਇਹ ਨਹੀਂ ਕਿ ਭਾਸ਼ਾਵਾਂ ਮਰ ਰਹੀਆਂ ਹਨ ਸਗੋਂ ਇਹ ਹੈ ਕਿ ਖ਼ੁਦ ਭਾਸ਼ਾ ਹੀ ਮਰ ਰਹੀ ਹੈ! ਜੇ ਭਾਸ਼ਾ ਦੇ ਮਰ ਰਹੀ ਹੋਣ ਦੀ ਲੰਮੀ-ਚੌੜੀ ਗੱਲ ਨੂੰ ਲਾਂਭੇ ਰਹਿਣ ਦੇਈਏ, ਭਾਸ਼ਾਵਾਂ ਦੇ ਮਰਨ ਦਾ ਅਮਲ ਤਾਂ ਸਾਡੇ ਅੱਖਾਂ ਸਾਹਮਣੇ ਵਾਪਰ ਰਿਹਾ ਹੈ। ਵੱਡੀਆਂ ਭਾਸ਼ਾਵਾਂ ਦੇ ਸਾਮਰਾਜ ਛੋਟੀਆਂ ਭਾਸ਼ਾਵਾਂ ਨੂੰ ਆਪਣੇ ਅੰਦਰ ਖੋਰ ਰਹੇ ਹਨ। ਉਪਭਾਸ਼ਾਵਾਂ ਕਿਸੇ ਹਿਲਜੁਲ ਜਾਂ ਰੌਲੇ ਤੋਂ ਬਿਨਾਂ ਭਾਸ਼ਾਵਾਂ ਵਿਚ ਲੀਨ ਹੋ ਰਹੀਆਂ ਹਨ। ਸਾਡੇ ਬਚਪਨ ਵਿਚ ਉਹਨਾਂ ਦੇ ਬੋਲਣ ਦੇ ਉਪਭਾਸ਼ਾਈ ਰੰਗ ਸਦਕਾ ਹੁੰਦੀ ਮਲਵਈਆਂ, ਮਝੈਲਾਂ, ਦੁਆਬੀਆਂ, ਪੁਆਧੀਆਂ, ਆਦਿ ਦੀ ਪਛਾਣ ਆਵਾਜਾਈ, ਪਾਠ-ਪੁਸਤਕਾਂ, ਰੇਡੀਓ-ਟੀਵੀ ਅਤੇ ਮੁਲਾਜ਼ਮਾਂ ਦੀ ਅਦਲਾ-ਬਦਲੀ ਜਿਹੇ ਕਾਰਨਾਂ ਨੇ ਬਹੁਤ ਪਤਲੀ ਪਾ ਦਿੱਤੀ ਹੈ। ਬਾਰਾਂ ਕੋਹ ਪਿਛੋਂ ਬੋਲੀ ਬਦਲਣ ਵਾਲੀ ਪੰਜਾਬੀ ਕਹਾਵਤ ਦੁਰੇਡੇ ਹੋਏ-ਬੀਤੇ ਦੀ ਗੱਲ ਬਣ ਕੇ ਰਹਿ ਗਈ ਹੈ। ਵੱਡੇ ਪੈਮਾਨੇ ਉੱਤੇ ਇਹੋ ਭਾਣਾ ਛੋਟੀਆਂ, ਖ਼ਾਸ ਕਰਕੇ ਕਾਨੂੰਨੀ ਰਾਖੀ ਤੋਂ ਵਿਰਵੀਆਂ ਬੋਲੀਆਂ ਨਾਲ ਵਾਪਰ ਰਿਹਾ ਹੈ। ਇਹਦੀ ਇਕ ਉਜਾਗਰ ਮਿਸਾਲ ਸਾਡੀ ਗੁਆਂਢੀ ਬੋਲੀ ਹਰਿਆਣਵੀ ਹੈ ਜੋ ਆਪਣਾ ਇਲਾਕਾ ਹੋਣ ਦੇ ਬਾਵਜੂਦ, ਲਿਪੀ-ਵਿਹੂਣੀ ਅਤੇ ਗ਼ੈਰ-ਸੂਚੀਬੱਧ ਹੋਣ ਕਰਕੇ, ਹਿੰਦੀ ਐਲਾਨੇ ਜਾਣ ਨਾਲ ਸਕੂਲੀ-ਕਾਲਜੀ ਅਤੇ ਦਫ਼ਤਰੀ-ਸਰਕਾਰੀ ਹਿੰਦੀ ਵਿਚ ਤੇਜ਼ੀ ਨਾਲ ਖੁਰਦੀ ਜਾ ਰਹੀ ਹੈ।

1898 ਵਿਚ ਆਇਰਿਸ਼ ਭਾਸ਼ਾ-ਵਿਗਿਆਨੀ ਜਾਰਜ ਐਬਰਾਹਮ ਗਰੀਅਰਸਨ ਨੇ ਤਿੰਨ ਸਾਲਾਂ ਦੀ ਮਿਹਨਤ ਨਾਲ ਹਿੰਦੁਸਤਾਨ ਦਾ ਪਹਿਲਾ ਭਾਸ਼ਾਈ ਸਰਵੇ ਨੇਪਰੇ ਚਾੜ੍ਹਦਿਆਂ 179 ਭਾਸ਼ਾਵਾਂ ਅਤੇ ਅਨੇਕ ਉਪ-ਭਾਸ਼ਾਵਾਂ ਦੀ ਪਛਾਣ ਕੀਤੀ ਸੀ। 2005 ਵਿਚ 'ਭਾਰਤ ਭਾਸ਼ਾ ਵਿਕਾਸ ਯੋਜਨਾ' ਦੇ ਨਾਂ ਨਾਲ ਅਤੇ ਫੇਰ 2007 ਵਿਚ 'ਨਿਊ ਲਿੰਗੁਇਸਟਿਕ ਸਰਵੇ ਆਫ਼ ਇੰਡੀਆ' ਦੇ ਨਾਂ ਨਾਲ ਕੀਤੇ ਗਏ ਜਤਨ ਭਾਰਤ ਸਰਕਾਰ ਨੂੰ ਤਕਨੀਕੀ ਅਤੇ ਆਕਾਰੀ ਕਾਰਨਾਂ ਕਰਕੇ ਤਿਆਗਣੇ ਪਏ। 2009



ਵਿਚ ਬੜੋਦਰਾ ਦੀ ਇਕ ਗ਼ੈਰ-ਸਰਕਾਰੀ ਸੰਸਥਾ 'ਭਾਸ਼ਾ ਰੀਸਰਚ ਐਂਡ ਪਬਲੀਕੇਸ਼ਨ ਸੈਂਟਰ' ਨੇ ਇਹ ਕਾਰਜ ਕਿਸੇ ਸਰਕਾਰੀ ਮਦਦ ਤੋਂ ਬਿਨਾਂ ਆਪਣੇ ਹੱਥ ਲਿਆ। ਚਾਰ ਸਾਲਾਂ ਵਿਚ 85 ਸੰਸਥਾਵਾਂ ਤੇ ਤਿੰਨ ਹਜ਼ਾਰ ਵਾਲੰਟੀਅਰਾਂ ਦੀ ਮਦਦ ਅਤੇ ਇਕ ਕਰੋੜ ਰੁਪਏ ਦੇ ਖਰਚ ਨਾਲ ਤਿਆਰ ਕੀਤੀ ਗਈ 35,000 ਪੰਨੇ ਦੀ 'ਪੀਪਲਜ਼ ਲਿੰਗੁਇਸਟਿਕ ਸਰਵੇ ਆਫ਼ ਇੰਡੀਆ' ਨਾਂ ਦੀ ਰਿਪੋਰਟ ਅਧਿਆਪਕ ਦਿਵਸ ਸਮੇਂ ਇਸ 5 ਸਤੰਬਰ ਨੂੰ ਜਨਤਕ ਕੀਤੀ ਗਈ। ਇਸ ਰਿਪੋਰਟ ਨੇ ਕਈ ਦਿਲਚਸਪ ਭਾਸ਼ਾਈ ਤੱਥ ਪੇਸ਼ ਕੀਤੇ ਹਨ ਜੋ ਪੰਜਾਬੀ ਦੇ ਪ੍ਰਸੰਗ ਵਿਚ ਸਾਡਾ ਧਿਆਨ ਲੋੜਦੇ ਹਨ।

2001 ਦੀ ਮਰਦਮਸ਼ੁਮਾਰੀ ਨੇ, ਦਸ ਹਜ਼ਾਰ ਤੋਂ ਘੱਟ ਲੋਕਾਂ ਦੀਆਂ ਬੋਲੀਆਂ ਨੂੰ ਗਿਣਤੀ ਵਿਚ ਨਾ ਲੈਣ ਕਰਕੇ, ਦੇਸ ਦੀਆਂ ਬੋਲੀਆਂ ਦੀ ਗਿਣਤੀ 122 ਦੱਸੀ ਸੀ। ਸੰਸਾਰ ਦੇ ਸਭ ਤੋਂ ਵੱਡੇ ਇਸ ਪੀਪਲਜ਼ ਸਰਵੇ ਨੇ 40 ਕਰੋੜ ਲੋਕਾਂ ਦੀ ਬੋਲੀ ਹਿੰਦੀ ਤੋਂ ਲੈ ਕੇ ਸਿਕਮ ਦੇ ਸਿਰਫ਼ ਚਾਰ ਬੰਦਿਆਂ ਤੱਕ ਸੀਮਤ ਹੋ ਗਈ ਅਤੇ ਹੌਲੀ ਹੌਲੀ ਨਿਪਾਲੀ ਵਿਚ ਖੁਰ ਗਈ ਮਾਝੀ ਤੱਕ 780 ਬੋਲੀਆਂ ਪਛਾਣੀਆਂ ਹਨ ਜਿਨ੍ਹਾਂ ਵਿਚੋਂ 400 ਤੋਂ ਵੱਧ ਬੋਲੀਆਂ ਆਦਿਵਾਸੀ ਕਬੀਲਿਆਂ ਅਤੇ ਟਪਰੀਵਾਸਾਂ ਦੀਆਂ ਹਨ। ਸਰਵੇ ਦਾ ਇਹ ਵੀ ਕਹਿਣਾ ਹੈ ਕਿ ਸੌ ਦੇ ਕਰੀਬ ਬੋਲੀਆਂ ਅਜੇ ਵੀ ਉਹਨਾਂ ਦੀ ਨਜ਼ਰੋਂ ਓਹਲੇ ਰਹਿ ਗਈਆਂ ਹੋ ਸਕਦੀਆਂ ਹਨ। ਇਸ ਸਰਵੇ ਸਮੇਂ ਲੋਕਗੀਤਾਂ, ਕਥਾਵਾਂ, ਰਿਸ਼ਤਿਆਂ, ਰੀਤੀ-ਰਿਵਾਜਾਂ, ਕਿਰਤ ਦੇ ਸੰਦਾਂ, ਘਰੇਲੂ ਵਸਤਾਂ, ਗਿਣਤੀ-ਮਿਣਤੀ, ਦਿਨਾਂ, ਮਹੀਨਿਆਂ, ਰੰਗਾਂ, ਬਿਰਛ-ਬੂਟਿਆਂ, ਆਦਿ ਦੇ ਨਾਂਵਾਂ ਵਾਸਤੇ ਵਰਤੇ ਜਾਂਦੇ ਸ਼ਬਦਾਂ ਦੇ ਫ਼ਰਕ ਨੂੰ ਵੱਖਰੀ ਬੋਲੀ ਮਿਥਣ ਵਾਸਤੇ ਆਧਾਰ ਬਣਾਇਆ ਗਿਆ। (ਇਸ ਕਸਵੱਟੀ ਅਨੁਸਾਰ ਪੰਜਾਬੀ ਦੀ ਘਟਦੀ ਮੌਲਕਤਾ ਅਤੇ ਨਵੇਕਲਤਾ ਦਾ ਅੰਦਾਜ਼ਾ ਕਰੀਬੀ ਰਿਸ਼ਤਿਆਂ ਤੇ ਘਰੇਲੂ ਵਸਤਾਂ ਦੇ ਸੈਂਕੜੇ ਗ਼ੈਰ-ਪੰਜਾਬੀ ਨਾਂਵਾਂ ਤੋਂ, ਮਿਸਾਲ ਵਜੋਂ ਮਾਂ-ਪਿਓ ਦੇ ਮੰਮੀ-ਡੈਡੀ, ਬਿਸਤਰੇ ਦੇ ਬੈੱਡ, ਮੇਜ਼-ਕੁਰਸੀ ਦੇ ਟੇਬਲ-ਚੇਅਰ, ਚਮਚੇ ਦੇ ਸਪੂਨ ਬਣਨ ਤੋਂ ਲਾਇਆ ਜਾ ਸਕਦਾ ਹੈ। ਅਨੇਕ ਪੰਜਾਬੀ ਬੱਚੇ ਹੁਣ ਦਿਨਾਂ, ਰੁੱਤਾਂ, ਗਿਣਤੀਆਂ, ਆਦਿ ਦੇ ਨਾਂ ਤਾਂ ਪੰਜਾਬੀ ਵਿਚ ਸਮਝਦੇ ਹੀ ਨਹੀਂ। ਉਹਨਾਂ ਲਈ ਐਤ, ਸੋਮ ਸੰਡੇ, ਮੰਡੇ, ਹੁਨਾਲ, ਸਿਆਲ ਸਮਰ, ਵਿੰਟਰ, ਛੁੱਟੀ ਵੈਕੇਸ਼ਨ ਅਤੇ ਪੰਦਰਾਂ, ਸੋਲਾਂ ਫ਼ਿਫ਼ਟੀਨ, ਸਿਕਸਟੀਨ ਹੋ ਗਏ ਹਨ।)

ਧਿਆਨਜੋਗ ਗੱਲ ਹੈ ਕਿ ਇਹਨਾਂ ਵਿਚੋਂ 96 ਫ਼ੀਸਦੀ ਬੋਲੀਆਂ ਦਾ ਸਰਕਾਰੇ-ਦਰਬਾਰੇ ਤਾਂ ਛੱਡੋ, ਭਾਸ਼ਾਈ-ਸਾਹਿਤਕ ਚਰਚਾ ਸਮੇਂ ਵੀ ਕਦੀ ਕਿਤੇ ਕੋਈ ਜ਼ਿਕਰ ਤੱਕ ਨਹੀਂ ਹੁੰਦਾ। ਸਰਵੇ ਨੇ ਪਿਛਲੇ ਪੰਜਾਹ ਸਾਲਾਂ ਵਿਚ ਕੋਈ ਪੱਚੀ ਫ਼ੀਸਦੀ ਬੋਲੀਆਂ ਦੇ ਖ਼ਾਤਮੇ ਬਾਰੇ ਚਿੰਤਾ ਪਰਗਟ ਕਰਦਿਆਂ ਦੱਸਿਆ ਹੈ ਕਿ ਸੂਚੀਬੱਧ ਅਤੇ ਲਿਪੀਬੱਧ ਬੋਲੀਆਂ ਛੋਟੀਆਂ ਬੋਲੀਆਂ ਨੂੰ ਲਗਾਤਾਰ ਖਾ ਰਹੀਆਂ ਹਨ। ਇਸਦੇ ਨਾਲ ਹੀ ਇਹ ਤੱਥ ਵੀ ਧਿਆਨ ਮੰਗਦਾ ਹੈ ਕਿ ਬਹੁਤੀਆਂ ਸੂਚੀਬੱਧ ਤੇ ਲਿਪੀਬੱਧ ਜਾਂ ਸਾਹਿਤ ਅਕਾਦਮੀ ਦੀਆਂ ਪਰਵਾਨਿਤ ਭਾਸ਼ਾਵਾਂ ਦੀ ਆਪਣੀ ਹੈਸੀਅਤ ਵੀ ਕਈ ਕਾਰਨਾਂ ਕਰਕੇ ਕਮਜ਼ੋਰ ਪੈਂਦੀ ਜਾਂਦੀ ਹੈ। ਸ਼ਿਮਲਾ ਦੀ 'ਇੰਡੀਅਨ ਇੰਸਟੀਚਿਊਟ ਆਫ਼ ਐਡਵਾਂਸਡ ਸਟਡੀ' ਨੇ ਇਸ 11 ਤੋਂ 14 ਅਗਸਤ ਤੱਕ ਇਕ ਗੋਸ਼ਟੀ ਕਰਵਾਈ ਜਿਸ ਵਿਚ ਦੇਸ ਦੀਆਂ ਲਗਭਗ ਸਾਰੀਆਂ ਮਾਨਤਾ-ਪ੍ਰਾਪਤ ਭਾਸ਼ਾਵਾਂ ਦੇ ਪ੍ਰਤੀਨਿਧਾਂ ਨੇ ਹਿੱਸਾ ਲਿਆ। ਉਥੇ ਇਕ ਮਹੱਤਵਪੂਰਨ ਗੱਲ ਇਹ ਉੱਭਰ ਕੇ ਸਾਹਮਣੇ ਆਈ ਕਿ ਬੰਗਲਾ, ਮਲਿਆਲਮ, ਤਾਮਿਲ, ਤੇਲਗੂ ਜਿਹੀਆਂ ਸੁਭਾਗੀਆਂ ਭਾਸ਼ਾਵਾਂ, ਜਿਨ੍ਹਾਂ ਨੂੰ ਉਥੋਂ ਦੀਆਂ ਸਰਕਾਰਾਂ ਦਾ ਸਮਰਥਨ ਵੀ ਹਾਸਲ ਹੈ ਅਤੇ ਬੋਲਣ ਵਾਲਿਆਂ ਦਾ ਪਿਆਰ ਵੀ ਪ੍ਰਾਪਤ ਹੈ, ਤੋਂ ਬਿਨਾਂ ਬਾਕੀ ਸਭ ਭਾਸ਼ਾਵਾਂ ਸਰਕਾਰੀ ਮਦਦ ਦੀ ਘਾਟ, ਬੋਲਣ ਵਾਲਿਆਂ ਦੀ ਬੇਰੁਖ਼ੀ ਅਤੇ ਪਾਠਕਾਂ ਦੀ ਥੁੜ ਜਿਹੇ ਪੰਜਾਬੀ ਵਾਲੇ ਰੋਣੇ ਹੀ ਰੋ ਰਹੀਆਂ ਸਨ। ਜਿਥੋਂ ਤੱਕ ਅੰਗਰੇਜ਼ੀ ਦੇ ਰੇਲੇ ਦਾ ਸੰਬੰਧ ਹੈ, ਉਸ ਤੋਂ ਤਾਂ ਜਿਨ੍ਹਾਂ ਨੂੰ ਅਸੀਂ ਸੁਭਾਗੀਆਂ ਭਾਸ਼ਾਵਾਂ ਕਿਹਾ ਹੈ, ਉਹ ਵੀ ਦੂਜੀਆਂ ਜਿੰਨੀਆਂ ਹੀ ਭੈਭੀਤ ਸਨ। ਡੋਗਰੀ, ਕੋਂਕਨੀ, ਆਦਿ

ਭਾਸ਼ਾਵਾਂ ਦੇ ਪ੍ਰਤੀਨਿਧਾਂ ਦਾ ਤਾਂ ਕਹਿਣਾ ਸੀ ਕਿ ਉਹਨਾਂ ਖੇਤਰਾਂ ਦੀਆਂ ਵੱਡੀਆਂ ਭਾਸ਼ਾਵਾਂ ਵਿਚ ਲਿਖਣ ਵਾਲੇ ਲੇਖਕ ਇਨਾਮ ਲੈਣ ਦੀ ਮਨਸ਼ਾ ਨਾਲ ਹੀ ਇਹਨਾਂ ਭਾਸ਼ਾਵਾਂ ਵਿਚ ਕੁਛ ਪੁਸਤਕਾਂ ਛਪਵਾਉਂਦੇ ਹਨ।

ਇਸ ਮਾਹੌਲ ਵਿਚ ਪੰਜਾਬੀ ਦੀਆਂ ਮੁਸ਼ਕਲਾਂ ਦੀ ਚਰਚਾ ਦਾ ਆਰੰਭ ਸਾਡੇ ਬਹੁਤ ਸਾਰੇ ਸਿਆਣੇ ਮਹਾਰਾਜਾ ਰਣਜੀਤ ਸਿੰਘ ਨੂੰ ਇਹ ਉਲਾਂਭਾ ਦੇ ਕੇ ਕਰਦੇ ਹਨ ਕਿ ਮੁਗ਼ਲ-ਪਠਾਣਾਂ ਨੂੰ ਤਾਂ ਕੀ ਕਹੀਏ, ਉਹਨੇ ਵੀ ਪੰਜਾਬੀ ਲਾਗੂ ਨਾ ਕੀਤੀ। ਅਜਿਹੇ ਨੁਕਤਾਚੀਨ ਏਨਾ ਵੀ ਨਹੀਂ ਜਾਣਦੇ-ਸਮਝਦੇ ਕਿ ਉਸ ਜ਼ਮਾਨੇ ਵਿਚ ਭਾਸ਼ਾ ਦੀ ਮਹੱਤਤਾ ਦੇ ਉਹ ਸੰਕਲਪ ਵਿਕਸਿਤ ਹੀ ਨਹੀਂ ਸਨ ਹੋਏ ਜੋ ਅੱਜ ਸਾਡੇ ਲਈ ਪੈਮਾਨਾ ਬਣੇ ਹੋਏ ਹਨ। ਮਾਤਭਾਸ਼ਾ, ਰਾਜਭਾਸ਼ਾ, ਸਿੱਖਿਆ ਦਾ ਮਾਧਿਅਮ, ਰਾਜਭਾਸ਼ਾ ਵਜੋਂ ਮਾਤਭਾਸ਼ਾ ਦਾ ਮਹੱਤਵ, ਸਿੱਖਿਆ ਦੇ ਮਾਧਿਅਮ ਵਜੋਂ ਮਾਤਭਾਸ਼ਾ ਦੀ ਭੂਮਿਕਾ, ਜਿਹੇ ਮੁੱਦਿਆਂ ਬਾਰੇ ਰਣਜੀਤ ਸਿੰਘ ਦੇ ਸਮੇਂ ਅੱਜ ਵਾਲੀ ਸਮਝ ਦੀ ਆਸ ਜਾਂ ਕਲਪਨਾ ਕਰਨਾ ਵਾਜਬ ਨਹੀਂ। ਉਸ ਸਮੇਂ ਤਾਂ ਸਿੱਖਿਆ ਰਾਜ ਦੇ ਸਰੋਕਾਰਾਂ ਵਿਚ ਸ਼ਾਮਲ ਹੀ ਨਹੀਂ ਸੀ। ਰਾਜਪ੍ਰਬੰਧ ਦਾ ਤਾਣਾਬਾਣਾ ਵੀ ਉਸ ਸਮੇਂ ਅੱਜ ਵਾਂਗ ਫੈਲਵਾਂ ਨਹੀਂ ਸੀ। ਰਾਜ ਦੀ ਚਿੰਤਾ ਬੱਸ ਇਹ ਹੁੰਦੀ ਸੀ ਕਿ ਅਮਨ-ਕਾਨੂੰਨ ਬਣਿਆ ਰਹੇ ਅਤੇ ਟੈਕਸ ਉਗਰਾਹੇ ਜਾਂਦੇ ਰਹਿਣ। ਇਸ ਉਪਰੰਤ, ਫ਼ਾਰਸੀ, ਜਿਸ ਨੂੰ ਰਣਜੀਤ ਸਿੰਘ ਨੇ ਪਹਿਲਾਂ ਵਾਂਗ ਹੀ ਰਾਜਕਾਜ ਦੀ ਭਾਸ਼ਾ ਬਣਾਈ ਰੱਖਿਆ, ਹਿੰਦੁਸਤਾਨ ਦੇ ਅੰਦਰ ਤੇ ਬਾਹਰ ਵੱਡੇ ਭੂਗੋਲਕ ਖੇਤਰ ਵਿਚ ਹਕੂਮਤਾਂ ਦੀ ਵਰਤੋਂ ਵਿਚ ਹੋਣ ਕਰਕੇ ਅੰਤਰ-ਸਰਕਾਰੀ ਸੰਪਰਕ ਵਿਚ ਸਹਾਈ ਹੁੰਦੀ ਸੀ।

ਪੰਜਾਬ ਦੀ ਭਾਸ਼ਾ ਸਮੱਸਿਆ ਦੇ ਬੀ ਅੰਗਰੇਜ਼ਾਂ ਨੇ ਸੋਚੀ-ਸਮਝੀ ਨੀਤੀ ਅਧੀਨ ਬੀਜੇ। ਉਹਨਾਂ ਨੇ ਰਾਜਪ੍ਰਬੰਧ ਨੂੰ ਆਧੁਨਿਕ ਲੀਹਾਂ ਉੱਤੇ ਉਸਾਰਨ ਅਤੇ ਕਾਰਗਰ ਢੰਗ ਨਾਲ ਚਲਾਉਣ ਲਈ ਅਮਲਾ-ਫੈਲਾ ਤਿਆਰ ਕਰਨ ਵਾਸਤੇ ਪਹਿਲੀ ਵਾਰ ਵਿੱਦਿਅਕ ਤਾਣਾਬਾਣਾ ਹੋਂਦ ਵਿਚ ਲਿਆਂਦਾ ਜਿਸ ਵਿਚ ਅੰਗਰੇਜ਼ੀ ਨੂੰ ਬਾਕੀ ਭਾਸ਼ਾਵਾਂ ਦੇ ਟਾਕਰੇ ਸਰਦਾਰੀ ਦਿੱਤੀ ਗਈ। ਇਹਦੇ ਨਾਲ ਹੀ ਉਹਨਾਂ ਨੇ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਵਿਚ ਆਪਣੇ ਆਪਣੇ ਧਰਮ ਦੀ ਪਰਪੱਕਤਾ ਅਤੇ ਦੂਜੇ ਧਰਮਾਂ ਦੇ ਟਾਕਰੇ ਵਡਿੱਤਣ ਦੀ ਭਾਵਨਾ ਜਗਾਉਣ ਦੀ ਵਿਧੀ ਅਪਣਾਈ। ਫੇਰ ਦੇਸੀ ਭਾਸ਼ਾਵਾਂ ਅਤੇ ਲਿਪੀਆਂ ਨੂੰ ਧਰਮਾਂ ਨਾਲ ਜੋੜਨ ਦੀ ਖ਼ਤਰਨਾਕ ਚਾਲ ਚੱਲੀ ਗਈ। ਆਜ਼ਾਦੀ ਸੰਗਰਾਮ ਦੀ ਭਾਵਨਾ ਇਹਨਾਂ ਚਾਲਾਂ ਦਾ ਕਾਫ਼ੀ ਕਾਰਗਰ ਤੋੜ ਸਿੱਧ ਹੁੰਦੀ ਰਹੀ ਪਰ ਸਮੇਂ ਦਾ ਵਿਅੰਗ ਦੇਖੋ, ਅੰਗਰੇਜ਼ ਦੀ ਬੀਜੀ ਇਸ ਜ਼ਹਿਰ-ਬੂਟੀ ਨੂੰ ਆਜ਼ਾਦੀ ਸਮੇਂ ਦੇਸ-ਵੰਡ ਨਾਲ ਪੈਦਾ ਹੋਏ ਮਾਹੌਲ ਵਿਚ ਭਰਪੂਰ ਫਲ ਲੱਗਣ ਲੱਗੇ। ਇਹ ਸਭ ਏਨਾ ਸੱਜਰਾ ਇਤਿਹਾਸ ਹੈ ਕਿ ਇਸ ਦੇ ਵਿਸਤਾਰ ਵਿਚ ਜਾਣ ਦੀ ਕੋਈ ਲੋੜ ਨਹੀਂ ਦਿਸਦੀ।

ਰਣਜੀਤ ਸਿੰਘ ਦੇ ਅਤੇ ਅੰਗਰੇਜ਼ਾਂ ਦੇ ਸਮੇਂ ਪੰਜਾਬੀ ਨੂੰ ਰਾਜਪ੍ਰਬੰਧ ਅਤੇ ਸਿੱਖਿਆ ਦੇ ਮਾਧਿਅਮ ਵਜੋਂ ਸਥਾਨ ਨਾ ਮਿਲਣ ਦੇ ਬਾਵਜੂਦ ਲੋਕਾਂ ਦੀ ਬੋਲੀ ਵਜੋਂ ਇਹਦੀ ਹੈਸੀਅਤ ਨੂੰ ਸੱਟ ਮਾਰਨ ਦੇ ਸੋਚੇ-ਸਮਝੇ ਜਤਨ ਨਹੀਂ ਸਨ ਹੋਏ ਜਿਸ ਕਰਕੇ ਇਹਦੀਆਂ ਜੜਾਂ ਨੂੰ ਨੁਕਸਾਨ ਨਹੀਂ ਸੀ ਪੁੱਜਿਆ। ਰਾਜ-ਸਿੰਘਾਸਨ ਅਤੇ ਸਿੱਖਿਆ-ਸਿੰਘਾਸਨ ਤੋਂ ਬਿਨਾਂ ਵੀ ਇਹ ਸਮੂਹ ਪੰਜਾਬੀਆਂ ਦੇ, ਹਿੰਦੂ ਪੰਜਾਬੀਆਂ ਦੇ ਵੀ, ਮੁਸਲਮਾਨ ਪੰਜਾਬੀਆਂ ਦੇ ਵੀ ਅਤੇ ਸਿੱਖ ਪੰਜਾਬੀਆਂ ਦੇ ਵੀ, ਮਨ ਦੇ ਸਿੰਘਾਸਨ ਉੱਤੇ ਬਿਰਾਜਮਾਨ ਰਹੀ। ਆਜ਼ਾਦੀ ਨਾਲ ਦੇਸੀ ਭਾਸ਼ਾਵਾਂ ਦੇ ਵਿਕਾਸ ਦੀ ਆਸ ਜਾਗਣੀ ਸੁਭਾਵਿਕ ਸੀ ਪਰ ਸਰਕਾਰ ਨੇ ਰਾਜਨੀਤਕ ਅਤੇ ਆਰਥਿਕ ਵਾਗਾਂ ਸੰਭਾਲਣ ਵਾਂਗ ਭਾਸ਼ਾਈ ਅਤੇ ਸਭਿਆਚਾਰਕ ਨੀਤੀਆਂ ਘੜਨ ਦਾ ਕੰਮ ਵੀ ਪੂਰੀ ਤਰ੍ਹਾਂ ਆਪਣੇ ਹੱਥ ਲੈ ਕੇ ਇਹਨਾਂ ਨੂੰ ਵੀ ਆਪਣਾ ਖਿਡੌਣਾ ਬਣਾ ਲਿਆ। ਇਸੇ ਕਰਕੇ ਇਹ ਨੀਤੀਆਂ ਰੁੱਤਾਂ ਵਾਂਗ ਬਦਲਦੀਆਂ ਰਹਿੰਦੀਆਂ ਹਨ। ਚਾਹੀਦਾ ਇਹ ਸੀ ਕਿ ਇਹ ਨੀਤੀਆਂ ਤਿਆਰ ਕਰਨ ਦਾ ਕੰਮ ਭਾਸ਼ਾ ਅਤੇ



ਸਭਿਆਚਾਰ ਦੇ ਗਿਆਨੀਆਂ ਦੇ ਹਵਾਲੇ ਕੀਤਾ ਜਾਂਦਾ।

ਸਾਡੇ ਆਦਿ-ਲੇਖਕ ਬਾਬਾ ਫ਼ਰੀਦ ਤੋਂ ਲੈ ਕੇ ਹੁਣ ਤੱਕ ਪੰਜਾਬੀ ਸਾਹਿਤ ਦੇ ਵੱਡੇ ਭਾਈਵਾਲ ਰਹੇ ਮੁਸਲਮਾਨਾਂ ਨੂੰ ਪਾਕਿਸਤਾਨ, ਜਿਸ ਦੇ ਹਿੱਸੇ ਪੰਜਾਬੀਆਂ ਦਾ ਵੱਡਾ ਹਿੱਸਾ ਆ ਗਿਆ ਸੀ, ਵਿਚ ਇਹ ਪੱਕ ਕਰਵਾਇਆ ਜਾਣ ਲੱਗਿਆ ਕਿ ਉਹਨਾਂ ਦਾ ਅਸਲ ਰਿਸ਼ਤਾ ਪੰਜਾਬੀ ਨਾਲ ਨਹੀਂ, ਉਰਦੂ ਨਾਲ ਹੈ। ਰਾਜਪ੍ਰਬੰਧ ਅਤੇ ਸਿੱਖਿਆ ਵਿਚ ਪੰਜਾਬੀ ਨੂੰ ਨਕਾਰ ਕੇ ਉਰਦੂ ਦੇ ਝੰਡੇ ਗੱਡ ਦਿੱਤੇ ਗਏ। ਅਖੌਤੀ ਉਪਰਲੇ ਤਬਕੇ ਦੇ ਪੰਜਾਬੀਆਂ ਨੇ ਗੱਲਬਾਤ ਲਈ ਉਰਦੂ ਅਪਣਾ ਲਈ। ਹਾਲਤ ਏਨੀ ਨਿੱਘਰ ਗਈ ਕਿ ਪਾਕਿਸਤਾਨੀ ਪੰਜਾਬ ਦੀ ਅਸੈਂਬਲੀ ਵਿਚ ਪੰਜਾਬੀ ਵਿਚ ਤਕਰੀਰ ਕਰਨ ਦੀ ਮਨਾਹੀ ਕਰ ਦਿੱਤੀ ਗਈ। (ਹੁਣ ਸ਼ਾਇਦ ਇਹ ਮਨਾਹੀ ਤਾਂ ਰੱਦ ਕਰ ਦਿੱਤੀ ਗਈ ਹੈ ਪਰ ਪਤਾ ਨਹੀਂ, ਇਹ ਹੱਕ ਕੋਈ ਵਰਤਦਾ ਵੀ ਹੈ ਕਿ ਨਹੀਂ।) ਇਧਰ ਪਹੁੰਚਦੀਆਂ ਉਧਰਲੀ ਪੰਜਾਬੀ ਦੀ ਤਰੱਕੀ ਦੀਆਂ ਖ਼ਬਰਾਂ ਬਹੁਤ ਵਧਾ-ਚੜ੍ਹਾ ਕੇ ਦੱਸੀਆਂ ਹੁੰਦੀਆਂ ਹਨ। ਇਹਤੋਂ ਵੀ ਮਾੜੀ ਗੱਲ, ਇਧਰਲੇ ਪੰਜਾਬ ਵਿਚ ਆਪਣੇ ਆਪ ਨੂੰ ਆਮ ਲੋਕਾਂ ਨਾਲੋਂ ਉੱਚਾ ਸਮਝਣ ਵਾਲੇ ਤਬਕੇ ਵਿਚ ਪੰਜਾਬੀ ਦੀ ਥਾਂ ਘਰਾਂ ਵਿਚ ਅੰਗਰੇਜ਼ੀ ਜਾਂ ਹਿੰਦੀ ਬੋਲਣ ਦਾ ਰੁਝਾਨ ਵਧ ਰਿਹਾ ਹੈ, ਭਾਵੇਂ ਕਿ ਪਾਕਿਸਤਾਨ ਦੇ ਟਾਕਰੇ ਇਸ ਅਮਲ ਦੀ ਰਫ਼ਤਾਰ ਅਜੇ ਕਾਫ਼ੀ ਮੱਧਮ ਹੈ।

ਇਹ ਆਸ ਰੱਖਣਾ ਬਿਲਕੁਲ ਜਾਇਜ਼ ਸੀ ਕਿ ਪੰਜਾਬੀ ਸੂਬਾ ਬਣਨ ਪਿਛੋਂ, ਖਾਸ ਕਰਕੇ ਪੰਜਾਬੀ ਸੂਬੇ ਦੇ ਮੁਦਈ ਕਹਾਉਂਦੇ ਰਾਜਨੀਤਿਕ ਆਗੂਆਂ ਦੇ ਗੱਦੀ ਉੱਤੇ ਬੈਠਣ ਪਿਛੋਂ ਪੰਜਾਬੀ ਨੂੰ ਰਾਜਭਾਸ਼ਾ ਦਾ ਦਰਜਾ ਮਿਲ ਜਾਂਦਾ। ਪਰ ਇਤਿਹਾਸ ਹੈਰਾਨ ਹੋਇਆ ਕਰੇਗਾ ਕਿ ਅਜਿਹਾ ਹੋਇਆ ਨਾ। ਮੇਰਾ ਮੱਤ ਹੈ ਕਿ ਜੇ ਲਛਮਣ ਸਿੰਘ ਗਿੱਲ ਦੀ ਟੁੱਟਣ ਲਈ ਹੀ ਬਣੀ ਸਰਕਾਰ ਇਹ ਕਦਮ ਨਾ ਚੁਕਦੀ, ਕਿਸੇ ਅਕਾਲੀ ਜਾਂ ਕਾਂਗਰਸੀ ਸਰਕਾਰ ਨੇ ਅੱਜ ਤੱਕ ਵੀ ਪੰਜਾਬੀ ਨੂੰ ਰਾਜਭਾਸ਼ਾ ਨਹੀਂ ਸੀ ਬਣਾਉਣਾ ਅਤੇ ਪੰਜਾਬੀ ਲੇਖਕਾਂ ਨੇ ਚੰਡੀਗੜ੍ਹ ਦੇ ਮਟਕਾ ਚੌਕ ਵਿਚ ਉਸੇ ਤਰ੍ਹਾਂ ਧਰਨੇ ਦਿੰਦੇ ਰਹਿਣਾ ਸੀ ਜਿਵੇਂ ਹੁਣ ਉਹ ਬਣਿਆ ਹੋਇਆ ਭਾਸ਼ਾਈ ਕਾਨੂੰਨ ਲਾਗੂ ਕਰਵਾਉਣ ਲਈ ਅਤੇ ਉਹਦੀਆਂ ਕਮਜ਼ੋਰੀਆਂ ਦੂਰ ਕਰਵਾਉਣ ਲਈ ਅਕਸਰ ਦਿੰਦੇ ਰਹਿੰਦੇ ਹਨ। ਛੋਟੇ-ਵੱਡੇ ਬਾਬੂ ਹਮੇਸ਼ਾ ਹਾਕਮਾਂ ਦੀ ਅੱਖ ਵੱਲ ਦੇਖ ਕੇ ਕੰਮ ਕਰਦੇ ਹਨ। ਗਿੱਲ ਦੀ ਕੌੜੀ ਅੱਖ ਦੇਖਦਿਆਂ ਟਾਈਪ ਦੀਆਂ ਅੰਗਰੇਜ਼ੀ ਮਸ਼ੀਨਾਂ ਦਫ਼ਤਰਾਂ ਦੀਆਂ ਅਲਮਾਰੀਆਂ ਉੱਤੇ ਸੁੱਟ ਕੇ ਪੰਜਾਬੀ ਦੀਆਂ ਮਸ਼ੀਨਾਂ ਖ਼ਰੀਦ ਲਈਆਂ ਗਈਆਂ ਸਨ। ਉਹਦੀ ਸਰਕਾਰ ਦਾ ਡਿੱਗਣਾ ਸੀ ਕਿ ਪੰਜਾਬੀ ਦੀਆਂ ਮਸ਼ੀਨਾਂ ਪਰੇ ਸੁਟਦਿਆਂ ਅੰਗਰੇਜ਼ੀ ਦੀਆਂ ਮਸ਼ੀਨਾਂ ਝਾੜ-ਪੂੰਝ ਕੇ ਫੇਰ ਮੇਜ਼ਾਂ ਉੱਤੇ ਸਜਾ ਲਈਆਂ ਗਈਆਂ। ਇਸ ਤੱਥ ਉੱਤੇ ਕਿਸ ਨੂੰ ਹਾਸਾ ਨਹੀਂ ਆਵੇਗਾ ਕਿ ਅੱਜ ਵੀ ਦਫ਼ਤਰਾਂ ਵਿਚ ਪੰਜਾਬੀ ਲਾਗੂ ਕਰਨ ਦੀਆਂ ਹਦਾਇਤਾਂ ਅਨੇਕ ਵਾਰ ਅੰਗਰੇਜ਼ੀ ਵਿਚ ਭੇਜੀਆਂ ਜਾਂਦੀਆਂ ਹਨ।

ਆਰਥਿਕ ਵਿਸ਼ਵੀਕਰਨ ਦੇ ਨਾਲ ਨਾਲ ਸੂਚਨਾ, ਦੂਰਸੰਚਾਰ ਅਤੇ ਕੰਪਿਊਟਰ ਤਕਨਾਲੋਜੀ ਦੇ ਦੰਗ ਕਰ ਦੇਣ ਵਾਲੇ ਵਿਕਾਸ ਨੇ ਅੰਗਰੇਜ਼ੀ ਭਾਸ਼ਾ ਦੀ ਮਹੱਤਤਾ ਬਹੁਤ ਵਧਾ ਦਿੱਤੀ ਹੈ। ਇਸਦਾ ਕਾਰਨ ਇਹਦੀਆਂ ਕੋਈ ਭਾਸ਼ਾਈ ਵਿਸ਼ੇਸ਼ਤਾਵਾਂ ਨਹੀਂ। ਸਗੋਂ ਲਿਪੀ ਦੀਆਂ ਕਮਜ਼ੋਰੀਆਂ ਅਤੇ ਵਿਆਕਰਨ ਦੀਆਂ ਬੇਨੇਮੀਆਂ ਇਹਨੂੰ ਊਣੀ ਭਾਸ਼ਾ ਬਣਾਉਂਦੀਆਂ ਹਨ। ਇਕ ਤਾਂ ਬਸਤੀਵਾਦੀ ਸਾਮਰਾਜ ਦੀ ਭਾਸ਼ਾ ਹੋਣ ਕਰਕੇ ਇਹਦੀ ਪਹੁੰਚ ਵੱਡੇ ਭੂਗੋਲਕ ਖੇਤਰ ਤੱਕ ਹੋ ਗਈ ਅਤੇ ਦੂਜੇ, ਇਹਦੇ ਮਾਧਿਅਮ ਰਾਹੀਂ ਖੋਜ-ਕਾਰਜ ਸਦਕਾ ਹੋਇਆ ਵਿਗਿਆਨਕ-ਤਕਨਾਲੋਜੀਕਲ ਵਿਕਾਸ ਇਹਦੇ ਮਹੱਤਵ ਵਿਚ ਵਾਧਾ ਕਰਦਾ ਹੈ। ਅੰਗਰੇਜ਼ੀ ਵਿਚ ਹੋਰ ਭਾਸ਼ਾਵਾਂ ਦੇ ਸ਼ਬਦਾਂ ਨੂੰ ਅਪਣਾ ਕੇ ਅਮੀਰ ਹੋਣ ਦੀ ਵੀ ਬੜੀ ਸਮਰੱਥਾ ਹੈ। ਉਹ ਸਾਡੇ ਵਾਂਗ ਫ਼ੋਨ ਨੂੰ 'ਦੂਰਭਾਸ਼', ਸਬਵੇਅ ਨੂੰ 'ਭੂਮੀਗਤ ਪੈਦਲ ਪਾਰ ਪਥ' ਅਤੇ ਜੂਨੀਅਰ ਇੰਜੀਨੀਅਰ ਨੂੰ 'ਕਨਿਸ਼ਟ ਅਭਿਅੰਤਾ' ਨਹੀਂ ਬਣਾਉਂਦੇ ਸਗੋਂ ਅੰਗਰੇਜ਼ੀ-ਭਾਸ਼ੀ ਲੋਕਾਂ ਵਿਚ ਹੋਰ ਭਾਸ਼ਾਵਾਂ ਦੇ ਪ੍ਰਚਲਿਤ ਹੁੰਦੇ ਰਹਿੰਦੇ ਸ਼ਬਦਾਂ ਨੂੰ

ਉਸੇ ਰੂਪ ਵਿਚ ਆਪਣੇ ਕੋਸ਼ਾਂ ਵਿਚ ਸ਼ਾਮਲ ਕਰਦੇ ਰਹਿੰਦੇ ਹਨ। ਉਹਨਾਂ ਲਈ ਹੁੱਕਾ, ਬਿੰਦੀ, ਸਾੜ੍ਹੀ, ਸਭ ਇਹੋ ਹਨ। ਅੰਗਰੇਜ਼ੀ ਦੇ ਇਸ ਦਬਦਬੇ ਦਾ ਰਾਹ ਸਾਡੀ ਭਾਸ਼ਾਈ ਹੀਣ-ਭਾਵਨਾ ਹੋਰ ਸੌਖਾ ਕਰ ਦਿੰਦੀ ਹੈ ਜਿਸ ਕਰਕੇ ਅੰਗਰੇਜ਼ੀ ਬੋਲਣ ਨੂੰ, ਭਾਵੇਂ ਉਹ ਗ਼ਲਤ ਹੀ ਹੋਵੇ, ਮਾਣ ਵਾਲੀ ਗੱਲ ਸਮਝਿਆ ਜਾਂਦਾ ਹੈ।

* * *

ਪੰਜਾਬੀ ਦਾ ਭਵਿੱਖ ਕਿਸ ਰਾਹ ਪਿਆ ਹੋਇਆ ਹੈ, ਇਹ ਤੱਥ ਅਸੀਂ ਦੋ ਪੈਮਾਨਿਆਂ ਅਨੁਸਾਰ ਦੇਖਾਂਗੇ। ਇਕ, ਸੰਪਰਕ, ਗਿਆਨ ਅਤੇ ਸਭਿਆਚਾਰ ਦੇ ਵਸੀਲੇ ਵਜੋਂ; ਦੂਜਾ, ਮੁੱਖ ਆਧਾਰਾਂ ਦੀ ਮਜ਼ਬੂਤੀ ਦੇ ਪੱਖੋਂ।

ਆਮ ਬੋਲਚਾਲ ਅਤੇ ਆਮ ਸੰਪਰਕ ਵਿਚ ਪੰਜਾਬੀ ਅਜੇ ਵੀ ਕਾਫ਼ੀ ਵੱਡੇ ਭੂਗੋਲਕ ਖੇਤਰ ਵਿਚ ਵੱਡੀ ਹੱਦ ਤੱਕ ਵਰਤੋਂ ਵਿਚ ਹੈ, ਭਾਵੇਂ ਹੁਣ ਪੂਰੀ ਹੱਦ ਤੱਕ ਤਾਂ ਨਹੀਂ ਕਿਹਾ ਜਾ ਸਕਦਾ। ਗਿਆਨ-ਵਿਗਿਆਨ ਦੇ ਵਿਕਾਸ ਦੇ ਨਾਲ ਨਾਲ ਇਸ ਉੱਤੇ ਅੰਗਰੇਜ਼ੀ ਦਾ ਜਾਇਜ਼ ਤੇ ਨਾਜਾਇਜ਼ ਦੋਵਾਂ ਕਿਸਮਾਂ ਦਾ ਛੱਪਾ ਵਧਦਾ ਜਾਂਦਾ ਹੈ। ਸਾਹਿਤ, ਲੋਕ-ਸਾਹਿਤ, ਵਿਚਾਰ-ਚਰਚਾ, ਲੋਰੀਆਂ, ਗੀਤਾਂ, ਵੈਣਾਂ, ਆਦਿ ਰਾਹੀਂ ਪਰਗਟ ਹੁੰਦਾ ਭਾਵਨਾਤਮਿਕ, ਦਾਰਸ਼ਨਿਕ ਅਤੇ ਸਭਿਆਚਾਰਕ ਪੱਖ ਹੀ ਹੈ ਜੋ ਮਨੁੱਖ ਨੂੰ ਮਨੁੱਖ ਬਣਾਉਂਦਾ ਹੈ। ਇਹ ਪੱਖ ਨਵੀਆਂ ਸਮਾਜਕ, ਆਰਥਿਕ, ਵਿਗਿਆਨਕ ਹਾਲਤਾਂ ਵਿਚ ਲਗਾਤਾਰ ਸੁੰਗੜ ਰਿਹਾ ਹੈ।

ਕਿਸੇ ਵੀ ਭਾਸ਼ਾ ਨੂੰ ਖੜ੍ਹੀ ਰੱਖਣ ਲਈ ਭੂਗੋਲਿਕ ਖੇਤਰ, ਸ਼ਬਦ-ਭੰਡਾਰ, ਲਿਪੀ ਅਤੇ ਵਿਆਕਰਨ ਉਹਦੇ ਚਾਰ ਥੰਮ੍ਹ ਹੁੰਦੇ ਹਨ। ਜੇ ਇਹਨਾਂ ਚਾਰਾਂ ਦੇ ਪੱਖੋਂ ਪੰਜਾਬੀ ਨੂੰ ਪਰਖ ਕੇ ਦੇਖੀਏ, ਸਿੱਟੇ ਕੋਈ ਉਤਸਾਹਜਨਕ ਨਹੀਂ ਨਿਕਲਦੇ।

ਪਹਿਲਾ, ਪੰਜਾਬੀ ਦਾ ਭੂਗੋਲਕ ਖੇਤਰ, ਜੋ ਸੰਤਾਲੀ ਤੱਕ ਦੂਰ ਦੂਰ ਫੈਲਿਆ ਹੋਇਆ ਸੀ, ਵਾਰ ਵਾਰ ਟੁਕੜੇਬੰਦੀ ਦਾ ਸ਼ਿਕਾਰ ਹੋ ਕੇ ਥੋੜ੍ਹੇ ਜਿਹੇ ਇਲਾਕੇ ਤੱਕ ਸਿਮਟ ਗਿਆ ਹੈ।

ਦੂਜਾ, ਪੰਜਾਬੀ ਦਾ ਮੌਲਕ ਸ਼ਬਦ-ਭੰਡਾਰ, ਜੋ ਹਰ ਭਾਸ਼ਾ ਵਾਂਗ, ਆਪਣੇ ਬੋਲਣ ਵਾਲਿਆਂ ਦੇ ਵਿਚਾਰ-ਪ੍ਰਗਟਾਵੇ ਦੇ ਪੂਰੀ ਤਰ੍ਹਾਂ ਸਮਰੱਥ ਹੈ, ਬਦਕਿਸਮਤੀ ਨੂੰ ਆਪਣਿਆਂ ਹੱਥੋਂ ਹੀ ਖੁਰਦਾ ਜਾ ਰਿਹਾ ਹੈ। ਪੰਜਾਬ ਦੇ ਪ੍ਰਬੰਧਕ ਤੇ ਰਾਜਨੀਤਕ ਹਲਕਿਆਂ ਵਿਚ ਅਤੇ ਸਭ ਤੋਂ ਮਾੜੀ ਗੱਲ, ਅਕਾਦਮਿਕ ਖੇਤਰ ਵਿਚ ਅਜਿਹੇ ਲੋਕਾਂ ਦੀ ਭਰਮਾਰ ਹੈ ਜਿਨ੍ਹਾਂ ਨੂੰ ਨਾ ਤਾਂ ਪੰਜਾਬੀ ਨਾਲ ਕੋਈ ਮੋਹ ਹੈ, ਨਾ ਸਮਾਜ ਲਈ ਮਾਤਭਾਸ਼ਾ ਦੇ ਮਹੱਤਵ ਦਾ ਪਤਾ ਹੈ ਅਤੇ ਨਾ ਪੰਜਾਬੀ ਦੀ ਭਾਸ਼ਾਈ ਆਬਤਾਬ ਦੀ ਕੋਈ ਜਾਣਕਾਰੀ ਹੈ। ਇਹ ਲੋਕ ਪੰਜਾਬੀ ਦੇ ਸੁੱਚੇ ਟਕਸਾਲੀ ਸ਼ਬਦਾਂ ਦੀ ਥਾਂ ਓਪਰੀਆਂ ਭਾਸ਼ਾਵਾਂ ਦੇ ਸ਼ਬਦ ਆਮ ਹੀ ਵਰਤਦੇ ਹਨ।

ਤੀਜਾ, ਇਹ ਕਥਨ ਕਿਸੇ ਜਜ਼ਬਾਤੀ ਜਾਂ ਸੌੜੇ ਨਜ਼ਰੀਏ ਉੱਤੇ ਆਧਾਰਿਤ ਨਹੀਂ ਸਗੋਂ ਭਾਸ਼ਾ-ਵਿਗਿਆਨਕ ਕਸਵੱਟੀ ਉੱਤੇ ਖਰਾ ਉੱਤਰਦਾ ਹੈ ਕਿ ਪੰਜਾਬੀ ਲਈ ਇਕੋ-ਇਕ ਢੁਕਵੀਂ ਲਿਪੀ ਗੁਰਮੁਖੀ ਹੀ ਹੈ ਜੋ ਇਸ ਦੀ ਹਰ ਧੁਨੀ ਅਤੇ ਸ਼ਬਦ ਨੂੰ ਲਿਖਤ ਦਾ ਸਹੀ ਸਹੀ ਜਾਮਾ ਪੁਆ ਸਕਦੀ ਹੈ। ਪਰ ਇਸ ਦੇ ਬਾਵਜੂਦ ਮੁਸਲਮਾਨ, ਪਵਿੱਤਰ ਕੁਰਾਨ ਨਾਲ ਜੁੜੀ ਲਿਪੀ ਹੋਣ ਕਾਰਨ, ਸ਼ਾਹਮੁਖੀ ਨੂੰ ਸਤਿਕਾਰਦੇ ਹਨ, ਹਿੰਦੂਆਂ ਲਈ 'ਦੇਵਤਿਆਂ ਦੀ ਬਣਾਈ' ਦੇਵਨਾਗਰੀ ਤੋਂ ਬਿਨਾਂ ਸਭ ਕੂੜ ਹੈ ਅਤੇ ਸਿੱਖਾਂ ਲਈ ਗੁਰਮੁਖੀ ਗੁਰੂ ਗ੍ਰੰਥ ਸਾਹਿਬ ਦੀ ਲਿਪੀ ਹੈ। ਇਸ ਸੋਚ ਨੇ ਪੰਜਾਬੀ ਦਾ ਨੁਕਸਾਨ ਕਰਨ ਵਿਚ ਕੋਈ ਕਸਰ ਨਹੀਂ ਛੱਡੀ!

ਲਿਪੀ ਬਾਰੇ ਅਸਲ ਚਿੰਤਾਜਨਕ ਗੱਲ ਕਈ ਪੰਜਾਬੀ ਲੇਖਕਾਂ ਸਮੇਤ ਕੁਝ ਲੋਕਾਂ ਦੀ ਇਹ ਸਮਝ ਹੈ ਕਿ ਲਿਪੀ ਦਾ ਕੀ ਹੈ, ਕੋਈ ਵੀ ਵਰਤ ਲਵੋ!ਉਹ ਕਹਿੰਦੇ ਹਨ, ਬਹੁਤੀਆਂ ਲਿਪੀਆਂ ਵਿਚ ਲਿਖੀ ਪੰਜਾਬੀ ਬਹੁਤੇ ਲੋਕਾਂ ਤੱਕ ਪਹੁੰਚ ਸਕੇਗੀ। ਇਸ ਦਲੀਲ ਅਨੁਸਾਰ ਤਾਂ ਸਾਨੂੰ



ਪੰਜਾਬੀ ਦੀ ਥਾਂ ਭਾਸ਼ਾ ਵੀ ਅੰਗਰੇਜ਼ੀ ਅਪਣਾ ਲੈਣੀ ਚਾਹੀਦੀ ਹੈ ਕਿਉਂਕਿ ਅਜਿਹਾ ਕਰ ਕੇ ਅਸੀਂ ਬਹੁਤ ਵੱਧ ਲੋਕਾਂ ਨਾਲ ਜੁੜ ਸਕਾਂਗੇ। ਇਹਨਾਂ ਲੋਕਾਂ ਨੂੰ ਏਨੀ ਚੇਤਨਾ ਨਹੀਂ ਕਿ ਪੁਜਦੀ ਭਾਸ਼ਾ ਹੈ, ਲਿਪੀ ਨਹੀਂ। ਜੇ ਮੈਨੂੰ ਕੋਈ ਭਾਸ਼ਾ ਨਹੀਂ ਆਉਂਦੀ, ਮੈਂ ਆਪਣੇ ਲਈ ਪੜ੍ਹਨਜੋਗ ਕਿਸੇ ਲਿਪੀ ਵਿਚ ਲਿਖੀ ਉਸ ਭਾਸ਼ਾ ਦਾ ਕੀ ਕਰਾਂਗਾ?ਕੋਈ ਅੰਗਰੇਜ਼ ਰੋਮਨ ਵਿਚ ਲਿਖੀ ਹੋਈ ਪੰਜਾਬੀ ਦਾ ਕੀ ਕਰੇਗਾ?ਮੈਂ ਗੁਰਮੁਖੀ ਵਿਚ ਲਿਖੀ ਹੋਈ ਫ਼ਰਾਂਸੀਸੀ ਦਾ ਕੀ ਸਮਝਾਂਗਾ? ਤੇ ਜੇ ਕਿਸੇ ਨੂੰ ਪੰਜਾਬੀ ਦੀ ਸਮਝ ਹੈ ਤਾਂ ਉਹ ਇਸ ਦੀ ਲਿਪੀ ਗੁਰਮੁਖੀ ਕਿਉਂ ਨਾ ਸਿੱਖੇ-ਜਾਣੇ? ਇਹ ਮੱਤ ਪੇਸ਼ ਕਰਨ ਵਾਲੇ ਸੱਜਣਾਂ ਨੂੰ ਨਾ ਇਹ ਪਤਾ ਹੈ ਕਿ ਭਾਸ਼ਾ ਕੀ ਹੁੰਦੀ ਹੈ, ਨਾ ਇਹ ਜਾਣਕਾਰੀ ਹੈ ਕਿ ਲਿਪੀ ਕੀ ਹੁੰਦੀ ਹੈ ਅਤੇ ਨਾ ਹੀ ਇਹ ਸੋਝੀ ਹੈ ਕਿ ਇਹਨਾਂ ਦੋਵਾਂ ਦਾ ਆਪਸ ਵਿਚ ਕੀ ਰਿਸ਼ਤਾ ਹੈ ਤੇ ਸਮਾਜ ਨਾਲ ਕੀ ਨਾਤਾ ਹੈ! ਕਿਸੇ ਭੂਗੋਲਕ ਖੇਤਰ ਦੇ ਲੋਕਾਂ ਦੀ ਭਾਸ਼ਾ ਬਹੁਤ ਲੰਮੇ ਇਤਿਹਾਸਕ ਦੌਰ ਵਿਚ ਰੂਪ ਧਾਰਦੀ ਹੈ। ਉਹਦੀਆਂ ਕੁਛ ਧੁਨੀਆਂ ਹੋਰ ਭਾਸ਼ਾਵਾਂ ਨਾਲ ਸਾਂਝੀਆਂ ਹੋ ਸਕਦੀਆਂ ਹਨ ਤੇ ਹੁੰਦੀਆਂ ਹਨ ਪਰ ਕੁਛ ਧੁਨੀਆਂ ਉਸੇ ਦੀਆਂ ਹੀ ਵਿਸ਼ੇਸ਼ ਹੁੰਦੀਆਂ ਹਨ। ਹਰ ਭਾਸ਼ਾ ਦੀ ਲਿਪੀ ਦਾ ਵਿਕਾਸ ਵੀ ਉਹਦੇ ਨਾਲ ਨਾਲ ਹੀ ਹੁੰਦਾ ਹੈ। ਇਹੋ ਲਿਪੀ ਉਸ ਭਾਸ਼ਾ ਦੀਆਂ ਸਾਰੀਆ ਧੁਨੀਆਂ ਨੂੰ ਪਰਗਟ ਕਰਨ ਦੇ ਸਮਰੱਥ ਹੁੰਦੀ ਹੈ। ਹੋਰ ਕੋਈ ਲਿਪੀ ਅਜਿਹਾ ਨਹੀਂ ਕਰ ਸਕਦੀ। ਪੰਜਾਬੀ ਦੀਆਂ ਕੁਛ ਪੁਰਾਣੀਆਂ ਧੁਨੀਆਂ, ਜਿਵੇਂ ਘ, ਝ, ਢ, ਧ, ਭ, ਆਦਿ ਅਜਿਹੀਆਂ ਹਨ ਜਿਨ੍ਹਾਂ ਨੂੰ ਹੋਰ ਕਿਸੇ ਲਿਪੀ ਵਿਚ ਪਰਗਟ ਹੀ ਨਹੀਂ ਕੀਤਾ ਜਾ ਸਕਦਾ। ਇਸੇ ਤਰ੍ਹਾਂ ਲ ਨਾਲੋਂ ਪਾਟ ਕੇ ਵਿਕਸਿਤ ਹੋਈ ਅਤੇ ਹੁਣ ਪੈਂਤੀ ਵਿਚ ਸ਼ਾਮਲ ਹੋ ਚੁੱਕੀ ਲ਼ ਦੀ ਧੁਨੀ ਹੋਰ ਲਿਪੀਆਂ ਵਿਚ ਪਰਗਟ ਨਹੀਂ ਕੀਤੀ ਜਾ ਸਕਦੀ।

ਸ਼ਾਹਮੁਖੀ ਦੀ ਗੱਲ ਨੂੰ ਉਰਦੂ ਜਾਣਨ ਵਾਲੇ ਸੱਜਣ ਚੰਗੀ ਤਰ੍ਹਾਂ ਸਮਝ ਸਕਣਗੇ। ਕੋਈ ਅੱਧੀ ਸਦੀ ਪਹਿਲਾਂ ਦੀ ਗੱਲ ਹੈ, ਜਲੰਧਰ ਰੇਡੀਓ ਤੋਂ ਸ਼ਾਹਮੁਖੀ ਵਿਚ ਲਿਖ ਕੇ ਪੰਜਾਬੀ ਪੜ੍ਹਨ ਵਾਲੇ ਇਕ ਸੱਜਣ ਨੇ ਕਲਗੀ ਨੂੰ ਕੁਲਫ਼ੀ ਪੜ੍ਹ ਦਿੱਤਾ ਸੀ। ਬੜਾ ਰੌਲਾ ਪਿਆ ਤੇ ਬੜਾ ਝੰਜਟ ਹੋਇਆ। ਚਲੋ ਇਹ ਤਾਂ ਦੂਰ ਦੀ ਗੱਲ ਹੈ, ਸੱਜਰੀ ਮਿਸਾਲ ਲਵੋ। ਕੁਛ ਮਹੀਨੇ ਪਹਿਲਾਂ ਦਿੱਲੀ ਦੇ ਇਕ ਦੋਮਾਸਕ ਨੇ ਪਾਕਿਸਤਾਨ ਵਿਚ ਸ਼ਾਹਮੁਖੀ-ਪੰਜਾਬੀ ਵਿਚ ਛਪੀਆਂ ਗ਼ਜ਼ਲਾਂ ਛਾਪੀਆਂ। ਲਿਪੀ ਬਦਲਣ ਸਮੇਂ ਹੋਏ ਅਨੇਕ ਕਾਰਨਾਮਿਆਂ ਵਿਚੋਂ ਦੋ ਮਿਸਾਲਾਂ ਕਾਫ਼ੀ ਹਨ। ਮਿਸਰਾ ਸੀ, "ਹੌਲੀ ਹੌਲੀ ਵਿਥਾਂ ਵਧੀਆਂ ਜਿਵੇਂ ਮੁੱਠੀਓਂ ਕਿਰਦੀ ਰੇਤ।" ਲਿਪੀਕਾਰ ਨੇ ਕੀਤਾ, "...ਮੱਠੀਉਂ ਕਰਦੀ ਰੀਤ।" ਇਵੇਂ ਹੀ "ਚੰਨ ਵੀ ਉਹਨੂੰ ਵੇਖ ਕੇ ਖੜ੍ਹਾ ਰਿਹਾ ਬਨੇਰੇ ਤੇ" ਦੇ "ਬਨੇਰੇ" ਨੂੰ "ਹਨੇਰੇ" ਲਿਖ ਦਿੱਤਾ। ਕਾਰਨ ਇਹ ਸੀ ਕਿ ਜੇ ਸੋਚਿਆ ਨਾ ਜਾਵੇ,ਇਹ ਲਫ਼ਜ਼ ਇਉਂ ਵੀ ਪੜ੍ਹੇ ਜਾ ਸਕਦੇ ਹਨ!

ਹੁਣ ਗੱਲ ਕਰੀਏ ਦੇਵਨਾਗਰੀ ਦੀ। ਪੰਜਾਬੀ ਲਈ (ਤੇ ਹੋਰ ਭਾਰਤੀ ਭਾਸ਼ਾਵਾਂ ਲਈ ਵੀ) ਆਨੀਂ-ਬਹਾਨੀਂ, ਕਿਸੇ ਭਾਸ਼ਾਈ ਆਧਾਰ ਤੋਂ ਬਿਨਾਂ, ਭਾਸ਼ਾਈ-ਸਾਮਰਾਜੀ ਸੋਚ ਜਾਂ ਫ਼ਿਰਕੂ ਰਾਜਨੀਤੀ ਕਾਰਨ ਦੇਵਨਾਗਰੀ ਲਿਪੀ ਦੀ ਮੰਗ ਕੀਤੀ ਜਾਂਦੀ ਰਹਿੰਦੀ ਹੈ, ਭਾਵੇਂ ਕਿ ਪੰਜਾਬ ਵਿਚ ਇਹ ਮੰਗ ਕਰਨ ਵਾਲੇ ਪੰਜਾਬੀ ਨੂੰ ਆਪ ਵੀ ਦੇਵਨਾਗਰੀ ਵਿਚ ਨਹੀਂ ਲਿਖਦੇ। ਇਕ ਦਿਲਚਸਪ ਤੱਥ; ਮੈਨੂੰ ਜੇ ਗੁਰਮੁਖੀ ਦੀ ਥਾਂ ਦੇਵਨਾਗਰੀ ਦੀ ਵਰਤੋਂ ਕਿਤੇ ਸੋਚ-ਸਮਝ ਕੇ ਬਾਕਾਇਦਾ ਕੀਤੀ ਮਿਲੀ ਹੈ, ਉਹ ਗੁਰਦੁਆਰਿਆਂ ਵਿਚ ਰੱਖੇ ਜਾਂਦੇ ਗੁਟਕਿਆਂ ਵਿਚ ਹੈ। ਸ਼ਰਧਾਲੂਆਂ ਨੂੰ ਬਾਣੀ ਤੱਕ ਪਹੁੰਚਣ ਵਾਸਤੇ ਉਸ ਦੀ ਲਿਪੀ ਸਿੱਖਣ ਲਈ ਪ੍ਰੇਰਨ ਦੀ ਥਾਂ ਬਾਣੀ ਦੀ ਹੀ ਲਿਪੀ 'ਅਵਰ ਤੁਮਾਰੀ' ਕਰ ਦਿੱਤੀ ਗਈ ਹੈ। ਇਕੋ ਮਿਸਾਲ ਕਾਫ਼ੀ ਹੈ। ਦੇਵਨਾਗਰੀ ਵਿਚ ਲਿਖ ਕੇ ਕਿਸੇ ਨੂੰ ਘਰ, ਝੂਲਾ, ਢੋਲ, ਧਰਤੀ ਅਤੇ ਭੋਲਾਭਾਲਾ ਪੜ੍ਹਨ ਵਾਸਤੇ ਕਹੋ ਅਤੇ ਦੇਖੋ ਕਿ ਉਹ ਇਹਨਾਂ ਦੇ ਪੰਜਾਬੀ ਉਚਾਰਨ ਦੀ ਥਾਂ ਕੀ ਉਚਰਦਾ ਹੈ!

ਅੰਗਰੇਜ਼ੀ ਦੀ ਲਿਪੀ ਰੋਮਨ ਦੀ ਗੱਲ ਤਾਂ ਰਹਿਣ ਹੀ ਦੇਈਏ ਤਾਂ ਚੰਗਾ!ਈਮੇਲ

ਕਰਦਿਆਂ ਲੋਕ ਪੰਜਾਬੀ ਲਈ ਆਮ ਕਰਕੇ ਰੋਮਨ ਲਿਪੀ ਵਰਤਦੇ ਹਨ ਜਿਸ ਵਿਚ ਲਿਖੀ ਪੰਜਾਬੀ ਨੂੰ ਉਠਾਲਣਾ ਖਾਸੀ ਮੁਸ਼ੱਕਤ ਲੋੜਦਾ ਹੈ। ਅਜਿਹਾ ਇਸ ਤੱਥ ਦੇ ਬਾਵਜੂਦ ਹੋ ਰਿਹਾ ਹੈ ਕਿ ਕੰਪਿਊਟਰ ਵਿਚ ਗੁਰਮੁਖੀ-ਪੰਜਾਬੀ ਵਿਚ ਈਮੇਲ ਕਰਨ ਦੀ ਬਹੁਤ ਹੀ ਸੌਖੀ-ਸਰਲ ਸਹੂਲਤ ਪ੍ਰਾਪਤ ਹੈ। ਇਹਨੂੰ ਪੰਜਾਬੀ ਨਾਲ ਦਿਲੀ ਸਾਂਝ ਦੀ ਘਾਟ ਹੀ ਸਮਝੋ ਕਿ, ਮਿਸਾਲ ਵਜੋਂ, ਜਿਨ੍ਹਾਂ ਲੇਖਕਾਂ, ਪ੍ਰੋਫ਼ੈਸਰਾਂ, ਪਾਠਕਾਂ ਨੂੰ ਮੈਂ ਗੁਰਮੁਖੀ-ਪੰਜਾਬੀ ਲਿਖਣ ਦਾ ਇਹ ਤਰੀਕਾ ਦੱਸਿਆ ਹੈ, ਉਹਨਾਂ ਵਿਚੋਂ ਬਹੁਤ ਘੱਟ ਨੇ ਉਹ ਅਪਣਾਇਆ ਹੈ। ਇਉਂ ਪੰਜਾਬੀ ਦੀ ਇਕ ਲਿਪੀ ਵਜੋਂ ਕੰਪਿਊਟਰ ਰਾਹੀਂ ਸਹਿਜੇ ਸਹਿਜੇ ਰੋਮਨ ਦਾ ਪ੍ਰਵੇਸ਼ ਹੋ ਰਿਹਾ ਹੈ। ਮੋਤੀ ਤੇ ਮੋਟੀ ਨੂੰ ਰੋਮਨ ਵਿਚ ਕੀ ਫ਼ਰਕ ਕਰ ਕੇ ਲਿਖੋਗੇ? ਦੋਵੇਂ ਟੀ ਹਨ। ਧਓਸ ਦਸ ਹੈ ਕਿ ਦਾਸ? ਧਓਲ ਦਾਲ ਹੈ ਕਿ ਦਲ ਹੈ, ਡਾਲ ਹੈ ਕਿ ਡਲ ਹੈ? ਘਓਰਦ ਨੂੰ ਗਾਰਦ, ਗਰਦ, ਗਾਰਡ, ਗਰੜ ਵਿਚੋਂ ਕੀ ਪੜ੍ਹੋਗੇ?

ਪੰਜਾਬੀ ਵਾਸਤੇ ਇਸ ਦੀ ਵਿਗਿਆਨਕ ਲਿਪੀ ਗੁਰਮੁਖੀ ਦੀ ਥਾਂ ਕੋਈ ਹੋਰ ਲਿਪੀ ਲਿਆਉਣ ਵਾਲਿਆਂ ਦੀ ਨਿਰੋਲ ਰਾਜਨੀਤਕ ਤੇ ਧਾਰਮਿਕ-ਫ਼ਿਰਕੂ ਮੰਗ ਵਿਰੁੱਧ ਲੰਮੇ ਸੰਘਰਸ਼ ਦੇ ਸਿੱਟੇ ਵਜੋਂ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਦਾ ਕਾਨੂੰਨੀ ਮੇਲ ਹੋਇਆ ਹੈ। ਭਾਸ਼ਾ-ਵਿਗਿਆਨ ਦੇ ਵਿਰੁੱਧ ਗੱਲਾਂ ਲਿਖ-ਬੋਲ ਕੇ ਸੁੱਤੀਆਂ ਕਲਾਂ ਨਹੀਂ ਜਗਾਉਣੀਆਂ ਚਾਹੀਦੀਆਂ ਅਤੇ ਪੰਜਾਬੀ ਦਾ ਨੁਕਸਾਨ ਨਹੀਂ ਕਰਨਾ ਚਾਹੀਦਾ!

ਚੌਥਾ, ਹਰ ਭਾਸ਼ਾ ਦਾ ਨਿੱਤ-ਵਰਤੋਂ ਸਦਕਾ ਵਿਕਸਿਤ ਹੋਇਆ ਵਿਆਕਰਨ ਮੂੰਹੋਂ-ਮੂੰਹ ਪੀੜ੍ਹੀ-ਦਰ-ਪੀੜ੍ਹੀ ਅੱਗੇ ਪੁਜਦਾ ਰਹਿੰਦਾ ਹੈ। ਸਕੂਲੀ ਉਮਰ ਤੋਂ ਪਹਿਲਾਂ ਹੀ ਬੱਚਾ ਵਚਨ ਅਤੇ ਲਿੰਗ ਸਮੇਤ ਬਹੁਤ ਸਾਰਾ ਵਿਆਕਰਨ ਸਿੱਖ ਚੁੱਕਿਆ ਹੁੰਦਾ ਹੈ। ਉਹ "ਮੈਂ ਰੋਟੀ ਖਾਣੀ ਹੈ" ਕਹਿੰਦਾ ਹੈ, "ਮੈਂ ਰੋਟੀ ਖਾਣਾ ਹੈ" ਨਹੀਂ ਅਤੇ "ਮੈਂ ਪਾਣੀ ਪੀਣਾ ਹੈ" ਬੋਲਦਾ ਹੈ, "ਮੈਂ ਪਾਣੀ ਪੀਣੀ ਹੈ" ਨਹੀਂ। ਉਹ "ਇਕ ਰੋਟੀ ਲੈਣੀ ਹੈ" ਆਖਦਾ ਹੈ, "ਇਕ ਰੋਟੀ ਲੈਣੀਆਂ ਹਨ" ਨਹੀਂ ਅਤੇ "ਦੋ ਰੋਟੀਆਂ ਲੈਣੀਆਂ ਹਨ" ਕਹਿੰਦਾ ਹੈ, "ਦੋ ਰੋਟੀ ਲੈਣੀ ਹੈ" ਨਹੀਂ। ਪਰ ਵੱਡੀਆਂ ਡਿਗਰੀਆਂ ਵਾਲੇ ਉਹਨਾਂ ਅਨੇਕ 'ਵਿਦਵਾਨਾਂ' ਦਾ ਕੀ ਕਰੀਏ ਜਿਹੜੇ ਇਹਨਾਂ ਤੋਤਲੇ ਬੱਚਿਆਂ ਦੇ ਬਰਾਬਰ ਵਿਆਕਰਨ ਵੀ ਨਹੀਂ ਜਾਣਦੇ? ਅਜਿਹੇ ਲੋਕਾਂ ਦੇ ਮੂੰਹੋਂ ਤੁਸੀਂ ਅਕਸਰ ਹੀ 'ਮੱਕੀ ਦੀ ਰੋਟੀਆਂ' ਤੇ 'ਕੱਚ ਦੀ ਚੂੜੀਆਂ' ਵਰਗੇ ਮਨੋਹਰ ਵਚਨ ਸੁਣੇ ਹੋਣਗੇ। ਕੁਛ ਦਿਨ ਪਹਿਲਾਂ ਦੂਰਦਰਸ਼ਨ ਤੋਂ ਆਜ਼ਾਦੀ ਦਿਵਸ ਦੇ ਪ੍ਰੋਗਰਾਮ ਦੀ ਪੇਸ਼ਕਾਰ ਬੀਬੀ ਪੰਜਾਬੀ ਨੂੰ ਬਿਲਕੁਲ ਬਣਾਉਟੀ ਲਹਿਜੇ ਵਿਚ ਤਾਂ ਬੋਲ ਹੀ ਰਹੀ ਸੀ, 'ਸ਼ਹੀਦਾਂ ਦੀ ਕੁਰਬਾਨੀਆਂ' ਜਿਹੇ ਭਾਸ਼ਾਈ ਮੋਤੀ ਵੀ ਬਖੇਰ ਰਹੀ ਸੀ! ਹੁਣ ਪੰਜਾਬੀ 'ਮਿਲਿਆ' ਦੀ ਥਾਂ ਅਕਸਰ 'ਪਾਇਆ ਗਿਆ' ਲਿਖਿਆ ਮਿਲਦਾ ਹੈ ਜਿਸ ਦੇ ਬੜੇ ਹਾਸੋਹੀਣੇ ਸਿੱਟੇ ਨਿਕਲਦੇ ਹਨ। ਅਖ਼ਬਾਰ ਮਰੀਜ਼ ਦੇ ਪੇਟ ਵਿਚ ਕੈਂਸਰ ਮਿਲਿਆ ਜਾਂ ਨਿਕਲਿਆ ਦੀ ਥਾਂ ਲਿਖਦੇ ਹਨ, ਮਰੀਜ਼ ਦੇ ਪੇਟ ਵਿਚ ਕੈਂਸਰ ਪਾਇਆ ਗਿਆ। ਅਰਥਾਤ, ਉਸ ਬਦਕਿਸਮਤ ਦੇ ਪਹਿਲਾਂ ਚੰਗੇ-ਭਲੇ ਪੇਟ ਵਿਚ ਹੁਣ ਕੈਂਸਰ ਪਾ ਦਿੱਤਾ ਗਿਆ ਹੈ!

ਪੰਜਾਬੀ ਉੱਤੇ ਸ਼ ਦਾ ਹਮਲਾ ਹੀ ਰੁਕਣ ਵਿਚ ਨਹੀਂ ਆਉਂਦਾ। ਦੇਸ, ਨਿਰਾਸ, ਸਲਵਾਰ, ਸੀਸਾ ਜਿਹੇ ਦਰਜਨਾਂ ਸ਼ਬਦ ਸਾਡੇ ਮਹਾਂਰਥੀਆਂ ਨੇ ਦੇਸ਼, ਨਿਰਾਸ਼, ਸ਼ਲਵਾਰ, ਸ਼ੀਸ਼ਾ, ਆਦਿ ਬਣਾ ਦਿੱਤੇ ਹਨ। ਦੇਸ ਨੂੰ ਦੇਸ਼ ਬਣਾ ਦਿੱਤੇ ਜਾਣ ਕਰਕੇ ਹੁਣ ਘਿਓ ਦੇਸ਼ੀ ਹੋਵੇਗਾ ਅਤੇ ਕੁੜੀਆਂ ਪਰਦੇਸ਼ੀ ਢੋਲੇ ਦੇ ਗੀਤ ਗਾਇਆ ਕਰਨਗੀਆਂ। ਪਰਦੇਸ ਵਿਦੇਸ਼ ਹੋ ਗਿਆ ਹੈ, ਮੁਟਿਆਰ ਯੁਵਤੀ ਹੋ ਗਈ ਹੈ ਅਤੇ ਗੱਭਰੂ ਯੁਵਕ ਹੋ ਗਿਆ ਹੈ। ਪੰਜਾਬੀ ਰਿਸ਼ਤਿਆਂ ਅਤੇ ਸਭਿਆਚਾਰ ਦਾ ਸਭ ਤੋਂ ਬਹੁਤਾ ਨੁਕਸਾਨ ਅੰਕਲ-ਆਂਟੀ ਨੇ ਕੀਤਾ ਹੈ। ਜਿਥੇ, ਮਿਸਾਲ ਵਜੋਂ, ਮਾਮਾ-ਮਾਸੀ ਮਾਂ ਦੇ ਅਤੇ ਚਾਚੇ-ਤਾਏ ਤੇ ਭੂਆ ਪਿਓ ਦੇ ਵੀਰ-ਭੈਣ ਹੋਣ ਸਦਕਾ ਬੋਲਣ ਸਮੇਂ ਮਨ ਵਿਚ ਆਦਰ ਤੇ ਮੋਹ ਦੀ ਵਿਸ਼ੇਸ਼ ਭਾਵਨਾ ਜਗਾਉਂਦੇ ਸਨ, ਹੁਣ ਮਾਮੇ, ਚਾਚੇ, ਤਾਏ, ਫੁੱਫੜ, ਮਾਸੜ, ਆਦਿ ਤੋਂ ਲੈ



ਕੇ ਸਬਜ਼ੀ ਵਾਲਾ ਅੰਕਲ, ਦੁੱਧ ਵਾਲਾ ਅੰਕਲ ਸਭ ਅੰਕਲ ਹੀ ਹਨ। ਚਾਚੀ, ਤਾਈ, ਮਾਸੀ, ਭੂਆ, ਆਦਿ ਤੋਂ ਲੈ ਕੇ ਗਲੀ ਦੀ ਕੱਪੜੇ ਪ੍ਰੈੱਸ ਕਰਨ ਵਾਲੀ ਤੱਕ ਸਭ ਆਂਟੀਆਂ ਹਨ। ਅੰਕਲ-ਆਂਟੀਆਂ ਵਿਚ ਅਜਿਹੇ ਗੁਆਂਢੀ ਵੀ ਸ਼ਾਮਲ ਹੁੰਦੇ ਹਨ ਜਿਨ੍ਹਾਂ ਨੂੰ ਘਰੇ ਬੱਚਿਆਂ ਸਾਹਮਣੇ ਅਕਸਰ ਗਾਲ਼ਾਂ ਦਿੱਤੀਆਂ ਜਾਂਦੀਆਂ ਰਹਿੰਦੀਆਂ ਹਨ। ਇਉਂ ਇਹਨਾਂ ਸ਼ਬਦਾਂ ਨਾਲ ਜੁੜਿਆ ਸਤਿਕਾਰ ਹੀ ਮਰ ਗਿਆ ਹੈ।

ਇਹ ਗੱਲ ਵੀ ਧਿਆਨਜੋਗ ਹੈ ਕਿ ਸਾਡੇ ਕਿਸੇ ਵਿਸ਼ਵਵਿਦਿਆਲੇ, ਵਿਭਾਗ ਜਾਂ ਬੋਰਡ ਨੇ, ਇਕ ਸਕੂਲੀ ਤੇ ਇਕ ਕਾਲਜੀ ਵਿਆਕਰਨ ਤੋਂ ਇਲਾਵਾ, ਪੰਜਾਬੀ ਦੀ ਗਹਿਰ-ਗੰਭੀਰ ਜਾਣਕਾਰੀ ਲਈ ਵਰਤੀ ਜਾ ਸਕਣ ਵਾਲੀ ਕੋਈ ਵਿਆਕਰਨ ਪੁਸਤਕ ਤਿਆਰ ਨਹੀਂ ਕੀਤੀ। ਕੀ ਸਾਨੂੰ ਇਸ ਗੱਲ ਤੋਂ ਚਿੰਤਾਤੁਰ ਨਹੀਂ ਹੋਣਾ ਚਾਹੀਦਾ ਕਿ ਪੰਜਾਬੀ ਨਾਲ ਸੰਬੰਧਿਤ ਕਰੋੜਾਂ-ਅਰਬਾਂ ਦੇ ਬਜਟ ਵਾਲੀਆਂ ਸੰਸਥਾਵਾਂ ਵਿਚੋਂ ਕਿਸੇ ਨੇ ਵੀ ਅਜੇ ਤੱਕ ਪੰਜਾਬੀ ਸ਼ਬਦ-ਸਮੂਹ ਨੂੰ ਇਕ ਥਾਂ ਇਕੱਤਰ ਨਹੀਂ ਕੀਤਾ ਅਤੇ ਨਾ ਹੀ ਸ਼ਬਦਜੋੜਾਂ ਵਿਚ ਇਕਰੂਪਤਾ ਲਿਆਂਦੀ ਹੈ? ਸ਼ਬਦ-ਸੰਗ੍ਰਹਿ ਅਤੇ ਸ਼ਬਦਜੋੜਾਂ ਦੇ ਮਿਆਰੀਕਰਨ ਵਾਸਤੇ ਪੰਜਾਬੀ ਯੂਨੀਵਰਸਿਟੀ ਨੇ ਡਾ. ਹਰਕੀਰਤ ਸਿੰਘ ਦੀ ਅਗਵਾਈ ਵਿਚ ਵਡਿਆਈਜੋਗ ਕੰਮ ਕੀਤਾ ਸੀ ਜੋ ਬਦਕਿਸਮਤੀ ਨੂੰ ਉਸੇ ਯੂਨੀਵਰਸਿਟੀ ਨੇ ਰੱਦ ਕਰ ਦਿੱਤਾ ਜਦੋਂ ਕਿ ਚਾਹੀਦਾ ਇਹ ਸੀ ਕਿ ਵਿਸ਼ਵਕੋਸ਼ਾਂ ਵਿਚ ਨਿਰੰਤਰ ਸੋਧਾਂ ਅਤੇ ਵਾਧਿਆਂ ਦੀ ਦੁਨੀਆ ਭਰ ਵਾਲੀ ਰੀਤ ਅਪਣਾਈ ਜਾਂਦੀ ਅਤੇ ਉਸ ਨੂੰ ਸੰਪੂਰਨ ਬਣਾਇਆ ਜਾਂਦਾ ਰਹਿੰਦਾ। ਉਲਟਾ ਹੋਇਆ ਇਹ ਕਿ ਹਰਕੀਰਤ ਸਿੰਘ ਦੇ ਜਵਾਬ ਵਿਚ ਯੂਨੀਵਰਸਿਟੀ ਨੇ ਨੇਮਾਂ ਦਾ ਇਕ ਅਜਿਹਾ ਕਿਤਾਬਚਾ ਜਾਰੀ ਕੀਤਾ ਜੀਹਨੇ ਕਈ ਕਈ ਜੋੜਾਂ ਵਾਲੇ ਸ਼ਬਦਾਂ ਵਾਸਤੇ ਕੋਈ ਇਕ ਜੋੜ ਮਿਥਣ ਦੀ ਥਾਂ ਉਹ ਸ਼ਬਦਜੋੜ ਵੀ ਉਖੇੜ ਦਿੱਤੇ ਜਿਨ੍ਹਾਂ ਬਾਰੇ ਉੱਕਾ ਕੋਈ ਵਿਵਾਦ ਜਾਂ ਦੂਹਰ ਹੈ ਹੀ ਨਹੀਂ।

ਪਿਛੇ ਜਿਹੇ ਦਿੱਲੀ ਯੂਨੀਵਰਸਿਟੀ ਵਿਚ ਪੰਜਾਬੀ ਅਤੇ ਹੋਰ ਦੇਸੀ ਭਾਸ਼ਾਵਾਂ ਦਾ ਰੁਤਬਾ ਘਟਾਏ ਜਾਣ ਵਿਰੁੱਧ ਰੋਸ-ਲਹਿਰ ਚੱਲੀ ਸੀ। ਇਹ ਕੋਈ ਇਕੱਲੀ-ਇਕਹਿਰੀ ਘਟਨਾ ਨਹੀਂ। ਸਮੇਂ ਸਮੇਂ ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ ਵੀ ਪੰਜਾਬੀ ਦੀ ਹੋਂਦ ਨਾਲੋਂ ਪੱਚਰਾਂ ਲਾਹੇ ਜਾਣ ਦੀਆਂ ਅਤੇ ਸਰਕਾਰਾਂ ਦੇ ਪੰਜਾਬੀ-ਵਿਰੋਧੀ ਕਦਮਾਂ ਦੀਆਂ ਅਫ਼ਸੋਸਨਾਕ ਖ਼ਬਰਾਂ ਆਉਂਦੀਆਂ ਹੀ ਰਹਿੰਦੀਆਂ ਹਨ। ਇਹਨੀਂ ਦਿਨੀਂ ਪੰਜਾਬੀ ਨਾਲ ਦਸਵੀਂ ਪਾਸ ਕਰਨ ਵਾਲਿਆਂ ਨੂੰ ਹੋਰ ਦਸਵੀਂ ਪਾਸਾਂ ਵਾਂਗ ਚੰਡੀਗੜ੍ਹ ਪ੍ਰਸ਼ਾਸਨ ਦਾ ਕੰਡਕਟਰ ਲਾਉਣ ਤੋਂ ਇਨਕਾਰ ਭਖਵਾਂ ਮੁੱਦਾ ਬਣਿਆ ਹੋਇਆ ਹੈ। ਅਜੀਬ ਗੱਲ ਦੇਖੋ, ਪੰਜਾਬ ਦੀ ਰਾਜਧਾਨੀ ਵਿਚ ਪੰਜਾਬੀ ਨੂੰ ਕੋਈ ਮਾਨਤਾ ਹੀ ਨਹੀਂ! ਹੁਣ ਵਿੱਦਿਅਕ ਨੀਤੀਆਂ ਤਿਆਰ ਕਰਨ ਵਿਚ ਸਰਕਾਰ ਦੇ ਨਾਲ ਨਾਲ ਕਾਰਪੋਰੇਟ ਜਗਤ ਦਾ ਵੀ ਹੱਥ ਹੋ ਗਿਆ ਹੈ ਜਿਸ ਨੂੰ ਭਾਸ਼ਾ ਤੇ ਸਭਿਆਚਾਰ ਦੇ ਆਧਾਰ ਉੱਤੇ ਬਣਦੇ ਮਨੁੱਖਾਂ ਦੀ ਲੋੜ ਨਹੀਂ, ਵਿਗਿਆਨਕ-ਤਕਨਾਲੋਜੀਕਲ ਵਿਸ਼ੇ ਲੈ ਕੇ ਬਣੀਆਂ ਮਨੁੱਖੀ ਮਸ਼ੀਨਾਂ ਦੀ ਲੋੜ ਹੈ।

ਸਰਕਾਰਾਂ ਲਈ ਸਿੱਖਿਆ ਵਿਭਾਗ ਬੱਚਿਆਂ ਨੂੰ ਪੜ੍ਹਾਉਣ ਦੇ ਨਾਲ ਨਾਲ ਹੋਰ ਵਿਭਾਗਾਂ ਵਾਂਗ ਹੋਰ ਵੀ ਕਈ ਕੰਮ ਆਉਂਦਾ ਹੈ। ਪਿਛਲੇ ਦਿਨੀਂ ਪੰਜਾਬ ਸਰਕਾਰ ਨੇ ਪ੍ਰਾਇਮਰੀ ਦੇ ਵਿਦਿਆਰਥੀਆਂ ਲਈ ਲੱਖਾਂ ਰੁਪਏ ਦੀਆਂ ਲਚਰ ਤੇ ਲੁੱਚੀਆਂ ਪੰਜਾਬੀ ਪੁਸਤਕਾਂ ਭੇਜ ਦਿੱਤੀਆਂ। ਆਮ ਨਾਲੋਂ ਕਈ ਗੁਣਾ ਵੱਧ ਮੁੱਲ ਰੱਖ ਕੇ ਇਸ ਮੰਤਵ ਲਈ ਉਚੇਚੀਆਂ ਛਪਵਾਈਆਂ ਗਈਆਂ ਇਹ ਪੁਸਤਕਾਂ ਕਿਸੇ ਪ੍ਰਕਾਸ਼ਕ ਰਾਹੀਂ ਨਹੀਂ ਸਗੋਂ ਸੀਮਿੰਟ ਦੀਆਂ ਨਾਲ਼ੀਆਂ ਬਣਾਉਣ ਵਾਲੀ ਇਕ ਫ਼ੈਕਟਰੀ ਦੇ ਮਾਲਕ ਤੋਂ ਨਵੀਂ ਫ਼ਰਮ ਖੁਲ੍ਹਵਾ ਕੇ ਖ਼ਰੀਦੀਆਂ ਗਈਆਂ। ਮੈਂ ਅਜਿਹੀ ਇਕ ਪੁਸਤਕ ਦਰਸ਼ਨ ਦੀ ਰੀਝ ਪੂਰੀ ਕਰਨ ਲਈ ਮੰਗਵਾਈ ਤਾਂ ਉਹ 230 ਰੁਪਏ ਮੁੱਲ ਰੱਖ ਕੇ ਗੁਟਕੇ-ਪੋਥੀਆਂ ਛਾਪਣ ਵਾਲੀ ਇਕ ਫ਼ਰਮ ਦੀ ਪ੍ਰਕਾਸ਼ਿਤ ਕੀਤੀ ਹੋਈ ਸੀ। ਇਹ ਸਭ ਕਿਉਂ ਹੋਇਆ, ਤੁਸੀਂ ਆਪ ਸੋਚ-ਸਮਝ ਸਕਦੇ ਹੋ। ਪੰਜਾਬੀ ਦੀ ਪੜ੍ਹਾਈ ਬਾਰੇ ਪੰਜਾਬ ਸਰਕਾਰ ਦੀ ਸਮਝ ਅਤੇ ਗੰਭੀਰਤਾ ਦਾ ਅੰਦਾਜ਼ਾ ਇਸ ਇਕੋ ਮਿਸਾਲ ਤੋਂ ਭਲੀਭਾਂਤ ਲਾਇਆ ਜਾ ਸਕਦਾ ਹੈ।

ਨੀਤੀਆਂ ਤਾਂ ਨੀਤੀਆਂ, ਪੰਜਾਬੀ ਦੀ ਦੁਰਦਸ਼ਾ ਤਾਂ ਅੱਜ ਬਹੁਗਿਣਤੀ ਲੇਖਕਾਂ, ਪ੍ਰੋਫ਼ੈਸਰਾਂ ਤੇ ਕਥਿਤ ਵਿਦਵਾਨਾਂ ਦੀ ਲਿਖੀ ਪੰਜਾਬੀ ਪੜ੍ਹ ਕੇ ਦੇਖੀ ਜਾ ਸਕਦੀ ਹੈ। ਜਿਨ੍ਹਾਂ ਨੇ ਖ਼ੂਬਸੂਰਤ ਪੰਜਾਬੀ ਲਿਖੀ ਹੈ ਜਾਂ ਅੱਜ ਲਿਖ ਰਹੇ ਹਨ, ਉਹਨਾਂ ਵਿਚੋਂ ਧੀਰ ਵਰਗੇ ਕਈ ਤਾਂ ਕਾਲਜ ਵਿਚ ਪੜ੍ਹੇ ਹੀ ਨਹੀਂ ਸਨ, ਕਾਲਜ ਪਹੁੰਚੇ ਗਾਰਗੀ ਵਰਗੇ ਕਈਆਂ ਨੇ ਪੰਜਾਬੀ ਵਿਸ਼ਾ ਨਹੀਂ ਸੀ ਲਿਆ ਹੋਇਆ ਅਤੇ ਜਿਹੜੇ ਪੰਜਾਬੀ ਪੜ੍ਹੇ ਸਨ, ਉਹ ਤੇਜਾ ਸਿੰਘ ਵਰਗੇ ਪੰਜਾਬੀ ਦੇ ਜਾਣਕਾਰਾਂ ਦੀ ਪੀੜ੍ਹੀ ਤੋਂ ਪੜ੍ਹੇ ਸਨ। ਫ਼ਰਕ ਇਹ ਸੀ ਕਿ ਇਹਨਾਂ ਸਭਨਾਂ ਨੂੰ ਪੰਜਾਬੀ ਦੇ ਹੁਸਨ ਦਾ, ਪੰਜਾਬੀ ਦੇ ਜਲੌਅ ਦਾ ਪਤਾ ਸੀ। ਮੋਹਨ ਸਿੰਘ ਵਰਗਿਆਂ ਦੀ ਹੋਰ ਭਾਸ਼ਾਵਾਂ ਦੀ ਜਾਣਕਾਰੀ ਉਹਨਾਂ ਲਈ ਪੰਜਾਬੀ ਦੇ ਹੁਸਨ ਅਤੇ ਜਲੌਅ ਵਿਚ ਵਾਧਾ ਕਰਨ ਦਾ ਸਾਧਨ ਬਣਦੀ ਸੀ। ਜਿਸ ਭਾਸ਼ਨ ਜਾਂ ਲਿਖਤ ਵਿਚੋਂ ਸਰੋਤੇ ਜਾਂ ਪਾਠਕ ਨੂੰ ਪੰਜਾਬੀ ਦੀ ਸਮਰੱਥਾ, ਸੂਖ਼ਮਤਾ ਅਤੇ ਸੁਹਜ ਦੇ ਦਰਸ਼ਨ-ਦੀਦਾਰ ਨਹੀਂ ਹੁੰਦੇ, ਉਹ ਉਸ ਦੇ ਕਿਸ ਕੰਮ!

ਹੁਣ ਹਾਲਤ ਉਲਟੀ ਹੈ। ਜਿਉਂ ਜਿਉਂ ਵਿਦਿਆਰਥੀ ਪੰਜਾਬੀ ਦੀਆਂ ਜਮਾਤਾਂ ਵਿਚ ਉੱਚਾ ਚੜ੍ਹਦਾ ਜਾਂਦਾ ਹੈ, ਉਹਦੀ ਪੰਜਾਬੀ ਦਾ ਭੱਠਾ ਬੈਠਦਾ ਜਾਂਦਾ ਹੈ ਅਤੇ ਡਾਕਟਰੇਟ ਕਰਨ ਮਗਰੋਂ ਉਹ ਓਪਰੀਆਂ ਭਾਸ਼ਾਵਾਂ ਦਾ ਖੋਟ ਰਲਾਏ ਬਿਨਾਂ ਆਮ ਗੱਲਬਾਤ ਵੀ ਪੰਜਾਬੀ ਵਿਚ ਕਰਨ ਤੋਂ ਅਸਮਰੱਥ ਹੋ ਜਾਂਦਾ ਹੈ। ਪੰਜਾਬੀ ਦੀ ਇਹਦੇ ਵਿਕਾਸ ਵਾਸਤੇ ਜ਼ਿੰਮੇਵਾਰ ਲੋਕਾਂ ਹੱਥੋਂ ਹੁੰਦੀ ਦੁਰਗਤ ਦੇਖਣ ਲਈ ਕਿਸੇ ਡੂੰਘੀ ਖੋਜਭਾਲ ਦੀ ਲੋੜ ਨਹੀਂ, ਤੁਸੀਂ ਜ਼ਰਾ ਬਹੁਗਿਣਤੀ ਪੰਜਾਬੀ ਪੁਸਤਕਾਂ, ਅਖ਼ਬਾਰਾਂ, ਗੋਸ਼ਟੀਆਂ, ਟੀਵੀ ਚੈਨਲਾਂ, ਮੰਚ-ਗਾਇਕੀ, ਫ਼ਿਲਮਾਂ, ਆਦਿ ਦਾ ਭਾਸ਼ਾਈ ਮਿਆਰ ਦੇਖ ਲਵੋ। ਇਹਨਾਂ ਸਭ ਖੇਤਰਾਂ ਵਿਚ ਖ਼ੂਬਸੂਰਤ ਭਾਸ਼ਾ ਵਾਲੀਆਂ ਰਚਨਾਵਾਂ ਤੂੜੀ ਵਿਚ ਦਾਣੇ ਬਣ ਕੇ ਰਹਿ ਜਾਂਦੀਆਂ ਹਨ। ਇਸ ਕੂੜ-ਕਬਾੜ ਨੂੰ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੀ ਕੌਮਾਂਤਰੀ ਖੇਤਰ ਵਿਚ ਬੱਲੇ-ਬੱਲੇ ਆਖ ਕੇ ਪ੍ਰਚਾਰਿਆ ਅਤੇ ਵਡਿਆਇਆ ਜਾਂਦਾ ਹੈ।

ਮੈਂ ਦੋ ਆਪਬੀਤੀਆਂ ਸੁਣਾਉਣਾ ਚਾਹਾਂਗਾ। ਐੱਮ. ਫ਼ਿਲ. ਕਰਨ ਦੀ ਚਾਹਵਾਨ ਇਕ ਲੜਕੀ ਨੇ ਮੇਰੇ ਨਾਲ ਗੱਲ ਕੀਤੀ ਤਾਂ ਮੈਂ ਸੁਝਾਅ ਦਿੱਤਾ, ਤੂੰ 'ਭੁੱਲਰ ਦੇ ਇਸਤਰੀ ਪਾਤਰ' ਵਿਸ਼ਾ ਲੈ। ਕੁਛ ਦਿਨਾਂ ਮਗਰੋਂ ਉਹਦਾ ਫ਼ੋਨ ਆਇਆ, "ਭਾ ਜੀ, ਗਾਈਡ ਸਰ ਨੇ ਕਿਹਾ ਹੈ, ਯੂਨੀਵਰਸਿਟੀ ਪੱਧਰ ਦੀ ਖੋਜ ਵਿਚ ਅਜਿਹੀ ਸਰਲ ਭਾਸ਼ਾ ਨਹੀਂ ਵਰਤਣੀ ਚਾਹੀਦੀ ਤੇ ਨਾਂ ਵੀ ਗੌਰਾ-ਭਾਰਾ ਹੋਣਾ ਚਾਹੀਦਾ ਹੈ। ਉਹਨਾਂ ਨੇ ਵਿਸ਼ਾ 'ਭੁੱਲਰ ਦੀਆਂ ਕਹਾਣੀਆਂ ਦਾ ਸਿਸਟਮੀ ਅਧਿਐਨ' ਕਰ ਦਿੱਤਾ ਹੈ।" ਮੈਂ ਪੁੱਛਿਆ, "ਬੀਬੀ, ਉਹ ਕੀ ਹੁੰਦਾ ਹੈ?" ਉਹ ਹੱਸੀ, "ਭਾ ਜੀ, ਇਹ ਤਾਂ ਸਰ ਵੀ ਨਹੀਂ ਸਮਝਾ ਸਕੇ। ਕਹਿੰਦੇ ਲਿਖ ਤੂੰ ਆਪਣਾ ਪਹਿਲਾਂ ਸੋਚਿਆ ਹੀ ਪਰ ਭਾਸ਼ਾ ਦਾ ਖ਼ਿਆਲ ਰੱਖ। ਸਰਲ ਨਹੀਂ, ਜਟਿਲ ਹੋਵੇ।" ਆਖ਼ਰ ਮੇਰੀਆਂ ਕਹਾਣੀਆਂ ਦਾ ਸਿਸਟਮੀ ਅਧਿਐਨ ਹੋ ਕੇ ਰਿਹਾ!

'ਸਮਕਾਲੀ ਸਾਹਿਤ' ਦੇ ਪਿਛਲੇ ਅੰਕ ਵਿਚ ਦੇਵਨੀਤ ਦੀ ਕਵਿਤਾ ਬਾਰੇ ਮੇਰਾ ਲੇਖ ਛਪਿਆ। ਉਹਨੀਂ ਦਿਨੀਂ ਕਿਸੇ ਪੁਸਤਕ ਬਾਰੇ ਇਕ ਹੋਰ ਤ੍ਰੈਮਾਸਕ ਵਿਚ ਪੰਜਾਬੀ ਯੂਨੀਵਰਸਿਟੀ ਦੇ ਇਕ ਡਾਕਟਰ ਸਾਹਿਬ ਦਾ ਲੇਖ ਛਪਿਆ। ਲੇਖ ਦੇ ਅਨੇਕ ਸ਼ਬਦ ਰੋਮਨ ਵਿਚ ਅੰਗਰੇਜ਼ੀ ਦੇ ਤਾਂ ਸਨ ਹੀ, ਦੋ-ਤਿੰਨ ਵਾਰ ਪੜ੍ਹ ਕੇ ਵੀ ਮੈਂ ਪਹਿਲਾ ਪੈਰਾ ਹੀ ਸਮਝ ਨਾ ਸਕਿਆ। ਆਪਣੀ ਬੁੱਧੀ ਉੱਤੇ ਭਰੋਸਾ ਨਾ ਕਰਦਿਆਂ ਮੈਂ ਦੋ ਹੋਰ ਲੇਖਕਾਂ ਨੂੰ ਪੜ੍ਹਾਇਆ ਤਾਂ ਉਹਨਾਂ ਨੇ ਵੀ ਪਹਿਲੇ ਪੈਰੇ ਨਾਲ ਹੀ ਹੱਥ ਖੜ੍ਹੇ ਕਰ ਦਿੱਤੇ। ਮੈਂ ਆਪਣਾ ਲੇਖ ਪ੍ਰੋਫ਼ੈਸਰ ਸਾਹਿਬ ਨੂੰ ਕੋਰੀਅਰ ਕਰਵਾਇਆ ਅਤੇ ਪੁੱਛਿਆ, ਤੁਹਾਡੇ ਵਿਦਵਤਾ ਦੇ ਸੂਰਜ ਸਾਹਮਣੇ ਸਾਹਿਤਕ ਨਿਰਖ-ਪਰਖ ਦੇ ਅਜਿਹੇ ਦੀਵੇ ਦੀ ਵੀ ਕੋਈ ਕੀਮਤ ਹੈ ਕਿ ਮੈਂ ਇਹ ਲੇਖ ਪਾੜ ਦੇਵਾਂ? ਏਨੇ ਨੂੰ ਦੇਵਨੀਤ ਦਾ ਫ਼ੋਨ ਆਇਆ, "ਮੈਂ ਸਾਰੀ ਉਮਰ ਤਰਸਦਾ ਰਿਹਾ ਹਾਂ ਕਿ ਕੋਈ ਇਕ ਤਾਂ ਮੇਰੀ ਕਵਿਤਾ ਨੂੰ ਤਹਿਆਂ ਤੱਕ ਸਮਝੇ ਤੇ ਸਮਝਾਵੇ! ਅੱਜ ਰੀਝ ਪੂਰੀ ਹੋਈ ਤੋਂ ਮੈਂ ਸਹਿਜ ਹੋ ਗਿਆ ਹਾਂ।" ਪਰ ਪ੍ਰੋਫ਼ੈਸਰ ਸਾਹਿਬ ਨੇ ਲੇਖ ਪਾੜਨ ਦੇ



ਹੱਕ ਵਿਚ ਫ਼ੈਸਲਾ ਦਿੰਦਿਆਂ ਫ਼ੋਨ ਰਾਹੀਂ ਦੱਸਿਆ ਕਿ ਪਾਠਕ ਦੇ ਸਮਝ ਆਉਣ ਵਾਲੇ ਅਜਿਹੇ ਲੇਖਾਂ ਦਾ ਜ਼ਮਾਨਾ ਚਿਰੋਕਾ ਬੀਤ ਗਿਆ; ਹੁਣ ਪੰਜਾਬੀ ਆਲੋਚਨਾ ਦਾ ਵਿਸ਼ਵੀਕਰਨ ਹੋ ਗਿਆ ਹੋਣ ਕਰਕੇ ਪੱਧਰ ਬਹੁਤ ਉੱਚਾ ਚੁੱਕਿਆ ਗਿਆ ਹੈ! ਜਦੋਂ ਅਸੀਂ ਪਾਠਕਾਂ ਦੀ ਘਾਟ ਦਾ ਰੋਣਾ ਰੋਂਦੇ ਹਾਂ, ਸਾਨੂੰ ਸੋਚਣਾ ਚਾਹੀਦਾ ਹੈ ਕਿ ਅਜਿਹੇ ਮਹਾਂਪੁਰਸ਼ਾਂ ਤੋਂ ਪੜ੍ਹੇ ਹੋਏ ਵਿਦਿਆਰਥੀਆਂ ਵਿਚ ਸਾਹਿਤ ਨੂੰ ਮਾਣਨ ਦੀ ਕਿੰਨੀ ਕੁ ਸਮਰੱਥਾ ਹੋ ਸਕਦੀ ਹੈ। ਇਸੇ ਕਰਕੇ ਬਹੁਤੇ ਵਿਦਿਆਰਥੀਆਂ ਦਾ ਪੁਸਤਕਾਂ ਨਾਲੋਂ ਨਾਤਾ ਇਮਤਿਹਾਨ ਦਿੰਦਿਆਂ ਹੀ ਟੁੱਟ ਜਾਂਦਾ ਹੈ। ਹੁਣ ਅਨੇਕ ਲੇਖਕ ਅਜਿਹੇ ਹਨ ਜਿਨ੍ਹਾਂ ਦੀ ਪੰਜਾਬੀ ਪੜ੍ਹ ਕੇ ਜੀਅ ਕੱਚਾ ਹੋਣ ਲੱਗ ਜਾਂਦਾ ਹੈ। ਅਜਿਹੇ ਲੋਕਾਂ ਨੇ ਆਪਣੀ ਅਜੋਗਤਾ ਛੁਪਾਉਣ ਲਈ ਇਕ ਸਮਝੋਂ ਬਾਹਰਾ ਤੇ ਜੱਗੋਂ ਨਿਆਰਾ ਸਿਧਾਂਤ ਘੜਿਆ ਹੈ ਕਿ ਭਾਸ਼ਾ ਦਾ ਕੀ ਹੈ, ਗੱਲ ਪਾਠਕ ਤੱਕ ਪਹੁੰਚਣੀ ਚਾਹੀਦੀ ਹੈ। ਕੋਈ ਪੁੱਛੇ, ਜੇ ਭਾਸ਼ਾ ਹੀ ਪੜ੍ਹਨਜੋਗ ਨਹੀਂ ਹੋਵੇਗੀ, ਗੱਲ ਕਿਵੇਂ ਪਹੁੰਚੇਗੀ?

ਮੈਂ ਤਾਂ ਇਸ ਸੰਬੰਧ ਵਿਚ ਕਈ ਸਭਾਵਾਂ ਤੇ ਗੋਸ਼ਟੀਆਂ ਦੇ ਮੰਚਾਂ ਤੋਂ ਇਕ ਦੋ-ਮਿੰਟੀ ਪਰਖ ਦਾ ਸੁਝਾਅ ਦਿੱਤਾ ਹੈ ਜੋ ਸਾਡੇ ਵਿੱਦਿਅਕ-ਅਕਾਦਮਿਕ ਖੇਤਰ ਵਾਸਤੇ ਸੰਜੀਵਨੀ ਸਿੱਧ ਹੋ ਸਕਦਾ ਹੈ। ਉਹੋ ਸੁਝਾਅ ਅੱਜ ਤੁਹਾਡੇ ਸਾਹਮਣੇ ਦੁਹਰਾਉਂਦਾ ਹਾਂ। ਯੂਨੀਵਰਸਿਟੀ ਪੱਧਰ ਤੋਂ ਸ਼ੁਰੂ ਕਰ ਕੇ ਪੰਜਾਬੀ ਦੇ ਹਰ ਅਧਿਆਪਕ ਨੂੰ ਕਿਸੇ ਬਹੁਤ ਹੀ ਸਰਲ-ਸਾਧਾਰਨ, ਜਿਵੇਂ ਹਵਾ, ਪਾਣੀ, ਸੂਰਜ, ਦਿਨ-ਰਾਤ ਜਿਹੇ ਵਿਸ਼ੇ ਬਾਰੇ ਬੋਲਣ ਲਈ ਕਿਹਾ ਜਾਵੇ। ਜੇ ਉਹ ਹੋਰ ਭਾਸ਼ਾਵਾਂ ਦੇ ਬੇਲੋੜੇ ਸ਼ਬਦ ਮਿਲਾਏ ਬਿਨਾਂ ਇਹਨਾਂ ਬਾਰੇ ਵੀ ਨਿਰਮਲ ਪੰਜਾਬੀ ਵਿਚ ਬੋਲਣ ਤੋਂ ਅਸਮਰੱਥ ਰਹੇ, ਉਹਨੂੰ ਪੰਜਾਬੀ ਸਿੱਖਣ ਲਈ ਛੇ ਮਹੀਨਿਆਂ ਦੀ ਜਬਰੀ ਬਿਨ-ਤਨਖ਼ਾਹੀ ਛੁੱਟੀ ਭੇਜ ਦਿੱਤਾ ਜਾਵੇ ਅਤੇ ਵਾਪਸੀ ਮਗਰੋਂ ਵੀ ਜੇ ਉਹ ਇਸ ਪਰਖ ਵਿਚੋਂ ਪੂਰਾ ਨਹੀਂ ਉੱਤਰਦਾ, ਉਹਨੂੰ ਘਰ ਭੇਜ ਦਿੱਤਾ ਜਾਵੇ। ਇਉਂ ਸਾਡੇ ਪੰਜਾਬੀ ਅਧਿਆਪਕਾਂ ਦਾ ਵੱਡਾ ਹਿੱਸਾ, ਜੋ ਠੀਕ ਪੰਜਾਬੀ ਲਿਖ-ਬੋਲ ਨਹੀਂ ਸਕਦਾ, ਠੀਕ ਪੰਜਾਬੀ ਸਿੱਖ ਸਕੇਗਾ ਅਤੇ ਅੱਗੇ ਵਿਦਿਆਰਥੀਆਂ ਨੂੰ ਪੜ੍ਹਾ ਸਕੇਗਾ।

* * *

ਪੰਜਾਬੀ ਦੇ ਰਾਹ ਦੀਆਂ ਰੁਕਾਵਟਾਂ ਦੀ ਦਰਦ-ਕਹਾਣੀ ਜਿੰਨੀ ਮਰਜ਼ੀ ਲੰਮੀ ਕਰ ਲਵੋ। ਹੁਣ ਅਸੀਂ ਉਹ ਦਲੀਲਾਂ ਦੇਖਾਂਗੇ ਜੋ ਪੰਜਾਬੀ ਦੀ ਇਸ ਤਿਲ੍ਹਕਦੀ ਜਾਂਦੀ ਹਾਲਤ ਦੀ ਕਾਟ ਵਜੋਂ ਅਤੇ ਪੰਜਾਬੀ ਦਾ ਭਵਿੱਖੀ ਬੋਲਬਾਲਾ ਦਰਸਾਉਣ ਵਾਸਤੇ ਪੇਸ਼ ਕੀਤੀਆਂ ਜਾਂਦੀਆਂ ਹਨ।

ਪੰਜਾਬੀ ਦੀ ਅਮਰਤਾ ਦੇ ਪੱਖ ਵਿਚ ਪਹਿਲੀ ਦਲੀਲ ਇਹ ਦਿੱਤੀ ਜਾਂਦੀ ਹੈ ਕਿ ਇਹ ਗੁਰੂਆਂ, ਪੀਰਾਂ-ਫ਼ਕੀਰਾਂ, ਸੰਤਾਂ-ਭਗਤਾਂ, ਸੂਫ਼ੀਆਂ, ਵਾਰਿਸ ਜਿਹੇ ਕਵੀਆਂ ਦੀ ਬੋਲੀ ਹੋਣ ਕਰਕੇ ਮਰ ਨਹੀਂ ਸਕਦੀ। ਇਸ ਪ੍ਰਸੰਗ ਵਿਚ ਏਨਾ ਚੇਤੇ ਕਰਾਉਣਾ ਹੀ ਕਾਫ਼ੀ ਹੋਵੇਗਾ ਕਿ ਸੰਸਕ੍ਰਿਤ ਰਿਸ਼ੀਆਂ-ਮੁਨੀਆਂ ਦੀ, ਵੇਦਾਂ-ਸ਼ਾਸਤਰਾਂ ਦੀ, ਰਾਮਾਇਣ ਤੇ ਮਹਾਂਭਾਰਤ ਜਿਹੀਆਂ ਸ੍ਰੇਸ਼ਟ ਕਾਵਿ-ਕਥਾਵਾਂ ਦੀ, ਸਮਾਜ, ਰਾਜਨੀਤੀ, ਤਾਰਾ-ਵਿਗਿਆਨ, ਔਸ਼ਧੀ-ਵਿਗਿਆਨ, ਗਣਿਤ, ਆਦਿ ਨਾਲ ਸੰਬੰਧਿਤ ਕਮਾਲ ਦੇ ਗ੍ਰੰਥਾਂ ਦੀ ਅਤੇ ਪਾਣਿਨੀ ਦੇ ਰਚੇ ਹੋਏ ਸੰਸਾਰ ਦੇ ਪਹਿਲੇ ਵਿਆਕਰਨ ਦੀ ਭਾਸ਼ਾ ਸੀ, ਪਰ ਮਰ ਗਈ! ਨੇੜੇ ਦੀ ਮਿਸਾਲ ਲੈਣੀ ਹੋਵੇ ਤਾਂ ਬੇਮਿਸਾਲ ਸਾਹਿਤਕ ਉੱਤਮਤਾ ਵਾਲੀ ਉਰਦੂ ਸਾਡੀਆਂ ਅੱਖਾਂ ਸਾਹਮਣੇ ਮਰ ਰਹੀ ਹੈ। ਗ਼ਾਲਿਬ, ਮੀਰ, ਜ਼ੌਕ ਤੋਂ ਲੈ ਕੇ ਇਕਬਾਲ, ਫ਼ੈਜ਼, ਮੰਟੋ, ਕ੍ਰਿਸ਼ਨ ਚੰਦਰ, ਬੇਦੀ, ਕੈਫ਼ੀ, ਆਦਿ ਦੀ ਜ਼ਬਾਨ ਹੋਣਾ ਇਹਦੇ ਸਾਹਾਂ ਨੂੰ ਚਲਦੇ ਰੱਖਣ ਲਈ ਕੋਈ ਕਾਰਗਰ ਸਹਾਰਾ ਸਿੱਧ ਨਹੀਂ ਹੋ ਰਿਹਾ।

ਇਸ ਤੱਥ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਬੋਲੀ ਜਾਂਦੀ ਭਾਸ਼ਾ ਮਰਦੀ ਨਹੀਂ। ਪਰ ਗੱਲ ਉਸ ਹਾਲਤ ਵਿਚ ਜ਼ਰੂਰ ਚਿੰਤਾ ਵਾਲੀ ਹੋ ਜਾਂਦੀ ਹੈ ਜਦੋਂ ਉਹਨੂੰ ਬੋਲਣ ਵਾਲਿਆਂ ਦੀ ਗਿਣਤੀ ਤੇਜ਼ੀ ਨਾਲ ਘਟਣ ਲੱਗੇ। ਦੁਨੀਆ ਭਰ ਵਿਚ ਬੋਲਣ ਵਾਲੇ ਹੌਲੀ ਹੌਲੀ ਘਟਦੇ ਜਾਣ ਨਾਲ ਸੈਂਕੜੇ ਭਾਸ਼ਾਵਾਂ ਮਰੀਆਂ ਹਨ ਅਤੇ ਸੈਂਕੜੇ ਮਰ ਰਹੀਆਂ ਹਨ। ਪਿਛਲੇ ਕੁਛ ਦਹਾਕਿਆਂ ਤੋਂ ਲੱਖਾਂ ਲੋਕਾਂ ਦੇ

ਪੰਜਾਬੀ ਤਿਆਗਣ ਦਾ ਅਮਲ ਜਾਰੀ ਹੈ ਅਤੇ ਇਹ ਜਾਰੀ ਰਹੇਗਾ। ਦਿੱਲੀ ਇਹਦੀ ਉਜਾਗਰ ਮਿਸਾਲ ਹੈ ਜਿਥੇ ਲੱਖਾਂ ਮੂਲ ਪੰਜਾਬੀਆਂ ਦੀ ਤੀਜੀ ਪੀੜ੍ਹੀ ਪੰਜਾਬੀ ਨਾਲੋਂ ਪੂਰੀ ਤਰ੍ਹਾਂ ਟੁੱਟ ਚੁੱਕੀ ਹੈ। ਰਾਜਸਥਾਨ ਦੇ ਪੰਜਾਬੀ ਬੋਲਦੇ ਇਲਾਕਿਆਂ ਨੂੰ ਤਾਂ ਪੰਜਾਬੀ ਬਾਰੇ ਕਿਸੇ ਵਿਚਾਰ-ਚਰਚਾ ਵਿਚ ਸ਼ਾਮਲ ਹੀ ਨਹੀਂ ਕੀਤਾ ਜਾਂਦਾ। ਜਿਨ੍ਹਾਂ ਦੋ ਗੁਆਂਢੀ ਰਾਜਾਂ, ਹਰਿਆਣਾ ਤੇ ਹਿਮਾਚਲ ਵਿਚ ਅਤੇ ਦਿੱਲੀ ਵਿਚ ਪੰਜਾਬੀ ਦੇ ਦੂਜੀ ਭਾਸ਼ਾ ਬਣਨ ਦਾ ਰੌਲਾ ਪਾਇਆ ਜਾਂਦਾ ਹੈ, ਇਸ ਨਾਲ ਪੰਜਾਬੀ ਦਾ ਕੁਛ ਸੰਵਰਨ ਵਾਲਾ ਨਹੀਂ। ਸਾਰੀ ਗੱਲ ਲੇਖਕਾਂ ਨੂੰ ਸਾਲਾਨਾ ਇਨਾਮ ਦੇਣ ਤੇ ਅਗਲੇ ਦਿਨ ਭੁੱਲ ਜਾਣ ਵਾਲੇ ਸਭਿਆਚਾਰਕ ਪ੍ਰੋਗਰਾਮ ਕਰਾਉਣ ਵਾਸਤੇ ਪੰਜਾਬੀ ਅਕਾਦਮੀਆਂ ਕਾਇਮ ਕਰਨ ਅਤੇ ਸੜਕਾਂ ਦੇ ਮੀਲ-ਪੱਥਰਾਂ ਉੱਤੇ ਹੋਰ ਭਾਸ਼ਾਵਾਂ ਦੇ ਹੇਠ ਗ਼ਲਤ ਸ਼ਬਦਜੋੜਾਂ ਵਾਲੀ ਪੰਜਾਬੀ ਲਿਖਣ ਤੱਕ ਸਿਮਟ ਕੇ ਰਹਿ ਜਾਵੇਗੀ। ਮੁੱਖ ਤੌਰ ਉੱਤੇ ਇਹ ਅਕਾਦਮੀਆਂ ਅਸੈਂਬਲੀ ਜਾਂ ਪਾਰਲੀਮੈਂਟ ਵਿਚ ਸਵਾਲ ਪੁੱਛੇ ਜਾਣ ਸਮੇਂ ਪੰਜਾਬੀ ਲਈ ਸਰਕਾਰ ਦੀ ਕਾਰਗੁਜ਼ਾਰੀ ਦੀ ਅਤੇ ਰਾਜੀਵ-ਲੌਂਗੋਵਾਲ ਸਮਝੌਤਾ ਲਾਗੂ ਕੀਤੇ ਜਾਣ ਦੀ ਮਿਸਾਲ ਦਾ ਵਧੀਆ ਕੰਮ ਦਿੰਦੀਆਂ ਹਨ। ਇਹਨਾਂ ਰਾਜਾਂ ਦਾ ਡੂੰਘਾ ਪੰਜਾਬੀ-ਵਿਰੋਧ ਅਜਿਹੇ ਹਰ ਪੰਜਾਬੀ-ਹਿਤੈਸ਼ੀ ਜਤਨ ਨੂੰ ਠੁੱਸ ਕਰ ਦੇਵੇਗਾ। ਇਹਨਾਂ ਰਾਜਾਂ ਵਿਚ ਨੌਕਰੀਆਂ, ਕਾਰੋਬਾਰ ਤੇ ਵਿੱਦਿਆ ਦੀ ਅਤੇ ਪੰਜਾਬੀਆਂ ਸਮੇਤ ਬੋਲਚਾਲ ਦੀ ਭਾਸ਼ਾ ਹਿੰਦੀ ਜਾਂ ਅੰਗਰੇਜ਼ੀ ਹੋਣ ਕਰਕੇ ਸਮੇਂ ਨਾਲ ਪੰਜਾਬੀ ਦਾ ਲਗਾਤਾਰ ਸੁੰਗੜਦੇ-ਸਿਮਟਦੇ ਜਾਣਾ ਯਕੀਨੀ ਹੈ।

ਪੰਜਾਬੀ ਦੇ ਵਿਕਾਸ ਦੀ ਇਕ ਟੇਕ ਅਨੁਵਾਦ ਦੱਸੀ ਜਾਂਦੀ ਹੈ। ਸੱਠ ਸਾਲਾਂ ਵਿਚ ਵਿਗਿਆਨ ਅਤੇ ਤਕਨਾਲੋਜੀ ਦੀਆਂ ਵੱਖ ਵੱਖ ਸ਼ਾਖ਼ਾਂ ਲਈ ਮੂਲ ਵਿਗਿਆਨਕ-ਤਕਨੀਕੀ ਨਾਂਵਾਂ ਅਤੇ ਬੋੱਲਿਆਂ ਦੀ ਵਰਤੋਂ ਨਾਲ ਪੰਜਾਬੀ ਵਿਚ ਪੁਸਤਕਾਂ ਅਤੇ ਵੱਖ ਵੱਖ ਪੱਧਰਾਂ ਦੀਆਂ ਪਾਠ-ਪੁਸਤਕਾਂ ਤਿਆਰ ਕਰਨ ਵਿਚ ਪੂਰੀ ਤਰ੍ਹਾਂ ਅਸਫਲ ਰਹਿ ਕੇ ਸਾਡੀਆਂ ਸੰਸਥਾਵਾਂ ਇਹ ਘਾਟ ਅਨੁਵਾਦ ਰਾਹੀਂ ਪੂਰੀ ਕਰਦਿਆਂ ਪੰਜਾਬੀ ਦੇ ਵਿਕਾਸ ਦਾ ਸੱਦਾ ਦਿੰਦੀਆਂ ਹਨ। ਇਹ ਸੁਝਾਅ ਦੇਣ ਵਾਲੇ ਸਿਆਣੇ ਸ਼ਾਇਦ ਇਹ ਨਹੀਂ ਜਾਣਦੇ ਕਿ ਅਨੁਵਾਦ ਕਿਸ ਲਿਖਤ ਦਾ ਹੋ ਸਕਦਾ ਹੈ ਤੇ ਕਿਸ ਦਾ ਨਹੀਂ। ਉਹਨਾਂ ਨੂੰ ਅਨੁਵਾਦ ਨਾਲ ਸੰਬੰਧਿਤ ਸਾਡੀਆਂ ਸੰਸਥਾਵਾਂ ਦੀ ਕਾਰਗੁਜ਼ਾਰੀ ਦਾ ਵੀ ਕੋਈ ਇਲਮ ਨਹੀਂ। ਆਮ ਰੂਪ ਵਿਚ ਅਨੁਵਾਦ ਦੀਆਂ ਮੁਸ਼ਕਲਾਂ ਤੋਂ ਇਲਾਵਾ, ਵਿਗਿਆਨਕ-ਤਕਨੀਕੀ ਵਿਸ਼ਿਆਂ ਦੇ ਅਨੁਵਾਦ ਵਿਚ ਤਾਂ ਮਿਆਦ ਪੁੱਗਣ ਦੀ ਸਮੱਸਿਆ ਵੀ ਆ ਮਿਲਦੀ ਹੈ।

ਪਹਿਲਾਂ ਤਾਂ ਦੋਵਾਂ ਭਾਸ਼ਾਵਾਂ ਦੀ ਮੁਹਾਰਿਤ, ਸੰਬੰਧਿਤ ਵਿਸ਼ੇ ਦੀ ਜਾਣਕਾਰੀ ਅਤੇ ਅਨੁਵਾਦ ਲਈ ਲੋੜੀਂਦੀ ਅਕਲ ਵਾਲੇ ਅਨੁਵਾਦਕ ਲੱਭਣੇ ਹੀ ਔਖੇ ਹਨ। ਤੁਸੀਂ ਅਖ਼ਬਾਰਾਂ, ਰਸਾਲਿਆਂ ਅਤੇ ਪੁਸਤਕਾਂ ਦੇ ਅਨੁਵਾਦ ਪੜ੍ਹ ਕੇ ਦੇਖੋ, ਬਹੁਤੇ ਲੋਕਾਂ ਨੂੰ ਬਿਲਕੁਲ ਸੌਖੀਆਂ ਗੱਲਾਂ ਦਾ ਅਨੁਵਾਦ ਵੀ ਕਰਨਾ ਨਹੀਂ ਆਉਂਦਾ। ਕੁਛ ਸਮਾਂ ਪਹਿਲਾਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕੈਨੇਡਾ ਦੀ ਸੰਸਦ ਵਿਚ ਭਾਰਤੀ ਮੂਲ ਦੇ ਮੈਂਬਰਾਂ ਨਾਲ ਮਿਲਣੀ ਵਿਚ ਬੋਲਦਿਆਂ ਕਿਹਾ, "ਆਈ ਹੈਵ ਏ ਵਰਡ ਟੂ ਸੇਅ।" ਪੰਜਾਬੀ ਦੇ ਇਕ ਵੱਡੇ ਅਖ਼ਬਾਰ ਨੇ ਲਿਖਿਆ, "ਮੈਂ ਇਕ ਸ਼ਬਦ ਕਹਿਣਾ ਹੈ।"

ਜੇ ਅਨੁਵਾਦ ਹੋ ਵੀ ਜਾਵੇ, ਸਾਡੀਆਂ ਸੰਸਥਾਵਾਂ ਦੀ ਪੁਸਤਕਾਂ ਛਾਪਣ ਦੀ ਕੁਸ਼ਲਤਾ ਦੀਆਂ ਮਿਸਾਲਾਂ ਸੁਣ ਕੇ ਤੁਸੀਂ ਦੰਗ ਰਹਿ ਜਾਉਗੇ। ਕੁਛ ਸਮਾਂ ਪਹਿਲਾਂ ਸੂਚਨਾ-ਅਧਿਕਾਰ ਕਾਨੂੰਨ ਅਧੀਨ ਭਾਸ਼ਾ ਵਿਭਾਗ ਪੰਜਾਬ ਤੋਂ ਅਨਛਪੇ ਪਏ ਖਰੜਿਆਂ ਦੀ ਜਾਣਕਾਰੀ ਮੰਗੀ ਗਈ ਤਾਂ 35 ਪੰਨਿਆਂ ਉੱਤੇ ਫੈਲੀ ਹੋਈ ਸੈਂਕੜੇ ਖਰੜਿਆਂ ਦੀ ਸੂਚੀ ਆ ਗਈ। ਨਾਲ ਹੀ ਇਹ ਵੀ ਦੱਸਿਆ ਗਿਆ ਕਿ "ਬਜਟ ਉਪਬੰਧ ਨਾ ਹੋਣ ਕਾਰਨ...ਇਹ ਖਰੜੇ ਪ੍ਰੈੱਸਾਂ ਨੂੰ ਅਲਾਟ ਨਹੀਂ ਕੀਤੇ ਜਾ ਸਕੇ।" (ਅਨੁਵਾਦ ਤਾਂ ਫੇਰ ਦੇਖਾਂਗੇ, ਭਾਸ਼ਾ ਵਿਭਾਗ ਦੇ ਇਸ ਮੂਲ ਪੰਜਾਬੀ ਵਾਕ ਦੀ ਭਾਸ਼ਾ ਹੀ



ਦੇਖ ਲਵੋ!) ਬਹੁਤੇ ਖਰੜਿਆਂ ਨਾਲ ਪ੍ਰਾਪਤ ਹੋਣ ਦੀ ਤਾਰੀਖ਼ ਨਹੀਂ ਲਿਖੀ ਹੋਈ ਪਰ ਜਿਨ੍ਹਾਂ ਨਾਲ ਲਿਖੀ ਹੋਈ ਹੈ, ਉਹਨਾਂ ਵਿਚੋਂ ਸਭ ਤੋਂ ਪੁਰਾਣਾ ਖਰੜਾ 1973 ਦਾ ਹੈ, ਭਾਵ ਉਹ ਪੂਰੇ ਚਾਲੀ ਸਾਲਾਂ ਤੋਂ ਅਨਛਪਿਆ ਪਿਆ ਹੈ। ਇਹ ਸਾਰੇ ਖਰੜੇ ਸਾਹਿਤਕ ਨਹੀਂ, ਡਾਕਟਰੀ, ਇੰਜੀਨੀਅਰੀ, ਆਦਿ ਨਾਲ ਵੀ ਸੰਬੰਧਿਤ ਹਨ। ਉਹ ਹੁਣ ਕਿੰਨੇ ਕੁ ਪ੍ਰਸੰਗਕ ਰਹਿ ਗਏ ਹਨ, ਇਹ ਸਮਝਣਾ ਔਖਾ ਨਹੀਂ। ਇਸ ਸੂਚੀ ਵਿਚ ਅਜਿਹੇ ਲੇਖਕਾਂ ਬਾਰੇ 'ਜੀਵਨ ਅਤੇ ਰਚਨਾ' ਲੜੀ ਅਧੀਨ ਖਰੜੇ ਵੀ ਸ਼ਾਮਲ ਹਨ ਜੋ ਮਗਰੋਂ ਲੰਮਾ ਸਮਾਂ ਜੀਵਤ ਰਹੇ ਜਾਂ ਅੱਜ ਵੀ ਜੀਵਤ ਹਨ। ਸਪੱਸ਼ਟ ਹੈ ਕਿ ਉਹ ਖਰੜੇ ਹੁਣ ਅਧੂਰੇ ਹੋ ਗਏ ਹਨ। ਇਹਨਾਂ ਖਰੜਿਆਂ ਦੀ ਹੋਰ ਬੇਅਦਬੀ ਦੇਖੋ। ਇਕ ਸੂਚੀ ਉਹਨਾਂ ਪੁਸਤਕਾਂ ਦੀ ਹੈ ਜੋ 2000-2010 ਦੇ ਸਮੇਂ ਵਿਚ ਸਿਰਫ਼ 3,30,800 ਰੁਪਏ ਦੀ ਅਦਾਇਗੀ ਨਾ ਕੀਤੇ ਜਾ ਸਕਣ ਕਾਰਨ ਵੱਖ ਵੱਖ ਛਾਪਾਖਾਨਿਆਂ ਵਿਚੋਂ ਚੁੱਕੀਆਂ ਨਹੀਂ ਜਾ ਸਕੀਆਂ ਅਤੇ "ਬਜਟ ਉਪਲਬਧ ਕਰਵਾਉਣ ਲਈ ਸਰਕਾਰ ਨਾਲ ਲਗਾਤਾਰ ਲਿਖਾ-ਪੜ੍ਹੀ ਕੀਤੀ ਜਾ ਰਹੀ ਹੈ।" ਇਕ ਹੋਰ ਸੂਚੀ ਉਹਨਾਂ 78 ਖਰੜਿਆਂ ਦੀ ਹੈ ਜਿਨ੍ਹਾਂ ਦੇ "ਪ੍ਰਿੰਟ ਆਰਡਰ ਕੈਂਸਲ ਹੋ ਚੁੱਕੇ ਹਨ ਪਰ ਖਰੜੇ ਪ੍ਰੈੱਸਾਂ ਤੋਂ ਵਾਪਸ ਨਹੀਂ ਆਏ।" ਜੇ ਭਾਸ਼ਾ ਵਿਭਾਗ ਵਾਲੇ ਸਮਝਦੇ ਹਨ ਕਿ ਉਹਨਾਂ ਦੇ ਸਾਲਾਂ ਅਤੇ ਦਹਾਕਿਆਂ ਤੋਂ ਅਨਛਪਵਾਏ ਅਤੇ ਅਨਗੌਲੇ ਲਾਵਾਰਿਸ ਖਰੜਿਆਂ ਨੂੰ ਸਾਂਭਣ ਲਈ ਛਾਪਾਖਾਨਿਆਂ ਵਾਲਿਆਂ ਨੇ ਸਾਗਵਾਨ ਦੀਆਂ ਅਲਮਾਰੀਆਂ ਬਣਵਾਈਆਂ ਹੋਣਗੀਆਂ, ਉਹ ਕੁਛ ਬਹੁਤੇ ਹੀ ਭੋਲੇ ਹਨ।

ਮੇਰੀ ਇਕ ਆਪਬੀਤੀ ਅਨੁਵਾਦ ਸੰਬੰਧੀ ਸਾਡੀਆਂ ਸੰਸਥਾਵਾਂ ਦੀ ਗੰਭੀਰਤਾ ਅਤੇ ਜ਼ਿੰਮੇਵਾਰੀ ਦੀ ਭਾਵਨਾ ਨੂੰ ਹੋਰ ਵੀ ਵਧੇਰੇ ਸਪੱਸ਼ਟ ਕਰ ਦੇਵੇਗੀ। ਅਨੁਵਾਦ ਰਾਹੀਂ ਭਾਸ਼ਾਈ ਆਦਾਨ-ਪ੍ਰਦਾਨ ਕਰਨ ਵਾਲੀ ਇਕ ਸਰਬ-ਭਾਰਤੀ ਸੰਸਥਾ ਨੇ 1990 ਵਿਚ ਮੈਨੂੰ ਪੁਲਾੜ-ਵਿਗਿਆਨ ਦੀ 1986 ਵਿਚ ਛਪੀ ਹੋਈ ਇਕ ਅੰਗਰੇਜ਼ੀ ਪੁਸਤਕ ਪੰਜਾਬੀ ਵਿਚ ਕਰਨ ਲਈ ਦਿੱਤੀ। ਮੈਂ ਲਿਖਤੀ ਦੱਸਿਆ ਕਿ ਉਸ ਵਿਚ ਅਨੇਕ ਥਾਂ ਜ਼ਿਕਰ ਹੈ ਕਿ ਅਗਲੇ ਸਾਲ, ਅਗਲੇਰੇ ਸਾਲ ਅਮਕੇ ਰਾਕਟ ਛੱਡੇ ਜਾਣਗੇ। ਪਤਾ ਨਹੀਂ, ਉਹ ਛੱਡੇ ਗਏ ਹਨ ਕਿ ਨਹੀਂ; ਜੇ ਛੱਡੇ ਗਏ ਹਨ, ਸਫਲਤਾ-ਅਸਫਲਤਾ ਦੇ ਪੱਖੋਂ ਉਹਨਾਂ ਦਾ ਕੀ ਹਸ਼ਰ ਹੋਇਆ ਹੈ। ਇਉਂ ਇਹ ਪੁਸਤਕ ਵੇਲਾ ਵਿਹਾ ਚੁੱਕੀ ਹੈ। ਦਫ਼ਤਰੀ ਉੱਤਰ ਮਿਲਿਆ, ਤੁਸੀਂ ਇਹਦਾ ਇਸੇ ਤਰ੍ਹਾਂ ਅਨੁਵਾਦ ਕਰ ਦਿਉ। ਸਬੱਬ ਨਾਲ ਉਸੇ ਸੰਸਥਾ ਦੀ ਪੁਸਤਕ-ਸੂਚੀ ਵਿਚੋਂ ਮੈਨੂੰ ਉਸ ਪੁਸਤਕ ਦੀ 1989 ਦੀ ਦੂਜੀ ਛਾਪ ਦਾ ਪਤਾ ਲੱਗਿਆ। ਮੈਂ ਲਿਖਿਆ ਕਿ ਉਹਦੇ ਹੁੰਦਿਆਂ 1986 ਵਾਲੀ ਛਾਪ ਦਾ ਅਨੁਵਾਦ ਕਰਾਉਣਾ ਬੇਤੁਕਾ ਹੋਣ ਕਾਰਨ ਨਵੀਂ ਛਾਪ ਭੇਜ ਦਿੱਤੀ ਜਾਵੇ। ਲਿਖਤੀ ਉੱਤਰ ਮਿਲਿਆ, ਤੁਸੀਂ ਭੇਜੀ ਗਈ ਪੁਸਤਕ ਦਾ ਅਨੁਵਾਦ ਸਮੇਂ-ਸਿਰ ਕਰ ਕੇ ਭੇਜ ਦਿਉ। ਹੁਣ 23 ਸਾਲਾਂ ਮਗਰੋਂ ਇਕ ਦਿਨ ਆਪਣੀਆਂ ਪੁਸਤਕਾਂ ਫਰੋਲਦਿਆਂ ਮੈਂ ਦੇਖਿਆ ਕਿ ਉਸ ਪੁਸਤਕ ਦਾ ਛਪਿਆ ਹੋਇਆ ਪੰਜਾਬੀ ਰੂਪ ਤਾਂ ਉਹਨਾਂ ਨੇ ਮੈਨੂੰ ਭੇਜਿਆ ਹੀ ਨਹੀਂ। ਮੈਂ ਅਨੁਵਾਦਕ ਨੂੰ ਮਿਲਣ ਵਾਲੀਆਂ ਕਾਪੀਆਂ ਲਈ ਬੇਨਤੀ ਕੀਤੀ ਤਾਂ, ਤੁਸੀਂ ਮੰਨੋ ਜਾਂ ਨਾ ਮੰਨੋ, ਲਿਖਤੀ ਉੱਤਰ ਮਿਲਿਆ, ਉਹ ਪੁਸਤਕ ਅਜੇ ਛਪੀ ਨਹੀਂ, ਜਦੋਂ ਛਪੀ, ਤੁਹਾਨੂੰ ਭੇਜ ਦੇਵਾਂਗੇ।

ਇਹ ਹਾਲ ਪੰਜਾਬੀ ਅਨੁਵਾਦ ਨਾਲ ਸੰਬੰਧਿਤ ਦੋ ਵੱਡੀਆਂ ਸੰਸਥਾਵਾਂ ਦਾ ਹੈ। ਤੁਸੀਂ ਸੋਚ ਹੀ ਸਕਦੇ ਹੋ ਕਿ ਅਨੁਵਾਦ ਰਾਹੀਂ ਪੰਜਾਬੀ ਨੂੰ ਗਿਆਨ-ਵਿਗਿਆਨ ਦੀਆਂ ਪੁਸਤਕਾਂ ਨਾਲ ਮਾਲਾਮਾਲ ਕਰਨ ਦਾ ਵਿਚਾਰ ਕਿੰਨਾ ਹਾਸੋਹੀਣਾ ਹੈ।

ਪੰਜਾਬੀ ਦੀ ਕਥਿਤ ਤੇਜ਼-ਕਦਮ ਤਰੱਕੀ ਅਤੇ ਅਮਰਤਾ ਦੀ ਇਕ ਹੋਰ ਦਲੀਲ ਬੜੇ ਮਾਣ ਨਾਲ ਇਹ ਦਿੱਤੀ ਜਾਂਦੀ ਹੈ ਕਿ ਪੰਜਾਬੀ ਪਰਵਾਸੀਆਂ ਨੇ ਦੁਨੀਆ ਦੇ ਅਨਗਿਣਤ ਦੇਸਾਂ ਵਿਚ ਇਹਦੇ ਝੰਡੇ ਗੱਡ ਦਿੱਤੇ ਹਨ ਅਤੇ ਕਈ ਦੇਸਾਂ ਵਿਚ ਇਹਨੂੰ ਸਰਕਾਰੀ ਮਾਨਤਾ ਦੁਆ ਲਈ

ਹੈ। ਇਉਂ ਪੰਜਾਬੀ ਤਾਂ ਹੁਣ ਕੌਮਾਂਤਰੀ ਭਾਸ਼ਾ ਬਣ ਕੇ ਖ਼ਤਰਿਆਂ-ਖ਼ੁਤਰਿਆਂ ਤੋਂ ਉੱਪਰ ਹੋ ਗਈ ਹੈ। ਅਨੇਕ ਦੇਸ ਅਜਿਹੇ ਹਨ ਜਿਨ੍ਹਾਂ ਵਿਚ ਕਿਸੇ ਭਾਸ਼ਾ ਲਈ ਸਥਾਨ ਪ੍ਰਾਪਤ ਕਰਨਾ ਕੋਈ ਅਲੋਕਾਰ ਜਾਂ ਔਖਾ ਕੰਮ ਨਹੀਂ ਸਗੋਂ ਭਾਰਤ ਦੇ ਮੁਕਾਬਲੇ ਬਹੁਤ ਸੌਖਾ ਹੈ ਕਿਉਂਕਿ ਉਥੇ ਭਾਸ਼ਾ ਨੂੰ ਭਾਸ਼ਾ ਵਜੋਂ ਦੇਖਿਆ ਜਾਂਦਾ ਹੈ, ਇਥੋਂ ਵਾਂਗ ਕਿਸੇ ਧਾਰਮਿਕ, ਭੂਗੋਲਕ ਜਾਂ ਰਾਜਨੀਤਕ ਤੁਅੱਸਬ ਨਾਲ ਨਹੀਂ। ਪਰ ਇਹ ਸਭ ਗੱਲਾਂ ਸੱਚ ਹੋਣ ਦੇ ਬਾਵਜੂਦ ਕਿਸੇ ਵੀ ਬਿਗਾਨੇ ਦੇਸ ਵਿਚ ਪੰਜਾਬੀ ਦਾ ਜੀਵਤ ਰਹਿਣਾ ਸੰਭਵ ਨਹੀਂ। ਸਾਨੂੰ ਭਾਸ਼ਾ ਦੀ ਗਤੀ ਦੇ ਅਤੇ ਸਮਾਜ ਤੇ ਭਾਸ਼ਾ ਦੇ ਨਾਤੇ ਦੇ ਨੇਮਾਂ ਤੋਂ ਅਜਿਹੀ ਅਗਿਆਨਤਾ ਨਹੀਂ ਦਿਖਾਉਣੀ ਚਾਹੀਦੀ। ਪਰਦੇਸਾਂ ਵਿਚ ਪੰਜਾਬੀ ਨਾਲ ਕੇਵਲ ਉਹ ਲੋਕ ਜੁੜੇ ਹੋਏ ਹਨ ਜੋ ਉਮਰ ਦਾ ਪਹਿਲਾ ਹਿੱਸਾ ਇਧਰ ਬਿਤਾ ਕੇ ਗਏ ਹਨ। ਉਹਨਾਂ ਦੇ ਧੀਆਂ-ਪੁੱਤ ਉਹਨਾਂ ਨਾਲ ਵਾਹ ਕਾਰਨ ਪੰਜਾਬੀ ਸਮਝ ਤਾਂ ਲੈਂਦੇ ਹਨ, ਬੋਲਦੇ ਥਿੜਕ ਕੇ ਹਨ ਅਤੇ ਪੜ੍ਹਨ-ਲਿਖਣ ਦਾ ਤਾਂ ਸਵਾਲ ਹੀ ਨਹੀਂ। ਅੱਗੋਂ ਉਹਨਾਂ ਦੇ ਪੋਤੀਆਂ-ਪੋਤੇ ਤੇ ਦੋਹਤੀਆਂ-ਦੋਹਤੇ ਪੰਜਾਬੀ ਨਾਲੋਂ ਬਿਲਕੁਲ ਟੁੱਟ ਜਾਂਦੇ ਹਨ। ਇਹ ਕੋਈ ਅਣਹੋਣੀ ਨਹੀਂ, ਭਾਸ਼ਾ ਦਾ ਦਸਤੂਰ ਹੀ ਇਹ ਹੈ। ਅਮਰੀਕਾ ਵਿਚ ਚਾਰ ਕੁ ਮਹੀਨੇ ਠਹਿਰਨ ਸਮੇਂ ਇਹ ਵਰਤਾਰਾ ਮੈਂ ਲੇਖਕ-ਪਾਠਕ ਮਿੱਤਰਾਂ ਅਤੇ ਰਿਸ਼ਤੇਦਾਰਾਂ ਦੇ ਘਰਾਂ ਵਿਚ ਅੱਖਾਂ ਖੁੱਲ੍ਹੀਆਂ ਰੱਖ ਕੇ ਆਪ ਦੇਖਿਆ ਹੋਇਆ ਹੈ।

ਪਰਦੇਸਾਂ ਵਿਚ ਛਪਦੇ ਜਿਨ੍ਹਾਂ ਦਰਜਨਾਂ ਵੱਡੇ ਵੱਡੇ ਖ਼ੂਬਸੂਰਤ ਪੰਜਾਬੀ ਹਫ਼ਤਾਵਾਰਾਂ ਅਤੇ ਪੰਜਾਬੀ ਰੇਡੀਓ ਤੇ ਟੀਵੀਆਂ ਦੀ ਮਿਸਾਲ ਦਿੱਤੀ ਜਾਂਦੀ ਹੈ, ਉਹ ਸਿਰਫ਼ ਪਹਿਲੀ ਪੀੜ੍ਹੀ ਹੀ ਪੜ੍ਹਦੀ, ਸੁਣਦੀ ਤੇ ਦੇਖਦੀ ਹੈ। ਇਹਨਾਂ ਵਿਚੋਂ ਵੀ ਬਹੁਤੇ ਲੋਕ ਸਟੋਰਾਂ ਤੇ ਗੁਰਦੁਆਰਿਆਂ ਵਿਚ ਅਖ਼ਬਾਰ ਮੁਫ਼ਤ ਮਿਲਦੇ ਹੋਣ ਕਰਕੇ ਦੇਸ ਬਾਰੇ ਜਾਣਨ ਦੀ ਇੱਛਾ ਦੇ ਨਾਲ ਨਾਲ ਸਮਾਂ ਲੰਘਾਉਣ ਵਾਸਤੇ ਪਾਠਕ ਬਣੇ ਹੋਏ ਹਨ। ਸ਼ੁਕਰ ਹੈ ਕਿ ਉਥੇ ਰੱਦੀ ਨਹੀਂ ਵਿਕਦੀ, ਨਹੀਂ ਤਾਂ ਅਜਿਹੇ ਪੰਜਾਬੀਆਂ ਦੀ ਵੀ ਕੋਈ ਘਾਟ ਨਹੀਂ ਕਿ ਕਿਸੇ ਇਕੋ ਨੇ ਹੀ ਉਹ ਸਾਰੇ ਚੁੱਕ ਕੇ ਲੈ ਜਾਇਆ ਕਰਨੇ ਸਨ। ਮੇਰੇ ਕਾਲਮ ਕਈ ਅਖ਼ਬਾਰਾਂ ਵਿਚ ਛਪਦੇ ਹੋਣ ਸਦਕਾ ਅਕਸਰ ਫੋਨ ਆਉਂਦੇ ਹਨ ਤਾਂ ਪੁੱਛੇ ਤੋਂ ਇਹੋ ਪਤਾ ਲਗਦਾ ਹੈ ਕਿ ਇਧਰੋਂ ਗਏ ਪਤੀ-ਪਤਨੀ ਤੋਂ ਇਲਾਵਾ ਘਰ ਵਿਚ ਉਹਨਾਂ ਅਖ਼ਬਾਰਾਂ ਨੂੰ ਕੋਈ ਹੱਥ ਤੱਕ ਨਹੀਂ ਲਾਉਂਦਾ ਕਿਉਂਕਿ ਅਗਲੀਆਂ ਪੀੜ੍ਹੀਆਂ ਦਾ ਪੰਜਾਬੀ ਨਾਲ ਕੋਈ ਵਾਹ-ਵਾਸਤਾ ਹੀ ਨਹੀਂ। ਸਾਨ ਹੋਜ਼ੇ ਦੇ ਪ੍ਰਸਿੱਧ ਗੁਰਦੁਆਰੇ ਦੇ ਲੰਗਰ ਵਿਚ ਪ੍ਰਸ਼ਾਦੇ ਵਰਤਾਉਂਦੀ 18-20 ਸਾਲ ਦੀ ਲੜਕੀ ਨੂੰ ਮੈਂ ਕਿਹਾ,"ਬੇਟਾ, ਬੱਸ ਸਵਾ ਲੱਖ ਪ੍ਰਸ਼ਾਦਾ।" ਉਹ ਬੋਲੀ,"ਵ੍ਹਟ ਅੰਕਲ?" ਮੈਂ ਆਪਣੀ ਭੁੱਲ ਸੋਧਦਿਆਂ ਕਿਹਾ,"ਓਨਲੀ ਵਨ..." ਅਤੇ ਅੱਗੇ ਮੈਨੂੰ ਪ੍ਰਸ਼ਾਦੇ ਜਾਂ ਰੋਟੀ ਦੀ ਅੰਗਰੇਜ਼ੀ ਨਾ ਆਈ ਪਰ 'ਓਨਲੀ ਵਨ' ਨੇ ਕੰਮ ਸਾਰ ਦਿੱਤਾ।

ਕਿਸੇ ਦੇਸ ਦੇ ਭਾਸ਼ਾਈ-ਸਭਿਆਚਾਰਕ ਸਮੁੰਦਰ ਵਿਚ ਬਾਹਰੋਂ ਜਾ ਕੇ ਪਈ ਪੰਜਾਬੀ ਦੀ ਛੋਟੀ ਜਿਹੀ ਨਦੀ ਤੋਂ ਸਦਾ ਵਾਸਤੇ ਆਪਣੀ ਵੱਖਰੀ ਪਛਾਣ ਬਣਾਈ ਰੱਖਣ ਦੀ ਆਸ ਕਰਨਾ ਕਿਧਰਲੀ ਸਿਆਣਪ ਹੈ! ਭਾਸ਼ਾ ਵਾਂਗ ਹੀ ਪੰਜਾਬੀ ਔਲਾਦਾਂ ਦਾਦੇ-ਦਾਦੀਆਂ ਨਾਲ ਮਿਲ ਕੇ ਦਿਵਾਲੀ, ਵਸਾਖੀ ਤੇ ਗੁਰਪੁਰਬ ਮਨਾਉਣ ਨਾਲੋਂ ਸਥਾਨਕ ਹਾਣੀਆਂ ਨਾਲ ਮਿਲ ਕੇ ਕ੍ਰਿਸਮਿਸ ਤੇ ਹੈਲੋਵੀਨ ਮਨਾਉਣ ਦਾ ਵਧੇਰੇ ਉਤਸਾਹ ਦਿਖਾਉਂਦੀਆਂ ਹਨ। ਸਥਾਨਕ ਲੋਕਾਂ ਨੂੰ ਵਿੰਗੇ-ਟੇਢੇ ਲਗਦੇ ਉਚਾਰਨ ਸੌਖੇ ਕਰਨ ਵਾਸਤੇ ਜਗਜੀਤ ਜੈਗ, ਹਰਭਜਨ ਹੈਰੀ ਤੇ ਸੁਖਮੰਦਰ ਸੈਮ ਹੋ ਜਾਂਦੇ ਹਨ। ਪੰਜਾਬੀਆਂ ਦੀ ਤੀਜੀ ਪੀੜ੍ਹੀ ਮਾਪਿਆਂ ਦੀ ਇੱਛਾ ਅਨੁਸਾਰ ਵਿਆਹ ਕਰਾਉਣ ਤੋਂ ਪੂਰੀ ਤਰ੍ਹਾਂ ਇਨਕਾਰੀ ਹੁੰਦਿਆਂ ਸਥਾਨਕ ਗੋਰੇ-ਕਾਲੇ ਮੁੰਡੇ-ਕੁੜੀਆਂ ਨਾਲ ਵਿਆਹ ਕਰ ਕੇ ਪੰਜਾਬੀਅਤ ਤੋਂ ਪੱਕੇ ਤੌਰ ਉੱਤੇ ਦੂਰ ਹੁੰਦੀ ਜਾਣ ਦੇ ਰਾਹ ਪੈ ਜਾਂਦੀ ਹੈ।

ਕੋਈ ਚਾਲ਼ੀ ਸਾਲ ਪੁਰਾਣੀ ਗੱਲ ਹੈ, ਬਠਿੰਡਾ ਤੋਂ ਰਾਮਪੁਰਾ ਫੂਲ ਜਾ ਰਹੀ ਗੱਡੀ ਵਿਚ ਮੇਰੇ ਸਾਹਮਣੇ ਪੰਜਾਬੀ ਲਿਬਾਸ ਵਿਚ ਦੋ ਗੋਰਖਾ ਮੁਟਿਆਰਾਂ ਬੈਠੀਆਂ ਸਨ। ਸਾਰੇ ਰਾਹ ਉਹ ਆਪਸ



ਵਿਚ ਨਾ ਸਿਰਫ਼ ਪੰਜਾਬੀ ਵਿਚ ਸਗੋਂ ਸਾਡੇ ਪਿੰਡਾਂ ਦੀ ਪੰਜਾਬੀ ਵਿਚ ਗੱਲਾਂ ਕਰਦੀਆਂ ਗਈਆਂ। ਸਬੱਬ ਨਾਲ ਉਹ ਵੀ ਰਾਮਪੁਰਾ ਫੂਲ ਹੀ ਉੱਤਰ ਗਈਆਂ। ਪਤਾ ਲੱਗਿਆ, ਉਹਨਾਂ ਦਾ ਪਿਤਾ ਬਹੁਤ ਪਹਿਲਾਂ ਇਥੇ ਆ ਵਸਿਆ ਸੀ ਅਤੇ ਉਹ ਇਥੇ ਹੀ ਜੰਮੀਆਂ-ਪਲ਼ੀਆਂ ਸਨ। ਪੰਜਾਬ ਵਿਚ ਹੁਣ ਭਈਆਂ ਦਾ ਪੰਜਾਬੀਕਰਨ ਤੁਹਾਡੇ ਸਾਹਮਣੇ ਹੈ। ਕੁਛ ਸਮਾਂ ਪਹਿਲਾਂ ਮੈਂ ਖੇਤ ਵਿਚ ਰਹਿੰਦੇ ਇਕ ਰਿਸ਼ਤੇਦਾਰ ਦੇ ਘਰ ਗਿਆ। ਖੇਤ ਵਿਚ ਸਬਜ਼ੀਆਂ ਲਾਉਣ ਲਈ ਰੱਖਿਆ ਹੋਇਆ ਮਾਲੀ ਉਹਦੇ ਘਰ ਦੇ ਇਕ ਹਿੱਸੇ ਵਿਚ ਹੀ ਰਹਿੰਦਾ ਸੀ। ਮਾਲੀ ਤੇ ਮਾਲਣ ਤਾਂ ਭੋਜਪੁਰੀ ਅਤੇ ਪੰਜਾਬੀ ਦੀ ਖਿਚੜੀ ਬੋਲਦੇ ਸਨ ਪਰ ਪ੍ਰਾਇਮਰੀ ਵਿਚ ਪੜ੍ਹਦੇ ਉਹਨਾਂ ਦੇ ਬੇਟਾ-ਬੇਟੀ, ਸੁਰਜੀਤ ਪਾਤਰ ਦੇ ਨੰਦ ਕਿਸ਼ੋਰ ਦੇ ਬੱਚਿਆਂ ਵਾਂਗ, ਨਿਰਮਲ ਪੰਜਾਬੀ ਬੋਲ ਰਹੇ ਸਨ।

ਕੁਛ ਮਹੀਨੇ ਪਹਿਲਾਂ ਥਾਈਲੈਂਡ ਦਾ ਬਦੇਸ ਮੰਤਰੀ ਭਾਰਤ ਆਇਆ ਤਾਂ ਸਾਡੇ ਬਦੇਸ ਮੰਤਰੀ ਸਲਮਾਨ ਖ਼ੁਰਸ਼ੀਦ ਨੇ ਸਰਕਾਰੀ ਗੱਲਬਾਤ ਤੋਂ ਪਹਿਲਾਂ ਕੈਮਰਿਆਂ ਵਾਸਤੇ ਹੱਥ ਘੁੱਟ ਕੇ ਸਦਭਾਵੀ ਗੱਲਾਂ ਕਰਦਿਆਂ ਕਿਹਾ,"ਥਾਈਲੈਂਡ ਤੇ ਭਾਰਤ ਦੇ ਲੋਕਾਂ ਦਾ ਦੋਸਤੀ ਦਾ ਪੁਰਾਣਾ ਨਾਤਾ ਹੈ।" ਥਾਈ ਨਾਂ, ਨੁਹਾਰ ਅਤੇ ਦਿੱਖ ਵਾਲੇ ਮੰਤਰੀ ਨੇ ਹੱਸ ਕੇ ਉੱਤਰ ਦਿੱਤਾ,"ਮੇਰਾ ਭਾਰਤ ਨਾਲ ਇਸ ਤੋਂ ਵੀ ਸੰਘਣਾ ਨਾਤਾ ਹੈ; ਮੇਰਾ ਦਾਦਾ ਪੰਜਾਬੀ ਸਿੱਖ ਸੀ।" ਸ਼ਹੀਦ ਗਹਿਲ ਸਿੰਘ ਛੱਜਲਵੱਡੀ ਦੇ ਤਾਏ ਦੇ ਪੁੱਤ, ਭਰਾ ਦਲੀਪ ਸਿੰਘ ਸੌਂਦ ਨੇ ਸਭ ਰੋਕਾਂ-ਹੱਦਾਂ ਭੰਨ ਕੇ 1956 ਵਿਚ ਅਮਰੀਕੀ ਪਾਰਲੀਮੈਂਟ ਦਾ ਪਹਿਲਾ ਏਸ਼ੀਆਈ ਮੈਂਬਰ ਬਣਨ ਦਾ ਕ੍ਰਿਸ਼ਮਾ ਕਰਦਿਆਂ ਦੁਨੀਆ ਨੂੰ ਦੰਗ ਕਰ ਦਿੱਤਾ ਅਤੇ ਆਪਣੀ ਕਾਰਗੁਜ਼ਾਰੀ ਨਾਲ ਬਹੁਤ ਨਾਂ ਕਮਾਇਆ। 7 ਨਵੰਬਰ 2007 ਨੂੰ ਅਮਰੀਕੀ ਸੰਸਦ ਭਵਨ ਵਿਚ ਇਤਿਹਾਸ-ਸਿਰਜਕ ਮੈਂਬਰਾਂ ਦੀ ਲੜੀ ਵਿਚ ਲਾਏ ਗਏ ਉਹਦੇ ਚਿਤਰ ਤੋਂ ਪਰਦਾ ਸਿਖਰੀ ਅਮਰੀਕੀ ਹਸਤੀਆਂ ਦੀ ਹਾਜ਼ਰੀ ਵਿਚ ਉਹਦੀ ਛੇ ਸਾਲ ਦੀ ਪੜਪੋਤੀ ਨੇ ਹਟਾਇਆ। ਸੌਂਦ ਦੇ ਪੁੱਤਾਂ-ਧੀਆਂ ਦੇ ਪਰਵਾਰਾਂ ਦੇ ਦਰਜਨਾਂ ਜੀਅ ਹਾਜ਼ਰ ਸਨ। ਪੁੱਤਾਂ ਵਾਲੇ ਪਾਸੇ ਅਮਰੀਕੀ ਨਾਂਵਾਂ ਨਾਲ ਸੌਂਦ ਹੋਣ ਤੋਂ ਇਲਾਵਾ ਉਥੇ ਪੰਜਾਬੀ ਅਤੇ ਪੰਜਾਬੀਅਤ ਦਾ ਰੰਗ ਕਿਤੇ ਰਾਈ-ਮਾਤਰ ਵੀ ਨਹੀਂ ਸੀ। ਇਕ ਦਿਲਚਸਪ ਵਾਰਤਾ ਹੋਰ ਸੁਣੋ। ਨਾਮਧਾਰੀ ਆਪਣੇ ਗੁਰੂਆਂ ਦੇ ਗੁਰਮੁਖੀ ਸਿੱਖਣ ਦੇ ਹੁਕਮਨਾਮਿਆਂ ਉੱਤੇ ਸੱਚੇ ਦਿਲੋਂ ਫੁੱਲ ਚੜ੍ਹਾਉਂਦੇ ਹਨ ਤਾਂ ਜੋ ਪੰਜਾਬੀ ਪੜ੍ਹ-ਲਿਖ ਸਕਣ। ਜਦੋਂ ਮੈਂ ਇਸ ਲੇਖ ਨੂੰ ਅੰਤਿਮ ਰੂਪ ਦੇ ਰਿਹਾ ਸੀ, 22 ਅਗਸਤ ਦੇ ਨਾਮਧਾਰੀ ਅਖ਼ਬਾਰ ਵਿਚ ਖ਼ਬਰ ਛਪੀ ਕਿ ਇੰਗਲੈਂਡ ਵਿਚ ਬਰਮਿੰਘਮ ਦੇ ਨਾਮਧਾਰੀ ਗੁਰਦੁਆਰੇ ਵਿਖੇ "ਸਤਿਗੁਰੂ ਜੀ ਨੂੰ ਬੇਨਤੀ ਕੀਤੀ ਗਈ ਕਿ ਬੱਚਿਆਂ ਦੀ ਇੱਛਾ ਹੈ ਕਿ ਆਪ ਅੰਗਰੇਜ਼ੀ ਵਿਚ ਕਿਰਪਾ ਕਰੋ" ਅਤੇ "ਉਹਨਾਂ ਵਾਸਤੇ ਇਸ ਤੋਂ ਵੱਡਾ ਕਮਾਲ ਦਾ ਕੰਮ ਹੋਰ ਕੀ ਹੋ ਸਕਦਾ ਸੀ ਕਿ ਸਤਿਗੁਰੂ ਜੀ ਉਹਨਾਂ ਦੀ ਅਰਜ਼ ਨੂੰ ਬੜਾ ਸੌਖਾ, ਉਹਨਾਂ ਦੇ ਨੇੜੇ ਦੀ ਭਾਸ਼ਾ ਅੰਗਰੇਜ਼ੀ ਵਿਚ ਸਮਝਾ ਰਹੇ ਸਨ।"

ਇਸ ਲਈ ਅਤੀਤ ਨੂੰ ਸਿਮਰਦਿਆਂ, ਅਨੁਵਾਦ ਉੱਤੇ ਟੇਕ ਰਖਦਿਆਂ ਜਾਂ ਪਰਦੇਸਾਂ ਵਿਚ ਉੱਚੇ ਝੂਲਦੇ ਪਰਚਮਾਂ ਦੀ ਕਲਪਨਾ ਕਰਦਿਆਂ ਪੰਜਾਬੀ ਦਾ ਉਜਲਾ ਭਵਿੱਖ ਚਿਤਵਣਾ ਮਨ ਨੂੰ ਝੂਠੀ ਤਸੱਲੀ ਦੇਣ ਵਾਲੀ ਗੱਲ ਹੈ। ਪੰਜਾਬੀ ਦਾ ਭਵਿੱਖ ਚਾਨਣਾ ਕਰਨ ਵਾਸਤੇ ਇਹਦਾ ਪਰਚਮ ਪੰਜਾਬ ਵਿਚ ਹੀ ਬੁਲੰਦ ਕਰਨਾ ਪਵੇਗਾ। ਇਸ ਉਦੇਸ਼ ਦੀ ਪ੍ਰਾਪਤੀ ਵਾਸਤੇ ਤਿੰਨ ਗੱਲਾਂ ਜ਼ਰੂਰੀ ਹਨ।

ਪਹਿਲੀ, ਪੰਜਾਬੀ ਭਾਈਚਾਰੇ ਲਈ ਪੰਜਾਬੀ ਭਾਸ਼ਾ ਦੀ ਮਹੱਤਤਾ ਨੂੰ ਸਮਝਣ ਵਾਲੇ ਲੇਖਕ, ਅਧਿਆਪਕ, ਵਿਦਵਾਨ ਇਹਨਾਂ ਸਮੱਸਿਆਵਾਂ ਦੇ ਹੱਲ ਵੱਲ ਜਜ਼ਬਾਤੀ ਪਹੁੰਚ ਦੀ ਥਾਂ ਭਾਸ਼ਾ-ਵਿਗਿਆਨਕ ਪਹੁੰਚ ਅਪਣਾਉਣ ਅਤੇ ਪੰਜਾਬੀ ਦੇ ਵਿਕਾਸ ਦੇ ਰਾਹ ਦੀਆਂ ਸਭ ਰੋਕਾਂ ਦੀ ਨਿਸ਼ਾਨਦੇਹੀ ਕਰ ਕੇ ਉਹਨਾਂ ਨੂੰ ਦੂਰ ਕਰਨ ਦੇ ਗੰਭੀਰ ਉਪਰਾਲੇ ਸ਼ੁਰੂ ਕਰਨ।

ਦੂਜੀ, ਪੰਜਾਬ ਵਿਚ ਪੰਜਾਬੀ ਨੂੰ ਕਾਗ਼ਜ਼ੀ ਦੀ ਥਾਂ ਸਹੀ ਅਰਥਾਂ ਵਿਚ ਰਾਜਭਾਸ਼ਾ ਦਾ

ਸਥਾਨ ਮਿਲਣਾ ਚਾਹੀਦਾ ਹੈ। ਇਸ ਕਾਨੂੰਨ ਵਿਚ ਜੋ ਕਮਜ਼ੋਰੀਆਂ ਹਨ, ਉਹ ਸੋਧਾਂ ਕਰ ਕੇ ਤੁਰਤ ਦੂਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਇਸ ਖ਼ਾਤਰ ਸਮਾਜਕ-ਰਾਜਨੀਤਕ ਚੇਤਨਾ ਅਤੇ ਲਾਮਬੰਦੀ ਦੀ ਲੋੜ ਹੈ। ਸਾਡੇ ਬਹੁਤ ਸਾਰੇ ਪੜ੍ਹੇ-ਲਿਖੇ ਸਮਾਜਕ ਅਤੇ ਰਾਜਨੀਤਕ ਆਗੂ ਵੀ ਭਾਸ਼ਾ ਦੀ ਮਹੱਤਤਾ ਸਮਝਣ ਦੇ ਪੱਖੋਂ ਅਨਪੜ੍ਹ ਹੀ ਹਨ। ਰਾਜਭਾਸ਼ਾ ਕਾਨੂੰਨ ਦੀਆਂ ਤਰੁਟੀਆਂ ਦੂਰ ਕਰਨ ਲਈ ਸੋਧਾਂ ਤੋਂ ਪੰਜਾਬ ਸਰਕਾਰ ਦੇ ਲਗਾਤਾਰ ਇਨਕਾਰ ਕਾਰਨ ਪੰਜਾਬੀ ਲੇਖਕਾਂ ਅਤੇ ਹੋਰ ਹਿਤੈਸ਼ੀਆਂ ਨੇ ਇਸ 6 ਸਤੰਬਰ ਨੂੰ ਚੰਡੀਗੜ੍ਹ ਵਿਚ ਧਰਨੇ ਨਾਲ ਫੇਰ ਅੰਦੋਲਨ ਸ਼ੁਰੂ ਕੀਤਾ ਹੈ।

ਤੀਜੀ, ਪੰਜਾਬੀ ਦੇ ਵਿੱਦਿਅਕ-ਅਕਾਦਮਿਕ ਖੇਤਰ ਦੀ ਸੰਪੂਰਨ ਨਵਿਆਈ ਬੇਹੱਦ ਜ਼ਰੂਰੀ ਹੈ। ਪਹਿਲੇ ਕਦਮ ਵਜੋਂ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਕੇਵਲ ਅਜਿਹੇ ਅਧਿਆਪਕ ਰੱਖੇ ਜਾਣ ਜਿਨ੍ਹਾਂ ਨੂੰ ਪੰਜਾਬੀ ਠੀਕ ਬੋਲਣੀ ਤੇ ਲਿਖਣੀ ਆਉਂਦੀ ਹੋਵੇ ਅਤੇ ਜਿਨ੍ਹਾਂ ਦੀ ਵਿਦਵਤਾ ਦਾ ਆਧਾਰ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਤੇ ਸਮਾਜ ਦੀ ਸਮਝ ਹੋਵੇ। ਹੋਰ ਭਾਸ਼ਾਵਾਂ ਤੋਂ ਪ੍ਰਾਪਤ ਹੁੰਦਾ ਗਿਆਨ ਉਹਨਾਂ ਦੇ ਇਸ ਆਧਾਰ ਨੂੰ ਅਮਰਵੇਲ ਵਾਂਗ ਸੋਕ-ਨਿਚੋੜ ਕੇ ਪੂਰੀ ਤਰ੍ਹਾਂ ਕਜਦਿਆਂ ਆਪ ਹੀ ਨਾ ਛਾ ਜਾਵੇ ਸਗੋਂ ਦੀਵੇ ਕੋਲ ਦੀਵਾ ਜਗਣ ਵਾਂਗ ਉਸ ਦੀ ਜੋਤ ਵਿਚ ਵਾਧਾ ਕਰੇ।

ਦੁਨੀਆ ਭਰ ਵਿਚ ਸੈਂਕੜੇ ਭਾਸ਼ਾਵਾਂ ਮਰੀਆਂ ਹਨ ਅਤੇ ਸੈਂਕੜੇ ਮਰ ਰਹੀਆਂ ਹਨ। ਸੰਸਾਰ ਦੀਆਂ ਭਾਸ਼ਾਵਾਂ ਦੀ ਸਹੀ ਗਿਣਤੀ ਪਤਾ ਕਰਨੀ ਤਾਂ ਸੰਭਵ ਨਹੀਂ, ਮੋਟੇ ਅੰਦਾਜ਼ੇ ਅਨੁਸਾਰ ਇਸ ਸਮੇਂ 6,000 ਭਾਸ਼ਾਵਾਂ ਮੰਨੀਆਂ ਜਾਂਦੀਆਂ ਹਨ, ਜਿਨ੍ਹਾਂ ਵਿਚੋਂ ਅੱਧੀਆਂ ਕੇਵਲ ਚਾਰ ਦੇਸਾਂ, ਭਾਰਤ, ਇੰਡੋਨੇਸ਼ੀਆ, ਨਾਈਜੇਰੀਆ ਅਤੇ ਪਾਪੂਆ ਨਿਊ ਗਿਨੀ ਵਿਚ ਬੋਲੀਆਂ ਜਾਂਦੀਆਂ ਹਨ। ਸਾਡੇ ਦੇਸ ਵਿਚ ਭਾਸ਼ਾਵਾਂ ਦੀ ਹਾਲਤ ਪਤਲੀ ਪੈਂਦੇ ਜਾਣ ਦਾ ਮੂਲ ਕਾਰਨ ਭਾਸ਼ਾਈ ਵੰਨਸੁਵੰਨਤਾ ਨੂੰ ਕਦਰਜੋਗ ਸਮਾਜਕ-ਸਭਿਆਚਾਰਕ ਸਰਮਾਏ ਦੀ ਥਾਂ ਵਾਧੂ ਖਿਲਾਰਾ ਅਤੇ ਬੋਝ ਸਮਝੇ ਜਾਣਾ ਹੈ। ਭਾਸ਼ਾ ਦੇ ਸਿਆਣਿਆਂ ਦਾ ਅੰਦਾਜ਼ਾ ਅਤੇ ਫ਼ਿਕਰ ਹੈ ਕਿ ਇਹਨਾਂ ਵਿਚੋਂ 4,000 ਇਸ ਸਦੀ ਦੇ ਅੰਤ ਤੱਕ ਲੋਪ ਹੋ ਜਾਣਗੀਆਂ ਅਤੇ ਬਾਕੀ ਬਚੀਆਂ 2,000 ਵਿਚੋਂ ਵੀ ਕੁਛ ਸੈਂਕੜੇ ਹੀ ਆਪਣੀ ਪੂਰੀ ਆਭਾ ਕਾਇਮ ਰੱਖ ਸਕਣਗੀਆਂ।

ਜੇ ਪੰਜਾਬੀ ਭਾਈਚਾਰਾ ਪੰਜਾਬੀ ਦੀਆਂ ਅਕਾਦਮਿਕ ਅਤੇ ਰਾਜਨੀਤਕ ਸਮੱਸਿਆਵਾਂ ਦੇ ਹੱਲ ਵਾਸਤੇ ਇਕਮੁੱਠ ਅਤੇ ਜਾਗ੍ਰਿਤ ਨਾ ਹੋਇਆ ਤਾਂ ਯੂਨੈਸਕੋ ਨੇ ਪੰਜਾਹ ਸਾਲਾਂ ਵਿਚ ਪੰਜਾਬੀ ਦੇ ਖ਼ਾਤਮੇ ਦੀ ਭਵਿੱਖਬਾਣੀ ਤੋਂ ਭਾਵੇਂ ਇਨਕਾਰ ਕਰ ਦਿੱਤਾ ਹੋਵੇ ਪਰ ਖ਼ਤਰੇ ਦੀ ਲਕੀਰ ਲੰਘ ਚੁੱਕੀਆਂ 197 ਬੋੱਲੀਆਂ ਵਾਲੇ ਭਾਰਤ ਨੂੰ ਪਹਿਲਾ ਸਥਾਨ ਦੇਣ ਵਾਲੀ ਉਹਦੀ ਸੂਚੀ ਕਾਇਮ ਹੈ !ਪੰਜਾਬੀ ਦੀ ਅਜਿਹੀ ਹੋਣੀ ਦੀ ਸੰਭਾਵਨਾ ਤੋਂ ਅੱਖਾਂ ਬੰਦ ਨਹੀਂ ਕੀਤੀਆਂ ਜਾ ਸਕਦੀਆਂ। ਪੰਜਾਹ ਸਾਲ ਨਾ ਸਹੀ, ਸੌ ਸਹੀ, ਦੋ ਸੌ ਸਹੀ, ਪਰ ਤਿਲ੍ਹਕਦੀ ਜਾਂਦੀ ਭਾਸ਼ਾ ਆਖ਼ਰ ਕਦੀ ਤਾਂ ਥੱਲੇ ਜਾ ਹੀ ਪਹੁੰਚੇਗੀ। ਤੇ ਜਦੋਂ ਕੋਈ ਭਾਸ਼ਾ ਮਰਦੀ ਹੈ, ਨਾਲ ਹੀ ਉਸ ਭਾਈਚਾਰੇ ਦੀ ਸਦੀਆਂ ਦੌਰਾਨ ਸਿਰਜੀ ਗਈ ਸਭਿਆਚਾਰਕ ਵਿਰਾਸਤ, ਇਕੱਤਰ ਕੀਤੀ ਗਈ ਸੂਝ-ਸਿਆਣਪ, ਵਿਕਸਿਤ ਕੀਤੀ ਗਈ ਜੀਵਨ-ਜਾਚ ਅਤੇ ਨਤੀਜੇ ਵਜੋਂ ਨਵੇਕਲੀ-ਨਿਆਰੀ ਵੱਖਰੀ ਹੋਂਦ ਵੀ ਮਰ ਜਾਂਦੀ ਹੈ।

*(ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਵਿਖੇ 28 ਸਤੰਬਰ 2013 ਨੂੰ ਦਿੱਤਾ ਗਿਆ ਨੌਵਾਂ 'ਭਾਪਾ ਪ੍ਰੀਤਮ ਸਿੰਘ ਯਾਦਗਾਰੀ ਭਾਸ਼ਨ')*

**[ਫੋਨ: 011-65736868, ਈਮੇਲ: bhullargs@gmail.com]**



# ਭਾਸ਼ਾ ਦਾ ਸਰੀਰਕ ਪੱਖ

## ਸੁਰਜੀਤ ਹਾਂਸ

The Symbolic Species : the Co-Evolution of Language and the Brain, Terrence W. Deakin, Norton (N.Y.), 1998, $19.95 pp.527

ਡੀਕਨ ਪ੍ਰਕਿਰਤਕ ਚਯਨ (ਚੋਣ, ਮਹਾਨ ਕੋਸ਼ 476) Natural Selection ਨੂੰ ਮਾਣਸਵਿਗਿਆਨ ਨਾਲ ਰਲਾ ਕੇ ਭਾਸ਼ਾ ਬਾਰੇ ਜਾਣਕਾਰੀ ਦਿੰਦਾ ਹੈ। ਮਾਣਸਵਿਗਿਆਨ ਦੋ ਹਨ। ਇਕ ਭੌਤਿਕ ਮਾਣਸਵਿਗਿਆਨ, ਜਿਹੜਾ ਮਾਣਸ ਦੇ ਭੌਤਿਕ ਪੱਖ ਨੂੰ ਵਿਚਾਰਦਾ ਹੈ, ਜਿਵੇਂ ਜੇ ਪੇਸ਼ਾਵਰ ਤੋਂ ਕਲਕੱਤੇ ਨੂੰ ਜਾਈਏ ਤਾਂ ਬੰਦਿਆਂ ਦੇ ਕੱਦ ਘਟਦੇ ਜਾਂਦੇ ਹਨ। ਦੂਸਰਾ, ਸਮਾਜਕ ਮਾਣਸਵਿਗਿਆਨ ਜਿਹੜਾ ਸਾਡੀਆਂ ਰਸਮਾਂ ਸੰਸਕਾਰਾਂ ਆਦਿ ਨਾਲ ਤੁਅਲਕ ਰੱਖਦਾ ਹੈ। ਜੀਵਿਗਿਆਨ (biology) ਦੇ ਪ੍ਰਕਿਰਤਕ ਚਯਨ ਦਾ ਪੈਮਾਨਾ (scale) ਕਰੋੜ ਸਾਲਾਂ ਦਾ ਹੈ ਅਤੇ ਮਾਣਸਵਿਗਿਆਨ ਤਾਂ ਹਜ਼ਾਰਾਂ ਸਾਲਾਂ ਦਾ ਮੁਆਮਲਾ ਹੈ। ਇਸ ਕਰਕੇ ਦੋਵੇਂ ਰਲਾਏ ਨਹੀਂ ਜਾ ਸਕਦੇ। ਸਕੇਲ ਹੀ ਵਿਗਿਆਨ ਦੀ ਵੰਡ ਦਾ ਮਹੱਤਵਪੂਰਨ ਅੰਗ ਹੈ। ਬ੍ਰਹਮੰਡੀ ਗੁਰਤਾ (gravitation) ਨਿਮਨ-ਪ੍ਰਮਾਣੂ ਯਥਾਰਥ 'ਤੇ ਕੋਈ ਅਸਰ ਨਹੀਂ ਪਾਉਂਦੀ। ਇਹ ਨਹੀਂ ਕਿ ਡੀਕਨ ਨੂੰ ਇਸ ਗੱਲ ਦਾ ਪਤਾ ਨਹੀਂ। ਇਹਨਾਂ ਨੂੰ ਰਲਾਉਣਾ ਉਹਦੀ ਆਕਾਂਖਾ (ambition) ਦਾ ਸਵਾਲ ਹੈ।

ਮੈਂ ਤਾਂ ਭਾਸ਼ਾ ਕਰਕੇ ਕਿਤਾਬ ਦੇ ਪੜ੍ਹਣ 'ਚ ਫਸ ਗਿਆ। ਪੰਜਾਬੀ ਦਾ ਸੁਭਾਗ ਹੋਵੇਗਾ ਜੇ ਕੋਈ ਜੀਵਗਿਆਨੀ (biologist) 'ਸਿਰਜਣਾ' ਨੂੰ ਕਿਤਾਬ ਦਾ ਰਿਵਊ ਲਿਖਕੇ ਭੇਜਦਾ ਹੈ।

ਮੈਂ ਕੇਵਲ ਭਾਸ਼ਾ ਬਾਰੇ ਵਿਗਿਆਨਕ ਇਤਲਾਹ ਦਾ ਜ਼ਿਕਰ ਕਰਦਾ ਹਾਂ।

ਪਹਿਲੀ ਗੱਲ ਤਾਂ ਪੰਛੀਆਂ ਦੀ ਆਵਾਜ਼ਾਂ ਕੱਢਣ ਦੀ ਹੋਸ਼ਿਆਰੀ ਬੰਦਿਆਂ ਤੋਂ ਕਿਤੇ ਜ਼ਿਆਦਾ ਹੈ। ਬੰਦੇ ਦੇ ਅਤੀ-ਨਿਕਟ ਸੰਬੰਧੀ ਚਿੰਪ (chimps) ਬਹੁਤਾ ਬੋਲਦੇ ਹਨ ਪਰ ਬਣ-ਮਾਣਸ (orangutan) ਅਕਸਰ ਚੁੱਪ ਰਹਿੰਦਾ ਹੈ। ਪਸ਼ੂ ਆਵਾਜ਼ਾਂ ਕਢਦੇ, ਪ੍ਰਦਰਸ਼ਨ ਕਰਦੇ, ਮੁਦ੍ਰਾਵਾਂ ਵਿਖਾਉਂਦੇ ਹਨ। ਅਫ਼ਰੀਕਾ ਦੇ 'ਹਰੇ ਬਾਂਦਰ' ਖਤਰੇ 'ਚ ਰੌਲ਼ਾ ਪਾਉਂਦੇ ਹਨ। ਸ਼ਹਿਦ ਦੀਆਂ ਮੱਖੀਆਂ ਨਿਰਤ ਕਰਦੀਆਂ ਹਨ; ਕੁੱਬੀ ਵੇਲ੍ਹ ਗੀਤ ਸਮਾਨ ਟਿਕ ਟਿਕ ਲਾਉਂਦੀ ਹੈ।

ਬੰਦੇ ਦੀਆਂ ਜਨਮਤ ਆਵਾਜ਼ਾਂ ਮੁੱਕੀਆਂ ਨਹੀਂ, ਖੰਘ, ਪੱਦ, ਅੰਗਾਂ ਦਾ ਫਰਕਣਾ। ਮੇਰੇ ਗ੍ਰਾਮੀਨ ਬਚਪਨ ਵਿਚ ਜਨ ਨੂੰ ਇਹਨਾਂ ਦੀ ਸ਼ਰਮ ਨਹੀਂ ਸੀ। 'ਛਿੱਕ, ਪੱਦ ਤੇ ਡਕਾਰ, ਤਿੰਨੇ ਦੇਹ ਦੇ ਸ਼ਿੰਗਾਰ'। ਮੈਨੂੰ ਬੜੀ ਤਸੱਲੀ ਹੋਈ ਕਿ ਵਿਗਿਆਨ ਇਹਨਾਂ 'ਚ ਦਿਲਚਸਪੀ ਲੈ ਰਿਹਾ। ਹੱਸਣਾ, ਹਉਕੇ ਲੈਣੇ, ਰੋਣਾ ਅਜਿਹੇ ਜਨਮਤ ਕਰਮ ਹਨ ਜਿਹਨਾਂ 'ਤੇ ਸਾਡਾ ਕੋਈ ਇਖ਼ਤਿਆਰ ਨਹੀਂ। ਹਉਕੇ ਲੈਂਦਿਆਂ ਸਾਹ ਅੰਦਰ ਨੂੰ ਜਾਂਦਾ ਹੈ, ਹੱਸਦਿਆਂ ਬਾਹਰ ਨਿੱਕਲਦਾ ਹੈ।

ਸ-ਤਨ-ਧਾਰੀ ਜੀਵਾਂ ਦੀਆਂ ਰਲ ਮਿਲਾਕੇ 15 ਤੋਂ 40 ਜਨਮਤ ਆਵਾਜ਼ਾਂ ਹਨ। ਬੰਦੇ ਦਾ ਹਾਸਾ, ਹਉਕਾ, ਚੀਕ, ਰੋਣਾ, ਹਟਕੋਰਾ ਭਾਵੇਂ ਗਿਣਤੀ ਵਿਚ ਕਾਫੀ ਮਲੂਮ ਹੁੰਦੇ ਹਨ ਪਰ ਭਾਸ਼ਾ ਦੇ ਮੁਕਾਬਲੇ ਵਿਚ ਤੁੱਛ ਹਨ। ਭਾਸ਼ਾ ਨੇ ਇਹਨਾਂ ਨੂੰ ਮੁਕਾਇਆ ਨਹੀਂ ਸਗੋਂ ਇਹਨਾਂ 'ਚ ਵੱਖਰਾ ਵਾਧਾ ਕੀਤਾ ਹੈ। ਜੀਵਾਂ ਦੀ ਸਾਂਝੀ ਆਵਾਜ਼ ਦਾ ਮਤਲਬ : ਸਾਂਝੇ ਦ੍ਰਿਸ਼ਟਮਾਨ ਦਾ ਸਾਂਝਾ ਮਨੋਵਿਗਿਆਨ। ਭਾਸ਼ਾ ਨੇ ਮਨੋਵਿਗਿਆਨ ਅਤੇ ਦ੍ਰਿਸ਼ਟਮਾਨ ਦੀ ਸਾਂਝ ਖਤਮ ਕਰ ਦਿੱਤੀ ਹੈ।

000

ਦਿਮਾਗ਼ 'ਚ ਭਾਸ਼ਾ ਦੇ ਤੰਤਵੀ ਸਥਾਨ ਹਨ। ਦੁ-ਭਾਸ਼ੀ ਵਿਅਕਤੀ ਦੇ ਦਿਮਾਗ਼ ਵਿਚ ਜ਼ਬਾਨਾਂ ਦੀ ਸਥਾਨਕ ਏਕਤਾ ਨਹੀਂ। ਦਿਮਾਗ਼ ਨੂੰ ਸੱਟ ਵੱਜਣ ਨਾਲ ਮਾਤਰੀ ਭਾਸ਼ਾ ਦਾ ਸਿਖਿਅਤ ਬੋਲੀ ਨਾਲੋਂ ਜ਼ਿਆਦਾ ਨੁਕਸਾਨ ਹੁੰਦਾ ਹੈ। ਜੇ ਦਿਮਾਗ਼ ਦੇ ਇਕ ਹਿੱਸੇ 'ਤੇ ਸੱਟ ਵੱਜੇ ਤਾਂ ਇਹਦਾ ਕੋਈ ਦੂਜਾ ਹਿੱਸਾ ਵੱਖਰੀ ਕਿਸਮ ਦਾ ਘਾਟਾ ਪੂਰਨ ਲਗਦਾ ਹੈ।

ਹੈਰਾਨੀ ਦੀ ਗੱਲ ਹੈ ਜੋ ਨਿਆਣੇ ਸਿਆਣਿਆਂ ਨਾਲੋਂ ਜਲਦੀ ਅਤੇ ਸੌਖਿਆਂ ਭਾਸ਼ਾ ਸਿੱਖ ਲੈਂਦੇ ਹਨ। ਇਹਦਾ ਮਤਲਬ ਹੈ ਕਿ ਭਾਸ਼ਾ ਦੀ ਸਿਖਲਾਈ ਗਿਆਨ ਦੀ ਵਿਧੀ ਵਾਲੀ ਨਹੀਂ। ਸਾਇੰਸ ਨੂੰ ਆਮ ਤੌਰ 'ਤੇ ਕਾਰਨ-ਪਰਿਣਾਮ ਦੇ ਜੋੜ 'ਤੇ ਸਿਰਜਿਆ ਜਾਂਦਾ ਹੈ। ਕਾਰਨ-ਪਰਿਣਾਮ

ਇਕ-ਪ੍ਰਤੀ-ਇਕ ਦਾ ਸੰਬੰਧ ਹੈ। ਭਾਸ਼ਾ ਦੇ ਸ਼ਬਦਾਂ ਦਾ ਇਕ-ਪ੍ਰਤੀ-ਬਹੁ ਦਾ ਸੰਬੰਧ ਹੈ। ਜਿਵੇਂ 'ਫੇਰ' (ਗੇੜਾ), (ਮੁੜ), (ਚੱਕਰ ਦੇਣਾ), (ਇਹਦੇ ਮਗਰੋਂ), (ਅੱਖਾਂ ਫੇਰਨੀਆਂ), (ਮੁੰਗਲੀਆਂ ਫੇਰਨੀਆਂ), 'ਹਰੀਆਂ ਨਹੇਰਨਾ, ਦੁਪਹਿਰੇ ਚੱਕੀ ਫੇਰਨਾ'। ਗਿਆਨ 'ਕੀ' ਦੀ ਜਾਣਕਾਰੀ ਹੈ। ਭਾਸ਼ਾ ਖੇਲ੍ਹਾਂ ਵਾਂਗੂੰ 'ਕਿਵੇਂ' ਦੀ ਸਿਖਲਾਈ ਹੈ।

ਇਸੇ ਫ਼ਰਕ ਸਦਕੇ ਬੱਚਿਆਂ ਨੂੰ ਛੇ ਸਾਲ ਦੇ ਹੋਣ 'ਤੇ ਸਕੂਲ ਭੇਜਿਆ ਜਾਂਦਾ ਹੈ।

ਹਰ ਭਾਸ਼ਾਈ ਗੜਬੜ ਦਾ ਦਿਮਾਗ਼ ਦੇ ਵਿਸ਼ੇਸ਼ ਹਿੱਸੇ ਨਾਲ ਸੰਬੰਧ ਹੈ। ਸੰਨ 1861 ਵਿਚ ਫ਼ਰਾਂਸੀਸੀ ਸਰਜਨ (ਜੱਰਾਹ) ਨੇ ਦਰਸਾਇਆ ਕਿ lower portion of frontal cortex 'ਤੇ ਸੱਟ ਵੱਜਣ ਨਾਲ ਅ-ਵਾਚਕ-ਤਾ (aphasia) ਪੈਦਾ ਹੋ ਜਾਂਦੀ ਹੈ ਜਿਸਦਾ ਕਾਰਨ ਬੋਲਣ ਦੀ ਚੇਸ਼ਟਕ (motor) ਖਰਾਬੀ ਹੈ। ਸੰਨ 1874 ਵਿਚ ਜਰਮਨ Wernicke ਨੇ ਦੱਸਿਆ ਕਿ posterior part of the temportal cortex on the left side ਦੀ ਖਰਾਬੀ ਨਾਲ ਬੰਦੇ ਦੇ ਬੋਲਣ 'ਚ ਰਵਾਨੀ ਤਾਂ ਬੜੀ ਹੁੰਦੀ ਹੈ ਪਰ ਸ਼ਬਦ ਬੇ-ਤੁਕੇ ਅਤੇ ਅਸਾਧਾਰਨ ਜੋੜ-ਮੇਲ ਵਾਲੇ ਹੁੰਦੇ ਹਨ।

ਸਵੈਲੀਨ (autist) ਦਾ ਆਪਣਾ ਚਰਿੱਤਰ ਹੈ। ਉਹਨੂੰ ਭਾਵੇਂ ਚਿੰਨ੍ਹ-ਗ੍ਰਹਿਣ ਦਾ ਘਾਟਾ ਪਿਆ ਹੁੰਦਾ ਹੈ ਪਰ ਮੁਆਵਜ਼ੇ ਵਿਚ 'ਵਿਸ਼ੇਸ਼' ਯੋਗਤਾ ਵੀ ਮਿਲੀ ਹੁੰਦੀ ਹੈ ਜਿਸ ਵਿਚ ਦੇਸ਼ਿਕ ਗਿਆਨ (spatial cognition), ਕਲਾਤਮਿਕਤਾ, ਸੰਖਯ ਦੀ ਦਕਸ਼ਤਾ, ਯਾਦ-ਦਾਸ਼ਤ (ਕਹਿੰਦੇ ਹਨ ਕਿ ਉਹਨੂੰ telephone directory ਵੀ ਯਾਦ ਹੋ ਜਾਂਦੀ ਹੈ), ਵਿਆਖਿਆ-ਰਹਿਤ ਜੋੜਮੇਲ ਦੇ ਅਜਿਹੇ ਪ੍ਰਣਾਮ ਪੈਦਾ ਕਰ ਦਿੰਦਾ ਹੈ ਜੋ ਕਲਾਤਮਕ ਪ੍ਰਾਪਤੀ ਸਿੱਧ ਹੋਣ। ਇਹਨਾਂ 'ਚ ਕਈ child prodigy ਹੁੰਦੇ ਹਨ, ਜਿਵੇਂ ਜਰਮਨ ਸੰਗੀਤਕਾਰ ਮੋਜ਼ਾਰਟ (Motzart 1756-91)

ਸੰਸਕ੍ਰਿਤ ਕਵੀ ਭਵਭੂਤੀ ਕਹਿੰਦਾ ਹੈ ਕਿ ਸਿਆਣਿਆਂ ਦੇ ਸ਼ਬਦ ਉਹਨਾਂ ਦੇ ਅਰਥਾਂ ਮਗਰ ਜਾਂਦੇ ਹਨ ਪਰ ਰਿਸ਼ੀਆਂ ਦੇ ਸ਼ਬਦਾਂ ਮਗਰ ਉਹਨਾਂ ਦੇ ਅਰਥ ਲੱਗ ਜਾਂਦੇ ਹਨ। ਇੰਝ ਰਿਸ਼ੀ ਦੀ ਸਵੈਲੀਨ ਨਾਲ ਸਾਂਝ ਹੋਣੀ ਚਾਹੀਦੀ ਹੈ? ਸਵੈਲੀਨ ਦੇ ਹੋਰ ਸਾਂਝੇ ਗੁਣ ਹਨ, ਮਨੋਵੇਗਤਾ (impulsiveness), ਰਲਣ-ਮਿਲਣ ਤੋਂ ਪਰਹੇਜ਼ ਅਤੇ ਯੱਗ ਸਮਾਨ (ritualized) ਬੱਝਵਾਂ ਵਿਹਾਰ। ਸਵੈਲੀਨਤਾ ਨੂੰ pre-frontal over-development ਦਾ ਨਤੀਜਾ ਸਮਝਿਆ ਜਾਂਦਾ ਹੈ।

000

ਮਾਣਸ ਦੇ ਭਾਸ਼ਾਈ ਹੋਣ 'ਚ ਦਿਮਾਗ਼ ਦਾ ਹੱਥ ਹੈ। ਆਪਣੇ ਬਰਾਬਰ ਦੇ (ape) ਲਘੂ-ਪੂਛਲ ਬਾਂਦਰ ਤੋਂ ਤਿੰਨ ਗੁਣਾ ਹੈ। ਦਿਮਾਗ਼ ਦੇ ਸਾਹਮਣੇ ਦਾ ਖੋਲ ਦੋ ਗੁਣਾ ਪਰ ਸੁੰਘਣ ਨਾਲ ਤੁਅਲਕ ਰਖਦਾ ਭਾਗ ਘਟਿਆ ਹੈ। ਦੂਦਾਧਾਰੀਆਂ ਦੀ ਪੰਛੀਆਂ ਨਾਲੋਂ ਆਵਾਜ਼ ਕੱਢਣ ਦੀ ਯੋਗਤਾ ਥੋੜ੍ਹੀ ਹੈ। ਉਚਾਰਨ ਲਈ ਮੂੰਹ, ਆਵਾਜ਼ ਅਤੇ ਸਾਹ ਦੇ ਮਾਸਲਾਂ (muscles) ਦੀ ਲੋੜ ਹੈ। ਮੂੰਹ ਦੀ ਦੁਨਾਲ ਸਾਹ ਲੈਣ ਅਤੇ ਖਾਜੇ ਨੂੰ ਪੇਟ 'ਚ ਅਪੜਾਉਣ ਦਾ ਕੰਮ ਕਰਦੀ ਹੈ। ਬੁਰਕੀ ਲੰਘਾਉਣ ਵੇਲੇ ਨਿਮਨ-ਜਿਹਵ ਮਾਸਲ (epiglottis) ਸਾਹ ਦੀ ਨਾਲੀ ਬੰਦ ਕਰ ਦਿੰਦਾ ਹੈ। ਇਹਦੇ ਥੱਲੇ larynx ਧੁਨੀ-ਸਥਾਨ 'ਚੋਂ ਆਵਾਜ਼ ਨਿਕਲਦੀ ਹੈ। ਮਾਣਸ ਦਾ ਦੂਸਰੀ ਵਿਜਾਤੀਆਂ (species) ਨਾਲੋਂ ਧੁਨੀ ਸਥਾਨ 'ਤੇ ਵਧੇਰੇ ਇੱਛਾ-ਵਰਤੀ ਇਖਤਿਆਰ ਹੈ।

ਉਡਾਰੀ ਦੀ ਲੋੜ ਨੇ ਪੰਛੀ ਦਾ ਭਾਰ ਘਟਾ ਦਿੱਤਾ। ਮੂੰਹ 'ਚ ਦੰਦ ਅਤੇ ਭਾਰੀ ਜਬ੍ਹਾੜੇ, ਦੀ ਥਾਉਂ ਹਲਕੀ ਚੁੰਝ ਅਤੇ ਛੋਟੀ ਜਿਹਵ ਨੇ ਲੈ ਲਈ। ਧੁਨੀ-ਸਥਾਨ ਥੱਲੇ ਨੂੰ ਜਾਂਦਾ ਨਾਉਂ-ਮਾਤਰ ਹੀ ਰਹਿ ਗਿਆ। ਧੁਨੀ ਸਥਾਨ 'ਤੇ (visceral) ਉਦਰ-ਕ ਚੇਸ਼ਟਾ ਦਾ ਨਿਯੰਤਰਣ ਹੈ, ਜੀਭ 'ਤੇ ਪਿੰਜਰ ਚੇਸ਼ਟਾ ਦਾ। ਸਾਹ ਲੈਣਾ, ਬੁਰਕੀ ਲੰਘਾਉਣ ਦੇ ਮਾਸਲ (muscle) ਸਵੈ-ਚਾਲਕ ਹਨ। ਗ਼ਲਤੀ ਨਾਲ ਹੱਥੂ ਆ ਜਾਂਦਾ ਹੈ; ਪਰ ਹੱਥੂ ਜੇਹੀ ਗ਼ਲਤੀ ਕੇਵਲ ਬੰਦਾ ਹੀ ਕਰ ਸਕਦਾ ਹੈ। ਬੋਲਣ ਲਈ ਮੌਖਿਕ, ਵਾਚਕ ਅਤੇ ਸਵਾਸੀ ਮਾਸਲਾਂ ਦੀ ਸੰਗਤੀ ਦੀ ਲੋੜ ਹੈ।

ਧੁਨੀ ਦਾ ਨਿੱਕੇ ਤੋਂ ਨਿੱਕਾ ਭਾਗ ਧੁਨੀਕ (ਧੁਨਿ+ਇਕ) ਜੋ ਇਕ ਸਕਿੰਟ ਵਿਚ ਦਸ ਤੋਂ ਵਧ ਕੱਢੇ ਜਾ ਸਕਦੇ ਹਨ, ਇਹਨਾਂ ਦੇ ਸਹਿਸ ਜੋੜ ਸ਼ਬਦ ਬਣਾਉਂਦੇ ਹਨ। ਇਹਨਾਂ ਦਾ ਪ੍ਰਤੱਖਣ ਗ੍ਰਹਿਣ stimulus-response ਇਕ ਇਕ ਕਰਕੇ ਨਹੀਂ ਹੁੰਦਾ ਸਗੋਂ, ਸ਼ਾਇਦ, ਦਿਮਾਗ਼ ਦੇ ਉੱਚ-ਕੇਂਦਰਾਂ ਦੇ ਦਖ਼ਲ ਕਾਰਨ ਲਗਾਤਾਰ ਅਤੇ ਸਵੈਚਾਲਕ ਹੈ।



ਬ (ਬੱਬੇ) ਅਤੇ ਪ (ਪੱਪੇ) ਦੀਆਂ ਧੁਨੀਆਂ ਤਾਂ ਦੋ ਹਨ ਪਰ ਪੈਦਾ ਲਗਪਗ ਇਕ ਤਰੀਕੇ ਨਾਲ ਪੈਦਾ ਹੁੰਦੀਆਂ ਹਨ। ਫ਼ਰਕ ਤਾਂ ਵਾਚ-ਤਿਆਰੀ ਸਮੇਂ ਦਾ ਹੈ (voice-onset time)। ਪੱਪਾ ਬੋਲਣ ਲਈ ਪਹਿਲਾਂ ਬੁੱਲ੍ਹਾਂ ਦੀ ਦਾਬ ਹਲਕੀ ਕਰਨੀ ਪੈਂਦੀ ਹੈ, ਫੇਰ ਆਵਾਜ਼ ਕੱਢੀ ਦੀ ਹੈ। 'ਪਾ' ਦੀ ਮਾਤਰਾ ਲਈ ਬੁੱਲ੍ਹਾਂ ਦੀ ਦਾਬ ਹਲਕੀ ਕਰਨ ਉਪਰੰਤ ਥੋੜ੍ਹੀ ਦੇਰ ਮਗਰੋਂ ਆਵਾਜ਼ ਨਿਕਲਦੀ ਹੈ। ਇਹਦੇ ਪ੍ਰਤੀਕੂਲ ਬੱਬੇ ਦੀ ਆਵਾਜ਼ ਬੁੱਲ੍ਹਾਂ ਦੀ ਦਾਬ ਮੁਕਾਉਣ ਤੋਂ ਰਤਾ ਪਹਿਲਾਂ ਜਾਂ ਇਹਦੇ ਨਾਲ ਹੀ ਕੱਢਣੀ ਪੈਂਦੀ ਹੈ। Recording machine ਵਿਚ ਇਹਨਾਂ ਦਾ ਫ਼ਰਕ ਅੰਕਿਤ ਨਹੀਂ ਹੁੰਦਾ। ਮੁਆਮਲਾ 0 ਤੋਂ 0.05 ਸੈਕਿੰਡ ਦੀ ਦੇਰ ਦਾ ਹੈ, ਜਿਸ ਨਾਲ ਸੁਣਨ ਵਾਲਿਆਂ ਨੂੰ ਪੱਪਾ ਜਾਂ ਬੱਬਾ ਸੁਣਦਾ ਹੈ। ਜੇ ਇਹ 0.05 ਸੈਕਿੰਡ ਤੋਂ ਜ਼ਿਆਦਾ ਹੈ ਤਾਂ ਪੱਪਾ ਸੁਣਦਾ ਹੈ; ਪਰ 0 ਤੋਂ ਘੱਟ ਅਰਥਾਤ ਲੈਰਿੰਕਸ (larynx) ਦਾ ਵਾਚ ਉਤਪਾਦਨ ਬੁੱਲ੍ਹ ਖੋਲ੍ਹਣ ਤੋਂ ਪਹਿਲਾਂ ਸ਼ੁਰੂ ਤਾਂ ਇਹ ਬੱਬਾ ਹੋ ਜਾਂਦਾ ਹੈ।

0 0 0

ਡੀਕਨ ਦੀ ਖ਼ੂਬੀ ਹੈ ਕਿ ਉਹਨੇ ਭਾਸ਼ਾ ਤੋਂ ਵਧੀਕ ਭਾਸ਼ਨ (ਬੋਲ ਬਾਣੀ) ਨੂੰ ਵੀ ਆਪਣੇ ਗੋਚਰ ਕੀਤਾ ਹੈ। ਨਿਰਦੇਸ਼ਣ (ਦਿਸ਼ ਦਰਸਾਉਣੀ), ਯਾਚਨ, ਧਮਕੀ ਵਰਗੇ ਸਾਮਾਨਯ ਸੰਕੇਤਾਂ ਦੇ ਤੁੱਲ ਅੰਸ਼ਾਂ ਦਾ ਬੋਲ ਬਾਣੀ ਵਿਚ ਹਿੱਸਾ ਹੈ। ਅ-ਗ੍ਰਹਿਣਯੋਗ ਉੱਤੇਜ (stimulus) ('ਵਾਜਾਂ ਆਦਿ) ਨੂੰ ਅਣਡਿੱਠ ਕਰਨ ਲਈ, ਸ਼ਬਦਾਂ, ਵਾਕਾਂ ਦਾ ਦੁਹਰਾਉ ਪਾਇਆ ਜਾਂਦਾ ਹੈ। ਕਈ ਵਾਰ ਹਿਜੇ (spell) ਕਰ ਦਿੱਤੇ ਜਾਂਦੇ ਹਨ। ਅੰਗਾਂ ਬਾਹਾਂ ਦੇ ਇਸ਼ਾਰੇ ਹੁੰਦੇ ਹਨ। ਸੁਰ-ਪੱਧਰ ਦਾ ਇਸ਼ਾਰੇ ਮਾਫ਼ਕ ਕੰਮ ਹੈ। ਬੋਲ ਦੀ ਘਣਤਾ ਦਾ ਆਪਣਾ ਕਾਰਜ ਹੈ। ਭਾਸ਼ਨ ਦਾ ਛੰਤ ਵਿਹਾਰ, ਇਹਦੀ ਰਵਾਨੀ ਹੁੰਦੀ ਹੈ। ਇਹ ਕੋਈ ਮਰਜ਼ੀ ਬੇ-ਮਰਜ਼ੀ ਦੀ ਗੱਲ ਨਹੀਂ ਕਿਉਂਕਿ ਭਾਸ਼ਨ ਵਿਚ ਮੌਖਿਕ, ਸੁਤੰਤਰ ਵਾਚਕ ਚੇਸ਼ਟਾ ਨੇ ਸਵੈ-ਚਾਲਕ ਸੁਆਸ-ਨ ਨੂੰ ਵੀ ਆਪਣੇ ਨਾਲ ਰੱਖਣਾ ਹੁੰਦਾ ਹੈ।

ਬੋਲ ਦੀ ਸਮਝ ਪ੍ਰਯੋਗਸ਼ਾਲਾ ਵਾਲੇ 'ਧੁਨੀ-ਉੱਤੇਜ ਅਤੇ ਗ੍ਰਹਿਣ' ਦੀ ਨਹੀਂ ਹੁੰਦੀ ਸਗੋਂ ਲਗਾਤਾਰ ਚਲਦੀ ਰਹਿੰਦੀ ਹੈ। ਇਹਦੇ ਨਾਦੀ ਪੱਖ ਦਾ ਖ਼ਿਆਲ ਤਕ ਨਹੀਂ ਹੁੰਦਾ, ਕੇਵਲ ਸੰਚਾਰ ਹੋਈ ਜਾਂਦਾ ਹੈ। ਅੰਗਰੇਜ਼ੀ ਮੁਹਾਵਰਾ ਹੈ ਕਿ ਮੁਗਧ ਨਾਲ ਉਸਦੀ ਭਾਸ਼ਾ 'ਚ ਬਾਤ ਕਰੀ ਦੀ ਹੈ, ਪਰ ਇਹਦੀ ਵਜਾਹ ਦਾ ਪਤਾ ਨਹੀਂ ਸੀ। ਮੇਰੀ ਉਸਤਾਦ ਮਿੱਸ ਸਟਾਕ ਆਪਣੀ ਅਕਸਫੋਰਡ ਦੀ ਪੜ੍ਹਾਈ ਮੁਕਾ ਕੇ 'ਮਜ਼ਦੂਰ ਤਾਲੀਮੀ ਅਦਾਰੇ' Workingmen Educational College 'ਚ ਪੜ੍ਹਾਉਣ ਲੱਗ ਗਈ। ਇਕ ਦਿਨ ਸਾਮਾਨਯ ਮੱਤਦਾਨ universal suffrage ਦੀ ਮੁਸ਼ਕਲ ਆ ਗਈ। ਉਹ ਕਹੇ, ਇਕ ਬੰਦੇ ਦੀ ਇਕ ਵੋਟ ਹੁੰਦੀ ਹੈ ਜਿਹੜੀ ਇਕ ਉਮੀਦਵਾਰ ਨੂੰ ਹੀ ਪਾਈ ਜਾ ਸਕਦੀ ਹੈ। ਉਹ ਪੁੱਛੇ ਸਮਝ ਆਈ, ਮਜ਼ਦੂਰ ਨਾ-ਸਮਝੀ 'ਚ ਸਿਰ ਹਿਲਾਉਣ। ਉਹਨੇ ਕਾਗਜ਼ ਦੀ ਪਰਚੀ ਫੜੀ, ਕਹਿੰਦੀ ਇਹ ਹੈ ਵੋਟ, ਪਹਿਲੀ ਕਤਾਰ 'ਚ ਬੈਠੇ ਤਿੰਨ ਮਜ਼ਦੂਰਾਂ ਨੂੰ ਕਹਿੰਦੀ, ਇਹ ਨੇ ਉਮੀਦਵਾਰ, ਫੇਰ ਤੁਸੀਂ ਇਹਨਾਂ ਵਿਚੋਂ ਜੀਹਨੂੰ ਮਰਜ਼ੀ ਪਰਚੀ ਪਾਇਓ। ਸਮਝ ਆਈ; ਉਹ ਨਾ-ਸਮਝੀ 'ਚ ਸਿਰ ਹਿਲਾਉਣ। ਮਿੱਸ ਸਟਾਕ ਕਹਿੰਦੀ one bloody man and one bloody vote, ਤਾਂ ਮਜ਼ਦੂਰ ਕਹਿੰਦੇ 'ਮਿੱਸ, ਪਹਿਲਾਂ ਨਾ ਇੰਝ ਸਮਝਾਇਆ।' ਸਾਡੇ ਲਈ ਮਹੱਤਵਪੂਰਨ ਗੱਲ ਹੈ ਕਿ ਨਿਮਨ ਭਾਸ਼ਾਈ ਸੰਕੇਤ ਵੀ ਸੰਚਾਰ 'ਚ ਜ਼ਰੂਰੀ ਤੌਰ 'ਤੇ ਸਹਾਈ ਹੁੰਦੇ ਹਨ।

0 0 0

ਡੀਕਨ ਜਾਂਦਾ ਜਾਂਦਾ ਕਹਿੰਦਾ ਹੈ ਕਿ ਬਹੁਤ ਸਾਰੇ ਸ਼ਬਦਾਂ (ਫੁੱਲ, ਸੜਕ, ਗਰਜ ਆਦਿ) ਦਾ ਯਥਾਰਥ ਪ੍ਰਮਾਣ ਹੁੰਦਾ ਹੈ। ਅਨੇਕ ਸ਼ਬਦਾਂ ਦਾ ਕੋਈ ਯਥਾਰਥ ਪ੍ਰਮਾਣ ਨਹੀਂ ਹੈ ਜਿਵੇਂ ਫ਼ਰਿਸ਼ਤਾ, ਇਕਸਿੰਗਾ (unicorn), ਨਾਲੇ ਇਸ ਤੋਂ ਅੱਗੇ ਜਾਂਦਿਆਂ, 'ਜਿਵੇਂ, ਪਰ, ਹਾਂ, ਬਲਕਿ' ਦਾ। ਇਸੇ ਕਾਰਨ ਭਾਸ਼ਾ ਨੇ ਕਲਪਨਾ ਦੀ ਸੰਭਾਵਨਾ ਬਣਾਈ ਹੈ, ਜਿਸ ਕਰਕੇ ਆਦਰਸ਼ਵਾਦ (idealism) ਦੀ ਪੈਦਾਇਸ਼ ਹੋਈ। ਡੀਕਨ ਬੰਦੇ ਦੀ ਅਤਿਭਾਵਕਤਾ ਅਤੇ ਪਸ਼ੂ ਦੀ ਥੁੜ-ਭਾਵਕਤਾ ਦੱਸਦਾ ਹੈ ਜੋ ਸਾਥੀ ਦੀ ਮਰਗ 'ਤੇ ਕੁਝ ਚਿਰ ਉਦਾਸ ਰਹਿੰਦੇ ਹਨ ਪਰ 'ਜੇ ਜੀਂਦਾ ਹੁੰਦਾ' ਦੀ ਸੋਚ ਨਹੀਂ ਲਾ ਸਕਦੇ।

ਭਾਸ਼ਾ ਨੇ, ਚੇਤਨਾ ਪੱਖੋਂ, ਬੰਦੇ ਨੂੰ ਉੱਚਾ ਚੁੱਕਿਆ ਹੈ ਪਰ ਇਹਦੀਆਂ ਆਪਣੀਆਂ ਪ੍ਰਾਪਤੀਆਂ ਅ-ਪ੍ਰਾਪਤੀਆਂ ਹਨ ਜਿਹੜੀਆਂ ਆਪ ਸ਼ਾਇਰੀ ਦੀ ਸਫਲਤਾ ਜਾਂ ਅਸਫਲਤਾ ਦਾ ਅੰਗ ਹੋ ਜਾਂਦੀਆਂ ਹਨ।

[144, ਸੈਕਟਰ 65, ਫੇਜ਼ ਧਜ਼, ਐੱਸ. ਏ. ਐੱਸ ਨਗਰ-160 062]

# ਕਿਰਪਾਨ ਨਹੀਂ ਹੈ ਕਿਰਪਾ+ਆਨ

ਬਲਜੀਤ ਬਾਸੀ

ਇਸੇ ਸ਼ਬਦ ਨਾਲ ਜਾਣਿਆ ਜਾਂਦਾ 'ਕਿਰਪਾਨ' ਭਾਰਤ ਦਾ ਇਕ ਚਿਰਕਾਲ ਤੋਂ ਚਲਿਆ ਆਉਂਦਾ ਹਥਿਆਰ ਹੈ। ਪਾਨਿਨੀ ਅਤੇ ਪਤੰਜਲੀ ਨੇ ਇਸਦਾ ਜ਼ਿਕਰ ਕੀਤਾ ਹੈ। ਬਥੇਰੇ ਪੰਜਾਬੀਆਂ ਨੇ ਇਸਨੂੰ ਹੰਢਾਇਆ ਹੈ, ਕਈਆਂ ਨੇ ਇਸਦੇ ਵਾਰ ਕੀਤੇ, ਕਈਆਂ ਨੇ ਸਹੇ ਤੇ ਕਈਆਂ ਨੇ ਇਸ ਦੇ ਚੱਲਣ ਦੀਆਂ ਖਬਰਾਂ ਪੜ੍ਹੀਆਂ ਹੋਣਗੀਆਂ। ਇਸ ਲਈ ਮੈਂ ਇਸਦੀ ਪਰਿਭਾਸ਼ਾ ਦੀ ਜ਼ਰੂਰਤ ਨਹੀ ਸਮਝਦਾ। ਕਿਰਪਾਨ ਸਿੱਖਾਂ ਦੇ ਕਕਾਰਾਂ ਵਿਚ ਵੀ ਸ਼ਾਮਿਲ ਹੈ, 'ਕੱਛ ਕਿਰਪਾਨ ਨ ਕਬਹੂ ਤਿਆਗੈ, ਸਰਮੁਖ ਲਰੈ ਨ ਰਣ ਤੇ ਭਾਗੈ'- ਪ੍ਰਸ਼ਨੋਤਰ ਭਾਈ ਨੰਦ ਲਾਲ... 'ਸ਼ਸਤ੍ਰਨਾਮਮਾਲਾ' ਵਿਚ ਦਰਜ ਹੈ:

ਅਸਿ ਕਿਰਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ
ਸੈਫ ਸਿਰੋਹੀ ਸੈਹਥੀ ਯਹੈ ਹਮਾਰੇ ਪੀਰ
ਤੀਰ ਤੁਹੀ ਸੈਥੀ ਤੁਹੀ ਤੁਹੀ ਤਬਰ ਤਰਵਾਰ
ਨਾਮ ਤਹਾਰੋ ਜੋ ਜਪੈ ਭਏ ਸਿੰਧ ਭਵ ਪਾਰ

ਕਕਾਰ ਵਜੋਂ ਕਿਰਪਾਨ ਵਾਰ ਕਰਨ ਜੋਗੇ ਸਾਈਜ਼ ਦੀ ਹੋਣੀ ਚਾਹੀਦੀ ਹੈ ਜਾਂ ਚਿੰਨ੍ਹਮਾਤਰ ਹੀ, ਇਸ ਮੁੱਦੇ ਸਬੰਧੀ ਸਿੱਖ ਵਿਦਵਾਨਾਂ ਤੇ ਨੇਤਾਵਾਂ ਵਿਚ ਚੋਖੇ ਮਤਭੇਦ ਦੇਖਣ ਨੂੰ ਮਿਲਦੇ ਹਨ। ਭਾਰਤ ਸਿੱਖਾਂ ਦਾ ਮੂਲ ਸਥਾਨ ਹੋਣ ਕਾਰਨ ਏਥੇ ਸਿੱਖਾਂ ਨੂੰ ਕਕਾਰ ਵਜੋਂ ਕਿਰਪਾਨ ਪਹਿਨਣ ਤੇ ਕੋਈ ਦਿੱਕਤ ਨਹੀਂ ਭਾਵੇਂ 'ਮਹਾਨ ਕੋਸ਼' ਵਿਚ ਇਸ ਦੀ ਕੀਤੀ ਨਿਰੁਕਤਕ ਵਿਆਖਿਆ ਦਿਲ ਨੂੰ ਕੰਬਾ ਦੇਣ ਵਾਲੀ ਹੈ, 'ਜੋ ਕ੍ਰਿਪਾ ਨੂੰ ਫੈਂਕ ਦੇਵੇ। ਜਿਸਦੇ ਚਲਾਉਣ ਵੇਲੇ ਰਹਮ ਨਾ ਆਵੇ।' ਉਂਜ ਇਹ ਵਿਆਖਿਆ ਭਾਈ ਕਾਹਨ ਸਿੰਘ ਦੀ ਵੀ ਆਪਣੀ ਨਹੀਂ ਬਲਕਿ ਆਪਟੇ ਦੇ ਸੰਸਕ੍ਰਿਤ-ਅੰਗਰੇਜ਼ੀ ਕੋਸ਼ ਤੋਂ ਹੀ ਉਧਾਰੀ ਲਈ ਗਈ ਹੈ ਜੋ ਮੁਢਲੇ ਤੌਰ ਤੇ ਤਾਰਾਨਾਥ ਭੱਟਾਚਾਰੀਆ ਦੇ ਸੰਸਕ੍ਰਿਤ ਕੋਸ਼ 'ਵਾਚਸਪਤਿਯਮ 'ਵਿਚ ਮਿਲਦੀ ਹੈ। ਇਸ ਕੋਸ਼ ਅਨੁਸਾਰ ਕਿਰਪਾਨ ਹੁੰਦੀ ਹੈ, 'ਕ੍ਰਿਪਾਂ ਨਦੁਤਿ'। ਇਸ ਵਿਚ ਕ੍ਰਿਪਾ ਦਾ ਅਰਥ ਦਇਆ ਅਤੇ ਨਦੁਤਿ ਦਾ ਅਰਥ ਧੱਕਣਾ, ਫੈਂਕਣਾ ਆਦਿ ਹੈ। ਸੋ ਕਿਰਪਾਣ = ਕਿਰਪਾ +ਨਦੁਤਿ ਵਿਚ 'ਨਦੁਤਿ' ਕਈ ਧੁਨੀਆਤਮਕ ਪਰਕਿਰਿਆਵਾਂ ਵਿਚੋਂ ਗੁਜ਼ਰਦੀ ਹੋਈ ਸੰਕੁਚਤ ਹੋਕੇ ਕੇਵਲ 'ਣ' ਰਹਿ ਗਈ ਜੋ ਪੰਜਾਬੀ ਵਿਚ 'ਨ' ਹੋ ਗਈ। ਹਾਲਾਂਕਿ ਆਧੁਨਿਕ ਖੋਜ ਅਨੁਸਾਰ ਕਿਰਪਾਨ ਦੀ ਇਸ ਵਿਉਤਪਤੀ ਤੇ ਵੀ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ, ਫਿਰ ਵੀ ਇਸ ਅਨੁਸਾਰ ਜੋ 'ਕ੍ਰਿਪਾ ਨੂੰ ਫੈਂਕ ਦੇਵੇ' ਵਾਲੇ ਮੂਲ ਅਰਥ ਕਰੂਰ ਜਾਪਣ ਦੇ ਬਾਵਜੂਦ ਹੁਣ ਤੱਕ ਪਰਵਾਨ ਕੀਤੇ ਜਾਂਦੇ ਰਹੇ ਹਨ।

ਐਪਰ ਜਦ ਸਿੱਖ ਦੂਸਰੇ ਦੇਸ਼ਾਂ ਵਿਚ ਵਸਣ ਲੱਗੇ ਤਾਂ ਉਨਾਂ ਨੂੰ ਕਿਰਪਾਨ ਪਹਿਨਣ ਵਿਚ ਔਖਿਆਈ ਪੇਸ਼ ਆਈ ਕਿਉਂਕਿ ਇਨ੍ਹਾਂ ਦੇਸਾਂ ਦੇ ਕਨੂੰਨਾਂ ਅਨੁਸਾਰ ਚਿੰਨ੍ਹਾਤਮਕ ਆਕਾਰ ਜਿੰਨੀ ਕਿਰਪਾਨ ਵੀ ਇਕ ਹਥਿਆਰ ਸਮਝੀ ਜਾਂਦੀ ਹੈ। ਇਸ ਗੱਲ ਵਿਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਜਿਸ ਚੀਜ਼ ਵਿਚ ਕੋਈ ਤਿੱਖਾ ਫਾਲਾ ਫਸਿਆ ਹੋਵੇ ਉਸ ਨਾਲ ਹਿੰਸਾ ਅਵੱਸ਼ ਹੋ ਸਕਦੀ ਹੈ- ਫਿਰ ਉਹ ਹਥਿਆਰ ਨਹੀਂ ਤਾਂ ਕੀ ਹੈ? ਧਰਮ ਅਨੁਸਾਰ ਭਾਵੇਂ ਉਹ ਕਿੰਨੀ ਵੀ ਪਵਿਤਰ ਹੋਵੇ ਪਰ ਉਸਦਾ ਵਾਰ ਤਾਂ ਕਾਰਗਰ ਹੋ ਸਕਦਾ ਹੈ। ਇਕ ਠਾਕਰ ਵੀ ਵਗਾਹ ਕੇ ਮਾਰਿਆ ਜਾਵੇ ਤਾਂ ਆਪਣੇ ਪਥਰੀਲੇ ਗੁਣ ਕਾਰਨ ਸਿਰ ਪਾੜ ਸਕਦਾ ਹੈ। ਸੋ ਭਾਵੇਂ ਕਿਰਪਾਨ ਨੂੰ ਰਹਿਤ ਮਰਿਆਦਾ ਦੀ ਧਾਰਮਿਕ ਆਜ਼ਾਦੀ ਨਾਲ ਜੋੜਿਆ ਜਾਵੇ ਪਰ ਪਰਾਏ ਦੇਸ਼ਾਂ ਦੇ ਲੋਕਾਂ ਨੂੰ ਇਹ ਗੱਲ ਬੇਥਵੀ ਜਿਹੀ ਲਗਦੀ ਹੈ। ਸੀਬੀਸੀ ਦੇ ਇਕ ਸਰਵੇ ਅਨੁਸਾਰ ੮੦% ਕੈਨੇਡੀਅਨ ਕਿਰਪਾਨ ਨੂੰ ਇਕ ਹਥਿਆਰ ਸਮਝਦੇ ਹਨ। ਪਛਮੀ ਦੇਸ਼ਾਂ, ਖਾਸ ਤੌਰ ਤੇ ਕੈਨੇਡਾ, ਅਮਰੀਕਾ, ਯੂਕੇ,



ਡੈਨਮਾਰਕ ਆਦਿ ਵਿਚ ਸਿੱਖਾਂ ਨੇ ਕਾਨੂੰਨੀ ਲੜਾਈ ਲੜਕੇ ਛੋਟੀ ਕਿਰਪਾਨ ਧਾਰਨ ਕਰਨ ਦਾ ਹੱਕ ਪ੍ਰਾਪਤ ਕਰ ਲਿਆ ਹੈ ਭਾਵੇਂ ਕਈ ਥਾਵਾਂ ਤੇ ਇਹ ਸੀਲਬੰਦ ਹੀ ਹੁੰਦੀ ਹੈ ਤੇ ਇਸ ਤਰਾਂ ਇਹ ਚਿੰਨ੍ਹ ਦਾ ਵੀ ਚਿੰਨ੍ਹ ਬਣ ਜਾਂਦੀ ਹੈ! ਸਿੱਖ ਨੇਤਾਵਾਂ ਨੇ ਅਜੇਹਾ ਹੱਕ ਪ੍ਰਾਪਤ ਕਰਨ ਲਈ ਕਾਹਨ ਸਿੰਘ ਤੇ ਹੋਰ ਕੋਸ਼ਕਾਰਾਂ ਵੱਲੋਂ ਦਿੱਤੀ ਇਸਦੀ ਵਿਆਖਿਆ ਦੀ ਪਰਵਾਹ ਨਹੀਂ ਕੀਤੀ, ਬਲਕਿ ਇਸਨੂੰ ਮੂਧੇ ਮੂੰਹ ਕਰ ਦਿੱਤਾ। ਇਨ੍ਹਾਂ ਨੇਤਾਵਾਂ/ ਵਿਦਵਾਨਾਂ ਨੇ 'ਜਿਸਦੇ ਚਲਾਉਣ ਨਾਲ ਰਹਮ ਨਹੀਂ ਆਉਂਦਾ' ਵਾਲੀ ਕਿਰਪਾਨ ਦੀ ਸਿਫਤ ਨੂੰ ਬਦਲਕੇ ਆਪਣੀ ਮਨਇੱਛਤ ਸਿਫਤ ਭਰ ਦਿੱਤੀ ਅਰਥਾਤ ਜਿਸਨੂੰ ਚਲਾਉਣ ਦਾ ਮਕਸਦ ਰਹਮ ਕਰਨਾ ਹੈ! ਪੂਰੀ ਵਿਆਖਿਆ ਵਿਚ ਉਨ੍ਹਾਂ ਕਿਰਪਾਨ ਦੇ ਅੰਤ 'ਤੇ ਆਉਂਦੇ 'ਆਨ' ਅੰਸ਼ ਨੂੰ ਇੱਜ਼ਤ, ਅਣਖ ਦੇ ਅਰਥਾਂ ਵਾਲਾ 'ਆਨ' ਸ਼ਬਦ ਦਰਸਾ ਕੇ ਕਿਰਪਾਨ ਦੇ ਮਨ ਭਾਉਂਦੇ ਤੇ ਸਿਧੀਪੂਰਕ ਅਰਥਾਂ ਨੂੰ ਮੰਨਣਯੋਗ ਬਣਾ ਦਿੱਤਾ। ਕਿਰਪਾਨ ਦੀ ਅਜੇਹੀ ਵਿਆਖਿਆ ਅੱਜ ਧੂਮ ਧੜੱਕੇ ਨਾਲ ਫੈਲਾਈ ਜਾ ਰਹੀ ਹੈ। ਸਿੱਖ ਕੁਲੀਸ਼ਨ, ਸਿਖੀਵਿਕੀ ਤੇ ਹੋਰ ਕਕਾਰਾਂ ਸਬੰਧੀ ਤਮਾਮ ਲਿਖਤਾਂ ਵਿਚੋਂ ਕੋਈ ਚੁੱਕ ਲਵੋ, ਕਿਰਪਾਨ ਦਾ ਲੱਗ ਭਗ ਏਹੀ ਅਰਥ ਮਿਲੇਗਾ। ਹਰਜਿੰਦਰ ਸਿੰਘ ਦਿਲਗੀਰ ਅਨੁਸਾਰ, "ਕਿਰਪਾਨ ਦੋ ਲਫ਼ਜ਼ਾਂ ਦੇ ਸੁਮੇਲ ਤੋਂ ਬਣਿਆ ਹੈ ਕਿਰਪਾ (ਦਇਆ) ਅਤੇ ਆਨ ( ਸ਼ਾਨ, ਗ਼ੈਰਤ, ਇਜ਼ਤ); ਇਸ ਤਰਾਂ ਸਿੱਖਾਂ ਦੀ ਕ੍ਰਿਪਾਨ ਦਾ ਮਾਅਨਾ ਹੈ : ਬੰਦੇ ਦੇ ਸਨਮਾਨ ਇਜ਼ਤ ਦੀ ਰੱਖਿਆ ਕਰਨ ਵਾਲੀ।....ਕਿਰਪਾਨ ਹਮੇਸ਼ਾ ਦਇਆ (ਕਿਰਪਾ) ਵਿਚ ਲਬਰੇਜ਼ ਰਹਿਣੀ ਚਾਹੀਦੀ ਹੈ ਤੇ ਆਪਣੀ ਤੇ ਦੂਜਿਆਂ ਦੀ ਆਨ, ਇਜ਼ਤ ਨੂੰ ਬਚਾਉਣ ਵਾਸਤੇ ਵਰਤੀ ਜਾਣੀ ਚਾਹੀਦੀ ਹੈ ਨਾ ਕਿ ਕਿਸੇ ਜੁਰਮ ਕਰਨ ਦੇ ਹਥਿਆਰ ਵਜੋਂ....।" 'ਸਿੱਖ ਕੁਲੀਸ਼ਨ' ਅਨੁਸਾਰ," KIRPA+ AAN, kirpa means an act of kindness, a favor, and 'aan' means honor, respect, self-respect. " ਅੱਗੇ ਇਸਦੀ ਵਿਆਖਿਆ ਹੈ," To call it a dagger or knife is insulting to this article of faith which functions quite differently from the other two." ਕਿਰਪਾਨ ਪਹਿਨਣ ਦਾ ਹੱਕ ਲੈਣ ਲਈ ਇਹ ਮਨਘੜੰਤ ਪਰਿਭਾਸ਼ਾ ਹੀ ਕੋਰਟਾਂ ਜਾਂ ਹੋਰ ਸਰਕਾਰੀ ਅਦਾਰਿਆਂ ਅੱਗੇ ਪੇਸ਼ ਕੀਤੀ ਜਾਂਦੀ ਹੈ। ਫਿਰ ਕੀ ਹੋਇਆ, ਧਰਮ ਦੀ ਖਾਤਿਰ ਸਭ ਝੂਠ-ਸੱਚ ਚਲ ਸਕਦਾ ਹੈ, ਨਾਲੇ ਕੇਸ ਜਿੱਤਣ ਲਈ ਵਕੀਲੀ ਨੁਕਤੇ ਵਜੋਂ ਕੁਝ ਵੀ ਪੇਸ਼ ਕੀਤਾ ਜਾ ਸਕਦਾ ਹੈ। ਕਹਾਵਤ ਹੈ, ਖਾਲਸਾ ਖੜਾ ਹੀ ਇਤਿਹਾਸ ਘੜ ਲੈਂਦਾ ਹੈ, ਅੱਜ ਕਲ੍ਹ ਸ਼ਬਦਾਂ ਦੇ ਮਨਇੱਛਤ ਅਰਥ ਖੜੇ ਪੈਰ ਘੜ ਲਏ ਜਾਂਦੇ ਹਨ ਤੇ ਫਿਰ ਇਨ੍ਹਾਂ ਨੂੰ ਧਿੰਗੋਜ਼ੋਰੀ ਪੁਗਾਇਆ ਜਾਂਦਾ ਹੈ। ਅਜੇਹੇ ਜਤਨ ਵਿਚ ਸ਼ਬਦਾਂ ਦੇ ਇਤਿਹਾਸਿਕ ਪੱਖ ਤੇ ਭਾਸ਼ਾਵਿਗਿਆਨਕ ਨਿਯਮਾਂ ਨੂੰ ਪੂਰੀ ਤਰਾਂ ਛਿੱਕੇ ਟੰਗ ਦਿੱਤਾ ਜਾਂਦਾ ਹੈ ਜਾਂ ਸ਼ਾਇਦ ਪਤਾ ਹੀ ਨਹੀਂ ਹੁੰਦਾ। ਸ਼ਬਦ ਆਪਮੁਹਾਰੇ ਤੇ ਚਾਣਚਕ ਨਹੀਂ ਉਗਦੇ, ਉਨ੍ਹਾਂ ਦਾ ਅਰਥਾਪਣ ਕਾਵਿਕ ਮੌਜ ਨਾਲ ਨਹੀਂ ਹੋ ਸਕਦਾ। ਹਰ ਸ਼ਬਦ ਦਾ ਆਪਣਾ ਇਤਿਹਾਸ ਹੁੰਦਾ ਹੈ, ਉਹ ਕਈ ਮੋੜ-ਘੋੜਾਂ ਵਿਚੋਂ ਗੁਜ਼ਰਦਾ ਹੈ, ਉਸਦੇ ਅਰਥਾਂ ਦੀ ਵਿਆਖਿਆ ਇਤਿਹਾਸਕ ਤੇ ਭਾਸ਼ਾਵਿਗਿਆਨਕ ਨਿਯਮਾਂ ਅਨੁਸਾਰ ਪਰਮਾਣਤ ਕਰਨੀ ਪੈਂਦੀ ਹੈ। ਇਸ ਤੱਥ ਵਿਚ ਕੋਈ ਕਿੰਤੂ ਨਹੀਂ ਕਿ ਸਿੱਖ ਧਰਮ ਵਿਚ ਕਿਰਪਾਨ ਦੀ ਵਰਤੋਂ ਹੱਕ ਇਨਸਾਫ਼ ਲਈ ਕਰਨ ਦਾ ਹੀ ਵਿਧਾਨ ਹੈ ਪਰ ਕਿਰਪਾਨ ਸ਼ਬਦ ਵਿਚੋਂ ਵੀ ਅਜੇਹੇ ਅਰਥ ਖੋਜਣੇ ਵਿਦਵਤਾ ਦਾ ਦਿਵਾਲਾ ਕਢਣਾ ਹੈ।

ਮੈਨੂੰ ਉਪਰ ਕਥਿਤ ਵਿਦਵਾਨਾਂ ਦੀ ਤਾਂ ਕੀ, ਕਾਹਨ ਸਿੰਘ ਤੇ ਸੰਸਕ੍ਰਿਤਵੇਤਾਵਾਂ ਵੱਲੋਂ ਕੀਤੀ ਕਿਰਪਾਨ ਸ਼ਬਦ ਦੀ ਵਿਉਤਪਤੀ ਵੀ ਕਦੇ ਸੰਤੋਖ਼ਜਨਕ ਨਹੀਂ ਲੱਗੀ। ਪਰ ਫਿਰ ਵੀ ਮੈਨੂੰ ਉਨ੍ਹਾਂ ਦੀ ਇਮਾਨਦਾਰੀ ਤੇ ਸ਼ੱਕ ਨਹੀਂ ਕਿਉਂਕਿ ਉਹ ਇਕ ਰਵਾਇਤ ਅਨੁਸਾਰ ਹੀ ਇਸਨੂੰ ਪ੍ਰਸਤੁਤ ਕਰ ਰਹੇ ਸਨ। ਨਿਰੁਕਤੀ ਵਿਚ ਪਰਮਾਣ ਨਾ ਹੋਣ ਤਾਂ ਰਵਾਇਤ ਸਵੀਕਾਰੀ ਜਾਂਦੀ ਹੈ। ਮੈਂ ਆਸੇ ਪਾਸੇ ਦੇ ਕੁਝ ਹੋਰ ਸਰੋਤ ਫਰੋਲੇ ਤਾਂ ਕਹਾਣੀ ਹੋਰ ਹੀ ਨਿਕਲੀ। ਸਪਸ਼ਟ ਹੈ, ਕਾਹਨ ਸਿੰਘ ਵੇਲੇ ਇਹ ਸਰੋਤ ਸਾਹਵੇਂ ਨਹੀਂ ਸਨ ਤੇ

ਨਾ ਹੀ ਹਿੰਦ-ਯੂਰਪੀ ਭਾਸ਼ਾਵਾਂ ਦੀ ਸਾਂਝ ਵਾਲੀ ਗੱਲ ਅਜੇ ਆਮਫਹਿਮ ਹੋਈ ਸੀ। ਅੱਜ ਕਿਰਪਾਨ ਸ਼ਬਦ ਨੂੰ ਇਕ ਵਿਆਪਕ ਭਾਰੋਪੀ ਮੂਲ ਨਾਲ ਜੋੜਕੇ ਸਮਝਿਆ ਜਾ ਰਿਹਾ ਹੈ ਜਿਸ ਦੇ ਸੁਜਾਤੀ ਸ਼ਬਦ ਲਾਤੀਨੀ, ਗਰੀਕ, ਫਾਰਸੀ, ਲਿਥੂਐਨੀਅਨ ਵਿਚ ਪ੍ਰਾਪਤ ਹਨ। ਤੁਹਾਨੂੰ ਇਹ ਜਾਣਕੇ ਹੈਰਾਨੀ ਹੋਵੇਗੀ ਕਿ ਇਸ ਨਿਰੁਕਤੀ ਅਨੁਸਾਰ ਵਾਢੀ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ ਹਾਰਵੈਸਟ(harvest) ਕਿਰਪਾਨ ਦਾ ਸਕਾ-ਸੋਹਦਰਾ ਹੈ। ਧਿਆਨ ਦਿਉ, ਵਾਢੀ ਤੇ ਕਿਰਪਾਨ ਵਿਚ ਕੱਟਣ-ਵੱਢਣ ਦੇ ਭਾਵ ਸਾਂਝੇ ਹਨ। ਫਾਰਸੀ ਵੱਲੋਂ ਆਏ ਫਸਲ ਸ਼ਬਦ ਵਿਚ ਵੀ ਵੱਢਣ ਦਾ ਭਾਵ ਹੀ ਹੁੰਦਾ ਹੈ। ਵਿਦਵਾਨਾਂ ਨੇ ਇਸਦਾ ਭਾਰੋਪੀ ਮੂਲ 'ਕਰਪ' (kerp) ਤੇ ਇਸਦਾ ਅਰਥ 'ਇਕੱਠਾ ਕਰਨਾ, ਸਾਂਭਣਾ, ਤੋੜਨਾ, ਵਢਣਾ' ਸਥਾਪਤ ਕੀਤੇ ਹਨ। ਜਦ ਕੋਈ ਫਸਲ ਜਾਂ ਫਲ ਪੱਕ ਕੇ ਤਿਆਰ ਹੋ ਜਾਂਦੇ ਹਨ ਤਾਂ ਇਹ ਸਾਰੀਆਂ ਕਿਰਿਆਵਾਂ ਕੀਤੀਆਂ ਜਾਂਦੀਆਂ ਹਨ ਅਰਥਾਤ ਦਰਖਤ ਤੋਂ ਡਿੱਗੇ ਹੋਏ ਫਲ ਆਦਿ ਨੂੰ ਇਕੱਠਾ ਕਰਨਾ ਜਾਂ ਤੋੜਨਾ ਤੇ ਹੋਰ ਫਸਲਾਂ ਨੂੰ ਵਢਣਾ। ਅੰਗਰੇਜ਼ੀ ਸ਼ਬਦ harvest ਦਾ ਪੁਰਾਣੀ ਅੰਗਰੇਜ਼ੀ ਵਿਚ ਰੂਪ ਸੀ gaerfest ਤੇ ਇਸਦਾ ਅਰਥ ਵੀ ਪੱਤਝੜ ਸੀ। ਇਸ ਰੁੱਤ ਵਿਚ ਹੀ ਫਲ ਤਿਆਰ ਹੁੰਦੇ ਹਨ। ਹੋਰ ਜਰਮੈਨਿਕ ਭਾਸਾਵਾਂ ਵਿਚ ਵੀ ਇਸ ਨਾਲ ਮਿਲਦੇ ਜੁਲਦੇ ਸ਼ਬਦਾਂ ਦੇ ਅਰਥ ਪਤਝੜ ਹੀ ਹੈ। ਗਰੀਕ ਵਿਚ ਇਸ ਦੇ ਸੁਜਾਤੀ ਸ਼ਬਦ karpos ਦਾ ਅਰਥ ਹੀ ਫਲ ਅਰਥਾਤ 'ਜੋ ਤੋੜਿਆ ਗਿਆ' ਹੈ ਤੇ karpizomai ਦਾ ਅਰਥ ਵਾਢੀ ਕਰਨਾ ਹੈ। ਲਾਤੀਨੀ carpere ਦਾ ਅਰਥ ਕੱਟਣਾ, ਵੰਡਣਾ, ਤੋੜਨਾ ਹੈ। ਅੰਗਰੇਜ਼ੀ ਸ਼ਬਦ excerpt ਅਰਥਾਤ ਕਿਸੇ ਲਿਖਤ ਵਿਚੋਂ 'ਕੱਟਕੇ' ਪੇਸ਼ ਕੀਤਾ ਹਵਾਲਾ, ਟੂਕ, ਲਾਤੀਨੀ excerpere ਤੋਂ ਬਣਿਆ ਹੈ, ਵਿਚ carpere ਸ਼ਬਦ ਸਪਸ਼ਟ ਝਲਕਦਾ ਹੈ। ਕਾਰਪੇਟ carpet ਸ਼ਬਦ ਵਿਚ ਵੀ ਏਹੋ ਮੂਲਕ ਕੰਮ ਕਰ ਰਿਹਾ ਹੈ ਕਿਉਂਕਿ ਇਸਦਾ ਕਪੜਾ ਤੁੰਬ ਜਾਂ ਤੋੜਕੇ ਬਣਾਇਆ ਜਾਂਦਾ ਹੈ। scarce (ਘਟ) ਵਿਚ ਵੀ ਤੋੜਨ ਦਾ ਭਾਵ ਕੰਮ ਕਰ ਰਿਹਾ ਹੈ। ਲਿਥੂਐਨੀਅਨ kerpu ਤੇ ਮਧ-ਆਇਰਿਸ਼ cerbaim ਦਾ ਅਰਥ ਕੱਟਣਾ ਹੁੰਦਾ ਹੈ। ਲਾਤਵੀਅਨ ਵਿਚ ਕਿਰਪ ਦਾ ਅਰਥ ਦਾਤੀ ਹੁੰਦਾ ਹੈ। ਅੰਗਰੇਜ਼ੀ ਹਾਰਵੈਸਟ ਦਾ ਪਹਿਲਾਂ ਅਰਥ ਫਸਲਾਂ ਸਾਂਭਣ ਦਾ ਵੇਲਾ ਹੁੰਦਾ ਸੀ ਪਰ ਚੌਧਵੀਂ ਸਦੀ ਵਿਚ ਇਸਦਾ ਅਰਥ ਫਸਲਾਂ ਸਾਂਭਣਾ ਹੋ ਗਿਆ ਅਰਥਾਤ ਪੂਰੀ ਵਾਢੀ ਦੇ ਭਾਵ ਆ ਗਏ।

ਪੰਜਾਬੀ ਵਿਚ 'ਕੱਪ' ਸ਼ਬਦ ਹੁੰਦਾ ਹੈ ਜਿਸਦਾ ਭਾਵ ਵੱਢਣਾ ਹੁੰਦਾ ਹੈ। ਇਹ ਇਸੇ ਮੂਲ ਨਾਲ ਜੁੜਿਆ ਲਗਦਾ ਹੈ। ਜਿਵੇਂ ਸਰਪ ਤੋਂ ਸੱਪ ਤਿਵੇਂ ਕਰਪ ਤੋਂ ਕੱਪ। ਸ਼ੇਖ ਫਰੀਦ ਨੇ ਇਹ ਸ਼ਬਦ ਦੋ ਸਲੋਕਾਂ ਵਿਚ ਵਰਤਿਆ ਹੈ, 'ਜੋ ਸਿਰ ਸਾਂਈ ਨਾ ਨਿਵੈ ਸੋ ਸਿਰ ਕਪਿ ਉਤਾਰਿ'- ਜੋ ਸਿਰ ਪਰਮਾਤਮਾ ਅੱਗੇ ਨਹੀਂ ਝੁਕਦੇ ਉਹ ਕੱਟ ਦੇਹ।... ਅਤੇ 'ਫਰੀਦਾ ਜਿ ਦਿਹਿ ਨਾਲਾ ਕਪਿਆ ਜੇ ਗਲੁ ਕਪਹਿ ਚੁਖ'- ਜਿਸ ਦਿਨ ਮੇਰਾ ਨਾੜੂਆ ਕੱਟਿਆ ਗਿਆ ਸੀ ਜੇ ਉਸ ਦਿਨ ਮੇਰਾ ਗਲਾ ਵੀ ਕੱਟ ਦਿੱਤਾ ਜਾਂਦਾ। ਪੰਜਾਬ ਵਿਚ ਇਕ ਸਿਰਕੱਪ ਰਾਜਾ ਦੀ ਦੰਦ ਕਥਾ ਮਸ਼ਹੂਰ ਹੈ ਜੋ ਭਗਤ ਪੂਰਨ ਨਾਲ ਜੁੜੀ ਹੋਈ ਹੈ। ਉਸਦਾ ਸਿਰਕੱਪ ਨਾਂ ਇਸ ਲਈ ਪਿਆ ਕਿਉਂਕਿ ਉਹ ਜੂਏ ਦੀ ਖੇਡ ਵਿਚ ਹਰ ਹਾਰਨ ਵਾਲੇ ਦਾ ਸਿਰ ਕੱਟ ਦੇਂਦਾ ਸੀ। ਪਾਕਿਸਤਾਨ ਵਿਚ ਇਕ ਸਿਰਕੱਪ ਨਾਮ ਦੀ ਜਗਹ ਹੈ। ਸੰਸਕ੍ਰਿਤ ਕਿਰਪਾਣ ਰਾਹੀਂ ਪੰਜਾਬੀ ਕਿਰਪਾਨ ਦੀ ਭਾਰੋਪੀ ਮੂਲ ਨਾਲ ਵਿਆਖਿਆ ਵਧੇਰੇ ਤਾਰਕਿਕ ਲਗਦੀ ਹੈ ਨਾਲੇ ਸੰਸਕ੍ਰਿਤ ਵਿਚ ਕਿਰਪਾਣੀ ਸ਼ਬਦ ਵੀ ਹੈ ਜਿਸ ਦਾ ਅਰਥ ਕਤਰਨੀ ਜਾਂ ਕਰਦ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਕਾਸ਼ਤ ਪੰਜਾਬੀ ਦੇ ਮੰਨੇ-ਪ੍ਰਮੰਨੇ ਨਿਰੁਕਤਕਾਰ ਜੀ. ਐਸ. ਰਿਆਲ ਦੀ ਸੰਪਾਦਨਾ ਅਧੀਨ ਛਪੇ 'ਪੰਜਾਬੀ ਭਾਸ਼ਾ ਦਾ ਨਿਰੁਕਤ ਕੋਸ਼' ਦੇ ਪੰਨਾ 194 ਅਧੀਨ 'ਕਿਰਪਾਨ' ਇੰਦਰਾਜ ਦੀ ਇਹੋ ਵਿਆਖਿਆ ਮੇਰੇ ਨੁਕਤੇ ਦੀ ਭਰਪੂਰ ਪੁਸ਼ਟੀ ਕਰਦੀ ਹੈ।

**[8345, Opal Drive, Westland, MI48185, USA]**



# ਭਾਵੇਂ ਕੱਟੀਏ ਪੋਰੀਆਂ-ਪੋਰੀਆਂ

## ਨੀਰੂ ਅਸੀਮ

ਬੁਲਾਵੇ 'ਤੇ ਮੈਂ ਉੱਥੇ ਹਾਂ। ਪੰਜਾਬੀ ਦੇ ਕੁਝ ਕਵੀ, ਬਾਣੀ ਦੇ ਪ੍ਰਚਾਰਕ ਇਕ ਸਵਾਮੀ ਜੀ ਤੇ ਮੈਂ।

ਮਹਿਲਨੁਮਾ ਘਰ ਦੇ ਸੁਆਗਤ ਕਮਰੇ 'ਚ। ਇਕ ਸੱਜਣ ਹੋਰ ਵੀ ਨੇ। ਕੁੱਲ ਅੱਠ ਜਣੇ, ਮੇਰੇ ਸਮੇਤ। ਉਡੀਕਵਾਨ।

ਅਸੀਂ ਸਾਰੇ ਤਿੰਨ ਪਾਸੀਂ ਲੱਗੇ ਸੋਫਿਆਂ 'ਤੇ ਬੈਠੇ ਹਾਂ। ਸੋਫਿਆਂ ਦੀ ਦਿੱਖ ਮਹਾਰਾਜਾ ਸਟਾਈਲ ਹੈ। ਮੈਨੂੰ ਆਰਾਮ ਨਾਲ ਬੈਠਣ ਲਈ ਮਸ਼ੱਕਤ ਕਰਨੀ ਪੈ ਰਹੀ ਹੈ। ਮੇਰਾ ਤੇ ਸੋਫਿਆਂ ਦਾ ਮੇਚ ਬਰ ਨਹੀਂ। ਪਿੱਛੇ ਢਾਸਣਾ ਲਾਉਂਦੀ ਹਾਂ ਤਾਂ ਪੈਰ ਜ਼ਮੀਨ 'ਤੇ ਨਹੀਂ ਰਹਿੰਦੇ। ਪੈਰ ਜ਼ਮੀਨ 'ਤੇ ਰੱਖਾਂ ਤਾਂ ਅੱਗੇ ਸਰਕ ਕੇ ਬੈਠਣਾ ਪੈਂਦੈ। ਮੈਂ ਜਿਵੇਂ ਕਿਵੇਂ ਜੁਗਾੜ ਬਿਠਾਇਐ। ਸਾਰਿਆਂ ਵੱਖ ਦੇਖਦੀ ਹਾਂ, ਸਾਰੇ ਆਰਾਮ 'ਚ ਦਿਸਦੇ ਨੇ। ਮੈਂ ਸੋਚਦੀ ਹਾਂ, ਦਿਸ ਤਾਂ ਮੈਂ ਵੀ ਆਰਾਮ 'ਚ ਰਹੀ ਹੋਵਾਂਗੀ।

ਖ਼ੈਰ! ਮੈਨੂੰ ਸਿਰਫ ਬੈਠਣ ਦੀ ਹੀ ਬੇਆਰਾਮੀ ਹੈ।

ਉਹ ਜਿਹੜੇ ਇਕ ਹੋਰ ਸੱਜਣ ਨੇ, ਮੈਂ ਉਹਨਾਂ ਦੇ ਖੱਬੇ ਹੱਥ ਬੈਠੀ ਹਾਂ। ਸਵਾਮੀ ਜੀ ਆ ਗਏ ਨੇ। ਇਹਨਾਂ ਸੱਜਣ ਤੋਂ ਸ਼ੁਰੂ ਕਰ ਕੇ ਸੱਜੇ ਪਾਸਿਉਂ ਚੱਲਦੇ-ਚੱਲਦੇ ਉਹ ਬੜੇ ਹੀ ਅਪਣੱਤ ਤੇ ਨਿੱਘ ਨਾਲ ਕੱਲੇ-ਕੱਲੇ ਨਾਲ ਹੱਥ ਮਿਲਾ ਰਹੇ ਨੇ। ਸਾਰਿਆਂ ਨੂੰ ਜੀਅ ਆਇਆਂ ਆਖ ਰਹੇ ਨੇ। ਅਸੀਂ ਸਾਰੇ ਖੜ੍ਹੇ ਹਾਂ, ਉਹਨਾਂ ਦੀ ਹਜ਼ੂਰੀ 'ਚ। ਉਹਨਾਂ ਦੇ ਮਿਲਣ ਕ੍ਰਮ ਵਿਚ ਮੇਰਾ ਨੰਬਰ ਆਖ਼ਿਰ 'ਤੇ ਆਏਗਾ।

ਨਵਤੇਜ ਭਾਰਤੀ, ਮਿੰਦਰ, ਗੁਰਦੇਵ ਚੌਹਾਨ, ਸੁਖਪਾਲ, ਸ਼ਮਸ਼ੇਰ ਢਪਾਲੀ, ਹਰਮਿੰਦਰ ਢਿੱਲੋਂ ਤੇ ਮੈਂ

ਸਵਾਮੀ ਜੀ ਨਾਲ ਗਿਆਨ, ਧਿਆਨ ਦੀਆਂ ਗੱਲਾਂ ਤਾਂ ਹੋਣਗੀਆਂ ਹੀ। ਉਹ ਜ਼ਿੰਦਗੀ ਦੇ ਵਲ-ਫੇਰ ਨੂੰ ਕਿਵੇਂ ਵੇਖਦੇ ਤੇ ਸਮਝਦੇ ਹਨ, ਮੈਂ ਜਾਣਨ ਦੀ ਇੱਛਾ ਨਾਲ ਆਈ ਹਾਂ।

ਭਾਰਤੀ ਜੀ ਨੇ ਸੱਦਾ ਦੇਣ ਵੇਲੇ ਦੱਸਿਆ ਸੀ ਕਿ ਸਵਾਮੀ ਜੀ ਕਵਿਤਾ ਸੁਣਨ ਦੇ ਸ਼ੌਕੀਨ ਨੇ। ਤੇ ਰਸਤੇ 'ਚ ਸ਼ਮਸ਼ੇਰ ਨੇ ਕਿਹਾ ਸੀ, "ਜਿਵੇਂ ਰਾਜੇ-ਮਹਾਰਾਜੇ ਮੁਜਰਾ ਕਰਵਾਇਆ ਕਰਦੇ ਸਨ।"

ਅਜੇ ਕੁਝ ਦਿਨ ਪਹਿਲਾਂ ਹੀ ਮੈਂ ਭਾਰਤੀ ਜੀ ਨੂੰ ਕਹਿ ਰਹੀ ਸੀ ਕਿ ਮੈਂ ਸਿੱਖੀਜ਼ਮ ਬਾਰੇ ਵਿਸਤਾਰ ਨਾਲ ਜਾਣਨਾ ਚਾਹੁੰਦੀ ਹਾਂ। ਕਿਸ ਤਰ੍ਹਾਂ ਦੀ ਅਵਸਥਾ ਦਾ ਬਿਆਨ ਹੈ ਤੇ ਪ੍ਰਾਪਤੀ ਦਾ ਕੀ ਤਰੀਕਾ ਦੱਸਿਆ ਹੋਇਆ ਹੈ, ਆਦਿ-ਆਦਿ ਮੇਰੀ ਜਗਿਆਸਾ ਸੀ।

ਸਵਾਜੀ ਜੀ ਹੁਣ ਹਰਮਿੰਦਰ ਢਿੱਲੋਂ ਨੂੰ ਮਿਲ ਰਹੇ ਹਨ। ਕੀ ਮੈਨੂੰ ਵੀ ਏਦਾਂ ਹੀ ਨਿੱਘ ਨਾਲ ਹੱਥ ਮਿਲਾ ਕੇ ਮਿਲਣਗੇ? ਮਹਾਪੁਰਸ਼ਾਂ ਲਈ ਤਾਂ ਸਭ ਜਣ ਸਮਾਨ ਨੇ...ਮੈਂ ਅਜੇ ਸੋਚ ਹੀ ਰਹੀ ਹਾਂ ਤੇ...

ਸਵਾਜੀ ਜੀ ਢਿੱਲੋਂ ਨੂੰ ਜੀਅ ਆਇਆਂ ਆਖਦਿਆਂ ਹੀ ਇਕਦਮ ਮੁੜੇ ਨੇ ਤੇ ਚੌਥੇ ਪਾਸੇ ਡਰਹੀ ਕੁਰਸੀ 'ਤੇ ਜਾ ਬੈਠੇ ਨੇ।

ਸਾਰੇ ਬੈਠ ਗਏ ਨੇ। ਮੈਂ ਅਜੇ ਖੜ੍ਹੀ ਹਾਂ। ਲਗਦਾ ਹੈ ਸਾਰਿਆਂ 'ਚੋਂ ਹੁਣੇ ਕੋਈ ਬੋਲੇਗਾ,

"ਸਮਾਵੀ ਜੀ ਇਹ ਨੀਰੂ ਹੈ..."। ਘੱਟੋ ਘੱਟ ਉਹ ਤਾਂ ਪੱਕਾ ਜਿਹਨਾਂ ਨੇ ਮੈਨੂੰ ਏਥੇ ਸੱਦਿਐ। ਕੋਈ ਨਹੀਂ ਬੋਲਦਾ। ਸਾਰਿਆਂ ਦੇ ਬੈਠ ਜਾਣ ਤੋਂ ਅਗਲੇ ਇਕ ਮਿੰਟ ਤਕ ਵੀ ਮੈਂ ਖੜ੍ਹੀ ਰਹਿੰਦੀ ਹਾਂ। ਸਟੈਂਡ-ਅਪ ਪਰਫੌਰਮੈਂਸ। ਨਹੀਂ ਕੋਈ ਨਹੀਂ ਵੇਖ ਰਿਹਾ। ਬੈਠ ਜਾ। ਬੈਠ ਜਾਂਦੀ ਹਾਂ। ਮੈਂ ਇੱਥੇ ਹੀ ਹਾਂ ਪਰ ਆਪਣੀਆਂ ਨਜ਼ਰਾਂ 'ਚ ਹੁਣ ਉਸ ਤਰ੍ਹਾਂ ਨਹੀਂ ਜਿਵੇਂ ਸੱਦੇ 'ਚ ਮੈਂ ਆਪਣੇ ਆਪ ਨੂੰ ਮਿਥ ਕੇ ਆ ਗਈ ਹਾਂ।

ਕੀ ਕਰਾਂ?

ਨਾਲੇ ਅਜੇ ਤਾਂ ਮੈਨੂੰ ਉਹ ਹਦਾਇਤ ਵੀ ਨਹੀਂ ਪਤਾ ਜਿਹੜੀ ਵਾਪਸੀ ਵੇਲੇ ਸ਼ਮਸ਼ੇਰ ਨੇ ਦਿੱਤੀ ਸੀ ਕਿ ਇਹਨਾਂ ਛੋਟੀਆਂ ਛੋਟੀਆਂ ਗੱਲਾਂ 'ਤੇ ਧਿਆਨ ਨੀਂ ਦਈਦਾ ਹੁੰਦਾ। ਤੇ ਮੇਰੇ ਪੁੱਛਣ 'ਤੇ ਕਿ ਕੀ ਤੈਨੂੰ ਕੁਝ ਪਤਾ ਲੱਗਿਆ ਸੀ, ਉਸ ਨੇ ਜ਼ਿਆਦਾ ਸਾਰਾ ਹੱਸਦਿਆਂ ਦੱਸਿਆ ਸੀ, ਐਹੋ ਜਹੀਆਂ ਨਿੱਕੀਆਂ ਗੱਲਾਂ ਕੌਣ ਦੇਖਦੇ?

ਮੈਂ!

ਮੈਂ ਆਪਣੇ ਆਪ ਨੂੰ ਕੂਲ ਡਾਊਨ ਦੀ ਹਿਦਾਇਤ ਕਰ ਕੇ ਸਮਝ ਲਿਆ ਹੈ ਕਿ ਹੁਣ ਮੈਂ ਆਰਾਮ ਨਾਲ ਹਾਂ। ਸਵੈਮੁਕਤ ਹੋਣ ਦੀ ਕੋਸ਼ਿਸ਼ ਵਿਚ ਸਵੈਯੁਕਤ।

ਸਾਰੇ ਸੰਵਾਦ 'ਚ ਹਨ। ਸਵਾਮੀ ਜੀ ਕਈਆਂ ਨੂੰ ਪਹਿਲੀ ਵਾਰ ਮਿਲ ਰਹੇ ਹਨ। ਉਹਨਾਂ ਦੀ ਗੱਲ-ਬਾਤ ਤੋਂ ਪਤਾ ਲੱਗ ਰਿਹਾ ਹੈ। ਕਈਆਂ ਨਾਲ ਆਪਣੀ ਦੂਜੀ ਤੀਜੀ ਜਾਂ ਜ਼ਿਆਦਾ ਮਿਲਣੀਆਂ ਦਾ ਜ਼ਿਕਰ ਸਾਂਝਾ ਕਰ ਰਹੇ ਹਨ।

ਤੇ ਮੇਰੇ ਨਾਲ...ਨਹੀਂ ਨਹੀਂ...ਮੈਂ ਬੈਠੀ ਤਾਂ ਉੱਥੇ ਹੀ ਹਾਂ। ਮੈਂ ਸੁਣ ਰਹੀ ਹਾਂ। ਦੋਵੇਂ ਸੰਵਾਦ...ਇਕ ਬਾਹਰ ਚੱਲ ਰਿਹੈ...ਇਕ ਅੰਦਰ ਸ਼ੁਰੂ ਹੋ ਚੁੱਕਿਐ।

ਅੰਤਰ ਸੰਵਾਦ: ਨਿਊਟਨ ਦਾ ਜੜ੍ਹਤਾ ਦਾ ਨਿਯਮ, ਗਤੀ ਦਾ ਸਿਧਾਂਤ।

ਜੋ ਚੀਜ਼ ਵਿਰਾਮ ਅਵਸਥਾ 'ਚ ਹੈ, ਵਿਰਾਮ ਅਵਸਥਾ 'ਚ ਰਹਿੰਦੀ ਹੈ, ਜੋ ਗਤੀ 'ਚ ਹੁੰਦੀ ਹੈ ਉਹ ਉਸੇ ਸਿੱਧੀ ਰੇਖਾ ਵਿਚ ਗਤੀਸ਼ੀਲ ਅਵਸਥਾ 'ਚ ਰਹਿੰਦੀ ਹੈ, ਜਦੋਂ ਤਕ ਕਿ ਉਸ 'ਤੇ ਕੋਈ ਬਾਹਰੀ ਤਾਕਤ ਨਾ ਲਗਾਈ ਜਾਵੇ। ਅਵਸਥਾਵਾਂ ਆਪਣੇ ਆਪ ਨਹੀਂ ਬਦਲਦੀਆਂ।

ਕੀ ਮੈਂ ਆਪ ਬਦਲਾਂ ਤੇ ਸਥਿਤੀ 'ਚੋਂ ਮਨਫੀ ਹੋ ਜਾਵਾਂ ਜਾਂ ਅਵਸਥਾ ਬਦਲਣ ਦੀ ਕੋਸ਼ਿਸ਼ ਕਰਾਂ। ਮੈਂ ਬਸ ਤੈਅ ਕਰਨ ਹੀ ਵਾਲੀ ਹਾਂ।

ਖ਼ੈਰ!

ਕੈਨੇਡਾ 'ਚ ਆਇਆਂ ਮੈਨੂੰ ਤਿੰਨ ਸਾਲ ਹੋ ਗਏ ਨੇ। ਇਕ ਪਲ ਵੀ ਅਜਿਹਾ ਨਹੀਂ ਜਦੋਂ ਮੈਨੂੰ ਏਥੇ ਆਉਣਾ ਚੰਗਾ ਨਾ ਲੱਗਿਆ ਹੋਵੇ। ਲੋਕ ਪੁੱਛਦੇ ਨੇ, ਸੈੱਟ ਹੋ ਗਏ ਹੋ? ਮੈਂ ਕਹਿੰਦੀ ਹਾਂ, "ਸੈੱਟ ਹੋਣਾ ਕੀ ਹੁੰਦੈ, ਪਤਾ ਨਹੀਂ...ਪਰ ਮੈਨੂੰ ਏਥੇ ਚੰਗਾ ਲੱਗਦੈ। ਇਹ ਮੇਰਾ ਆਪਣਾ ਮੁਲਕ ਹੈ। ਮੇਰਾ ਆਪਣਾ ਰੈਣ ਬਸੇਰਾ। ਏਨੇ ਕੁ ਸਮੇਂ 'ਚ ਇਸ ਨੇ ਮੈਨੂੰ ਦੱਸਿਐ, ਮੈਂ ਤੇਰਾ ਆਪਣਾ ਹਾਂ, ਤੂੰ ਏਥੇ ਖੁਸ਼ ਰਹਿ।

ਪਿਛਲੇ ਸਾਲ ਉੱਥੇ ਜੂਲੀਅਨ ਦੇ ਘਰ ਮੀਟਅਪ ਗਰੁੱਪ ਦੀ ਮੀਟਿੰਗ ਵਿਚ ਵੀ ਅਸੀਂ ਕੁੱਲ ਏਨੇ ਕੁ ਹੀ ਹੁੰਦੇ ਸੀ। ਕਦੀ ਛੇ-ਸੱਤ, ਕਦੀ ਅੱਠ-ਦਸ।

ਕੁਝ ਕੈਨੇਡੀਅਨ, ਕੁਝ ਇਟੈਲੀਅਨ, ਇਕ ਅਫਰੀਕਨ ਜੋੜਾ ਤੇ 'ਸਾਡਿਆਂ' 'ਚੋਂ ਮੈਂ।

ਇਹ ਮੀਟਅਪ ਗਰੁੱਪ ਮੈਂ ਔਨਲਾਈਨ ਸਾਈਨ-ਅਪ ਕੀਤਾ ਹੈ। ਦਵੈਤ-ਅਦਵੈਤ 'ਤੇ ਚਰਚਾ ਕਰਨ ਲਈ ਬਣੇ ਇਸ ਗਰੁੱਪ ਦੀਆਂ ਬੈਠਕਾਂ ਜੂਲੀਅਨ ਦੇ ਘਰ ਹੁੰਦੀਆਂ ਹਨ।



ਅਸੀਂ ਸਾਰੇ ਮਿੱਥੇ ਦਿਨ, ਸਮੇਂ ਉੱਥੇ ਇਕੱਠੇ ਹੁੰਦੇ। ਸਾਦਾ ਚਾਹ, ਕ੍ਰੈਕਰਜ਼ ਨਾਲ ਸਾਡੀ ਸਹਿਜ ਗੱਲਬਾਤ ਕਿਸੇ ਨੂੰ ਵੀ ਦੋਫਾੜ ਨਾ ਕਰਦੀ। ਉੱਥੋਂ ਮੈਂ ਵਨ-ਪੀਸ ਮੁੜਦੀ। ਏਸ ਅੰਤਰ ਸੰਵਾਦ ਨਾਲ, ਇਹਨਾਂ ਨੂੰ ਸੁਆਗਤ ਕਰਨ ਦਾ ਤੇ ਮਿਲਣ ਦਾ ਵੱਖਰਾ ਤਰੀਕਾ ਆਉਂਦਾ ਹੈ। ਇਹਨਾਂ ਦੀ ਸਿੱਖਿਆ ਚੰਗੀ ਹੋਈ ਹੈ। ਇਹ ਸੱਭਿਅ ਹਨ। ਇਹਨਾਂ ਨੂੰ ਗੱਲਬਾਤ ਕਰਨ ਦਾ ਸ਼ਊਰ ਹੈ। ਇਹ ਹਰ ਤਰ੍ਹਾਂ ਦਾ ਸਵਾਲ ਕਰ ਸਕਦੇ ਹਨ। ਇਹ ਹਰ ਤਰ੍ਹਾਂ ਜੁਆਬ ਸੁਣ ਸਕਦੇ ਹਨ। ਆਦਿ ਆਦਿ..."।

ਮੈਨੂੰ ਕੁਝ ਸੁੱਝਿਆ ਹੈ ਤੇ ਮੈਂ ਖੁਸ਼ ਹੋ ਗਈ ਹਾਂ, ਇਹੀ ਕਿ ਹੋਰ ਕਈ ਕਾਰਨਾਂ 'ਚ ਅੱਜ ਦਾ ਦਿਨ ਵੀ ਪ੍ਰਮਾਣ ਵਾਂਗ ਜੁੜ ਗਿਐ ਕਿ ਮੈਂ ਕੈਨੇਡਾ 'ਚ ਖੁਸ਼ ਕਿਉਂ ਹਾਂ।

ਨਾਲੇ ਮੈਂ ਹੁਣ ਤਕ ਤੈਅ ਵੀ ਕਰ ਲਿਐ। ਮੈਂ ਕਾਹਨੂੰ ਬਦਲਣ ਬਦਲਾਣ ਦੀ ਔਖ ਮੁੱਲ ਲਵਾਂ। ਜੋ ਚੱਲ ਰਿਹੈ, ਵੇਖਾਂ।

ਰੋਟੀ ਦੇ ਸਮੇਂ ਦਾ ਐਲਾਨ ਹੋ ਗਿਆ।

ਭੋਜਨ ਕਮਰੇ 'ਚ ਬਿਰਾਜਮਾਨ ਹੋਣ ਤੋਂ ਪਹਿਲਾਂ ਹੱਥ ਧੋਣ ਲਈ ਸਵਾਮੀ ਜੀ ਦੇ ਮੇਜ਼ਬਾਨ ਭਰਾ ਨੇ ਵਾਸ਼ਰੂਮ ਵਿਖਾ ਦਿੱਤਾ ਹੈ। ਮਿੰਦਰ ਜੀ ਨੇ ਨਿੱਕੇ ਜਿਹੇ ਸਮੇਂ 'ਚ ਮੀਸ਼ੇ ਦੀ ਨਿੱਕੀ ਜਿਹੀ ਗੱਲ ਸੁਣਾਈ ਹੈ...।

"ਮੀਸ਼ਾ ਇਕ ਵਾਰ ਕਿਸੇ ਅਮੀਰ ਦੋਸਤ ਦਾ ਮਹਿਮਾਨ ਸੀ। ਰਾਤ ਵੀ ਉੱਥੇ ਹੀ ਰੁਕਣਾ ਸੀ। ਦੋਸਤ ਮੀਸ਼ੇ ਦੀ ਬੇਆਰਾਮੀ ਭਾਂਪ ਰਿਹਾ ਸੀ। ਰਾਤ ਨੂੰ ਸੌਣ ਵੇਲੇ ਵੀ ਮੀਸ਼ੇ ਨੂੰ ਸੁੰਗੜਿਆ ਜਿਹਾ ਦੇਖ ਕੇ ਮੇਜ਼ਬਾਨ ਦੋਸਤ ਨੇ ਕਿਹਾ, "ਮੀਸ਼ਾ ਜੀ! ਖੁਲ੍ਹ ਕੇ ਸੌਂਵੋਂ। ਆਪਣਾ ਹੀ ਘਰ ਸਮਝੋ।" ਮੀਸ਼ਾ ਜਿਵੇਂ ਇਹ ਦੱਸਣ ਲਈ ਹੀ ਸੁੰਗੜ ਰਿਹਾ ਸੀ, "ਆਪਣਾ ਕਿਵੇਂ ਸਮਝ ਲਵਾਂ ਜਨਾਬ। ਤੁਹਾਡੇ ਘਰ 'ਚ ਤਾਂ ਏਨੀ ਸਫਾਈ ਹੈ, ਕੋਨਾ ਕੋਨਾ ਲਿਸ਼ ਲਿਸ਼ ਕਰਦੈ। ਮੇਰੇ ਘਰ 'ਚ ਚਾਰੇ ਪਾਸੇ ਖਿਲਾਰਾ ਪਿਆ ਹੁੰਦੈ। ਕਿਧਰੇ ਕਿਤਾਬਾਂ, ਕਿਧਰੇ ਬੋਤਲਾਂ...। ਬੇਤਰਤੀਬੀ।"

"ਕੋਈ ਐਨੇ ਵੱਡੇ ਘਰ ਕਿਉਂ ਬਣਾਉਂਦੈ?" ਮਿੰਦਰ ਹੁਰਾਂ ਨੇ ਸਵਾਲ ਵੀ ਕੀਤਾ ਤੇ ਜਵਾਬ ਵੀ ਦੱਸਿਆ, "ਵੱਡੇ ਘਰ ਨਾਲ ਬੰਦਾ ਆਪ ਵੀ ਵੱਡਾ ਹੋ ਜਾਂਦੈ। ਵੱਡਾ ਘਰ ਬੰਦੇ ਨੂੰ ਬੜਾ ਕੁਝ ਦਿੰਦੈ। ਦੂਜਿਆਂ ਨੂੰ ਵਡੱਪਣ ਨਾਲ ਵੇਖਣ ਦੀ ਕਾਬਲੀਅਤ ਤੇ ਨਜ਼ਰੀਆ ਆਦਿ।

ਮੇਰੀ ਤੇ ਮਿੰਦਰ ਹੁਰਾਂ ਦੀ ਇਹ ਗੱਲ ਭਾਵੇਂ ਹੂ-ਬ-ਹੂ ਇਸੇ ਤਰ੍ਹਾਂ ਨਹੀਂ ਸੀ ਹੋਈ। ਪਰ ਗੱਲ ਇਹੀ ਹੋਈ ਸੀ।

ਅਸੀਂ ਭੋਜਨ ਕਮਰੇ ਵੱਲ ਜਾ ਰਹੇ ਹਾਂ।

ਇਕ ਖਿਆਲ: 'ਰਵੱਈਏ ਤੇ ਜ਼ਾਇਕੇ ਦਾ ਸੁਮੇਲ ਵੇਖਣਾ ਹੋਵੇ ਤਾਂ ਘਰੋਂ ਬਾਹਰ ਖਾਣਾ ਖਾਓ। ਜਿੱਥੇ ਮਰਜ਼ੀ, ਹੋਟਲ 'ਚ, ਰੇਸਟੋਰੈਂਟ 'ਚ, ਕਿਸੇ ਦੇ ਘਰ ਜਾਂ ਕਿਤੇ ਹੋਰ। ਬਸ ਆਪਣੇ ਘਰ ਤੋਂ ਬਾਹਰ।

ਭੋਜਨ ਦੇ ਨਾਲੋਂ ਨਾਲ ਹੌਲੀ ਹੌਲੀ ਸੰਵਾਦ ਵੀ ਭਖ ਰਿਹੈ। ਸਵਾਮੀ ਜੀ ਸਾਰਿਆਂ ਨਾਲ ਬਹੁਤ ਹੀ ਠਰ੍ਹਮੇ ਨਾਲ ਗੱਲ ਕਰ ਰਹੇ ਹਨ। ਮੈਂ ਇਸ ਸਮੂਹਕ ਗੱਲਬਾਤ ਵਿਚ ਸ਼ਿਰਕਤ ਕਰਨ ਲੱਗੀ ਹਾਂ। ਪਰ ਮੇਰੀ ਸ਼ਿਰਕਤ ਸਾਰਿਆਂ ਦੀ ਸ਼ਿਰਕਤ ਵਾਂਗ ਨਹੀਂ ਹੈ। ਮੇਰੇ ਅੰਦਰ ਬਹੁਤ ਕੁਝ ਦਾ ਮਾਪ-ਤੋਲ ਬਦਲ ਚੁੱਕਿਆ ਹੈ। ਹੁਣ ਮੈਂ ਸਿਰਫ ਇਹ ਜਾਣਨ ਲਈ ਬੋਲਣਾ ਜ਼ਰੂਰੀ ਸਮਝਿਐ ਕਿ ਜੇ ਇੱਥੇ ਮੇਰੀ ਸ਼ਮੂਲੀਅਤ ਦਰਜ ਹੈ ਤਾਂ ਕਿਸ ਰੂਪ ਵਿਚ।

ਮੈਂ ਇਕ ਸਵਾਲ ਸਵਾਮੀ ਜੀ ਦੀ ਗੱਲ 'ਚੋਂ ਕੱਢ ਕੇ ਕੀਤੈ, "ਸਵਾਮੀ ਜੀ, ਤੁਸੀਂ

ਧੁਨੀ ਸੁਣਨ ਦੀ ਅੰਤਿਮ ਅਵਸਥਾ ਦੀ ਗੱਲ ਕਰਦੇ ਹੋ। ਕੁਝ ਧਰਮਾਂ ਵਿਚ ਸੁੰਨਤਾ ਦੀ ਗੱਲ ਕੀਤੀ ਗਈ ਹੈ। ਇਹਨਾਂ ਦੋਵਾਂ ਦਾ ਕੀ ਮੇਲ ਹੈ?"

"ਅਸੀਂ ਏਥੇ ਸਿਰਫ ਬਾਣੀ ਦੀ ਗੱਲ ਕਰਾਂਗੇ।" ਉਹਨਾਂ ਨੇ ਬੇਹੱਦ ਮਜਬੂਤੀ ਨਾਲ ਕਿਹੈ।

ਉਹਨਾਂ ਦੇ ਲਹਿਜੇ ਤੇ ਅੱਖਾਂ ਵਿਚ ਲੋਹਾ ਫਿਰਿਆ ਹੈ, ਪਰ ਸਿਰਫ ਇਕ ਪਲ ਲਈ। ਉਹ ਇਕ ਪਲ ਬਹੁਤ ਸੂਖਮ ਹੈ ਤੇ ਸਿਰਫ ਮੇਰੇ ਲਈ ਹੈ। ਮੈਂ ਵੱਡੇ ਸਾਰੇ ਡਾਇਨਿੰਗ ਟੇਬਲ ਦੇ ਦੂਜੇ ਸਿਰੇ 'ਤੇ ਬੈਠੀ ਹਾਂ ਤੇ ਬਾਕੀ ਸਾਰੇ ਮੇਰੇ ਅਤੇ ਸਵਾਮੀ ਜੀ ਵਿਚਕਾਰ...ਪਰ ਸਾਰਿਆਂ ਤੋਂ ਦੀ ਉਹ ਇਕ ਪਲ ਮੈਨੂੰ ਲੱਗਦੈ ਵਿਦਯੁਤ ਗਤੀ ਨਾਲ ਲੰਘ ਗਿਐ ਤੇ ਮੈਨੂੰ ਹੀ ਗ੍ਰਹਿਣ ਹੋਇਐ।

"ਕੀ ਮੈਂ ਇਸ ਇਕ ਪਲ 'ਚ ਫੈਲੇ ਪੂਰੇ ਯੁਗ ਨੂੰ ਬੇਪਰਵਾਹੀ ਨਾਲ ਸਾਂਭ ਸਕਦੀ ਹਾਂ?"

"ਹਾਂ" ਕਹਿ ਕੇ ਮੈਂ ਉਸ ਨੂੰ ਉਸੇ ਸੰਦੂਕ 'ਚ ਰੱਖ ਲਿਐ ਜਿਸ 'ਚ ਹੋਰ ਵੀ ਬੜਾ ਖਲਜਗਨ ਪਿਐ।

ਮੈਂ ਸਵਾਮੀ ਜੀ ਨੂੰ ਹੋਰ ਸਵਾਲ ਵੀ ਕਰ ਰਹੀ ਹਾਂ।

"ਚੁੱਪ ਕਰ"। ਕੋਈ ਮੈਨੂੰ ਚੁੱਪ ਹੋਣ ਲਈ ਕਹਿ ਰਿਹੈ।

ਕੌਣ?

ਉਹ ਕਮਰਾ, ਖਾਣੇ ਦੀ ਮੇਜ਼, ਤਰਕਾਰੀਆਂ, ਬਾਕੀ ਜਣੇ..ਜਾਂ ਮੈਂ ਆਪ...।

ਬਾਕੀ ਜਣਿਆਂ 'ਚ ਸਾਰਿਆਂ ਤੋਂ ਇਲਾਵਾ ਹੁਣ ਚਾਰ ਜੀਅ ਹੋਰ ਵੀ ਨੇ। ਚਾਰ ਸੇਵਾਦਾਰ। ਸਾਨੂੰ ਰੋਟੀ ਵਰਤਾ ਰਹੇ ਨੇ। ਅੰਤਾਂ ਦੀ ਸ਼ਰਧਾ ਤੇ ਪਿਆਰ ਨਾਲ। ਉਹ ਸਾਰੇ ਵੀ ਮੇਰੀ ਜ਼ੁਬਾਨ ਵਾਲੇ ਹੀ ਹਨ। ਇਹ ਤਾਂ ਪ੍ਰਤੱਖ ਹੀ ਹੈ। ਨਾ ਲਿਖਦੀ ਤਾਂ ਵੀ ਪ੍ਰਤੱਖ ਹੀ ਸੀ ਕਿ ਸੇਵਾਦਾਰ ਸਾਡੇ 'ਚੋਂ ਹੀ ਹੋਣੇ ਨੇ।

ਮੈਂ ਆਪਣੇ ਆਪ ਨੂੰ ਚਰਚਾ 'ਚ ਆਪੇ ਹੀ ਸ਼ਾਮਲ ਰੱਖ ਰਹੀ ਹਾਂ। 'ਵੇਖਾਂ' ਯੋਜਨਾ ਦੇ ਤਹਿਤ।

ਭੋਜਨ ਦੌਰਾਨ...ਗਿਆਨ ਚਰਚਾ

ਭੋਜਨ ਉਪਰੰਤ...ਗਿਆਨ ਚਰਚਾ

ਚਰਚਾ ਸਮਾਪਤ ਹੁੰਦੀ ਹੈ ਤੇ ਹੁਣ ਕਵੀ ਦਰਬਾਰ।

ਹੇਠਾਂ ਬੇਸਮੈਂਟ ਵਿਚ ਪੁੱਜਦੇ ਹਾਂ। ਮੈਂ ਥੋੜ੍ਹਾ ਜਿਹਾ ਹੈਰਾਨ ਹੋ ਕੇ ਵੇਖਦੀ ਹਾਂ, ਗੁਰਦੇਵ ਚੌਹਾਨ ਹੁਰਾਂ ਨੇ ਵੀ ਹੈਰਾਨ-ਭਾਵ ਦੀ ਹਾਮੀ ਭਰੀ ਹੈ। ਅਸੀਂ ਉੱਥੇ ਪਹਿਲੋਂ ਤੋਂ ਹੀ ਮੌਜੂਦ ਚਾਲੀ ਪੰਜਾਹ ਜਣਿਆਂ ਨੂੰ ਬਿਰਾਜਮਾਨ ਦੇਖ ਰਹੇ ਹਾਂ। ਅਤਿਅੰਤ ਸ਼ਰਧਾ ਨਾਲ ਉਡੀਕ ਰਹੇ ਨੇ। ਕੈਮਰੇ, ਸਾਊਂਡ ਸਿਸਟਮ ਸਭ ਕੁਝ ਨੌਂ ਬਰ ਨੌਂ ਹੈ।

ਅੱਛਾ! ਪਤਾ ਹੀ ਨਹੀਂ ਸੀ ਐਨੇ ਜਣੇ ਹੋਰ ਵੀ ਆਏ ਹੋਏ ਹਨ। ਇਹ ਵਿਚਾਰੇ ਉਡੀਕ ਰਹੇ ਸਨ।

ਭਗਤ-ਜਣ।

ਕਾਵਿ ਦਰਬਾਰ ਸ਼ੁਰੂ ਹੁੰਦੈ। ਕਵਿਤਾ ਪਾਠ ਦੀ ਮੇਰੀ ਵਾਰੀ।

ਅੰਤਰ ਸੰਵਾਦ: "ਕੀ ਕਰੀ ਜਾ ਰਹੀ ਹੈਂ?" ਤੇ ਨਾਲੇ ਸ਼ਮਸ਼ੇਰ ਦੀ ਗੱਲ ਯਾਦ ਆ ਰਹੀ ਹੈ।



ਪੜ੍ਹਦਿਆਂ-ਪੜ੍ਹਦਿਆਂ ਮੈਨੂੰ ਆਪਣੇ ਆਪ 'ਤੇ ਹਾਸਾ ਆ ਰਿਹੈ। ਬਾਕੀਆਂ ਨੂੰ ਪਰ ਇਹ ਨਾ ਦਿਸੇ, ਸੋ ਮੈਂ ਰਵੱਈਆ ਜਿਹਾ ਪਹਿਣ ਲਿਐ।

ਚੱਲੇਗਾ। ਮੈਂ ਫਰਾਫਟ ਕਵਿਤਾ ਪੜ੍ਹ ਦਿੱਤੀ ਹੈ।

ਖ਼ੈਰ! ਕਵਿਤਾ ਦਾ ਦੂਜਾ ਦੌਰ।

ਇਸ ਵਾਰ ਮੈਂ ਸਹਿਜ ਨਾਲ ਸੁਣਾਈ ਹੈ ਕਵਿਤਾ। ਹਿੰਦੀ 'ਚ ਲਿਖੀ ਹੋਈ।

ਜਾਣ ਬੁੱਝ ਕੇ ਹਿੰਦੀ ਵਾਲੀ ਕਵਿਤਾ ਸੁਣਾ ਰਹੀ ਹਾਂ।

ਕਿਉਂ?

ਕੀ ਏਥੇ ਹਿੰਦੀ 'ਚ ਕਵਿਤਾ ਸੁਣਾਉਣਾ ਬਦਲਾ ਲੈਣ ਵਾਂਗ ਹੈ?

ਹੁਣ ਆਪਣੇ ਬਦਲਾ ਲੈਣ ਵਾਲੇ ਖ਼ਿਆਲ 'ਤੇ ਹਾਸਾ ਆ ਰਿਹੈ ਪਰ ਕੁਝ ਤਾਂ ਹੈ ਕਿ ਹਿੰਦੀ ਦੀ ਕਵਿਤਾ ਸੁਣਾਉਂਦਿਆਂ ਮੈਂ ਸ਼ਾਂਤ ਹੋ ਗਈ ਹਾਂ।

ਜੋ ਕੁਝ ਮੇਰੇ ਕੋਲ ਸੀ। ਮੈਂ ਵਰਤ ਲਿਐ। ਹੁਣ ਮੈਂ ਇਕ ਸੁਰ ਹਾਂ।

ਅੱਛਾ! ਉਵੇਂ ਹੀ ਜਿਵੇਂ ਜੋ ਕੁਝ ਉਹਨਾਂ ਕੋਲ ਹੈ ਉਹ ਵਰਤਦੇ ਨੇ ਤੇ ਇਕ ਸੁਰ ਰਹਿੰਦੇ ਨੇ।

ਉਹ ਕੌਣ?

ਜਵਾਬ ਵਿਚ ਇੱਕੋ ਵੇਲੇ ਏਨੇ ਨਾਂ ਗੂੰਜਦੇ ਨੇ ਕਿ ਸ਼ੋਰ ਬਣ ਜਾਂਦੈ।

ਮੈਨੂੰ ਕੀ। ਉਹ ਜਿਵੇਂ ਮਰਜ਼ੀ ਇੱਕਸੁਰ ਰਹਿਣ। ਮੈਂ ਤਾਂ ਹੁਣ ਏਥੇ ਹਾਂ ਕੈਨੇਡਾ 'ਚ।

ਅੰਤਰ ਸੰਵਾਦ: ਬੱਸ ਮੈਂ ਆਪਣੇ ਆਪ ਨਾਲ ਇਕ ਮੁਸਕਰਾਹਟ ਸਾਂਝੀ ਕੀਤੀ ਹੈ ਤੇ ਉਹੋ ਪੁਰਾਣਾ ਖਿਆਲ ਵੀ ਕਿ ਮੈਂ ਕੈਨੇਡਾ 'ਚ ਹਾਂ। ਜੂਲੀਅਨ ਵਾਲੇ ਕੈਨੇਡਾ 'ਚ। ਜੂਲੀਅਨ ਦੇ ਘਰ ਦੀ ਚਾਰਦੀਵਾਰੀ ਔਰਤ ਹੋਣ ਕਰਕੇ ਫਰਕ ਹੋਣ ਦਾ ਖਿਆਲ ਤਾਂ ਕੀ, ਕਿਸੇ ਹੋਰ ਮੁਲਕ, ਜਾਤ, ਧਰਮ, ਬੋਲੀ ਦੀ ਹਾਂ, ਹੋਣ ਦਾ ਅਹਿਸਾਸ ਕਰਵਾਉਣ ਦੀ ਕੋਸ਼ਿਸ਼ ਵੀ ਨਹੀਂ ਕਰਦੀ। ਇਹ ਉਸ ਦੀ ਤਾਸੀਰ ਹੈ। ਤੇ ਸਾਰੇ ਘਰ ਜੂਲੀਅਨ ਦੇ ਘਰ ਵਰਗੇ ਤਾਂ ਨਹੀਂ ਹੁੰਦੇ ਹੋਣੇ। ਅਸੀਂ ਬਹੁਤ ਵਾਰ ਇਕ ਦੂਜੇ ਵਰਗੇ ਵੀ ਤਾਂ ਹੁੰਦੇ ਹਾਂ, ਆਪੋ ਆਪਣੀਆਂ ਤਾਸੀਰਾਂ ਸਮੇਤ। ਉਸ ਦਿਨ ਪੂਰੂ ਵਾਲੀ ਕੈਲੀ ਦੱਸ ਦੱਸ ਰਹੀ ਸੀ, ਅਸੀਂ ਆਪਣੇ ਹਮ-ਮੁਲਕ ਪੁਰੂਵੀਅਨਾਂ ਨੂੰ ਮਿਲਾ ਕੇ ਬਹੁਤਾ ਕੰਮਫਰਟੇਬਲ ਫੀਲ ਨਹੀਂ ਕਰਦੇ।

ਸਾਰੀ ਧਰਤੀ 'ਤੇ ਹੀ ਹੁੰਦੇ ਹੋਵਾਂਗੇ ਅਸੀਂ ਇਕ-ਦੂਜੇ ਵਰਗੇ। ਮੈਨੂੰ ਤਾਂ ਕਥਾ-ਕਹਾਣੀਆਂ, ਸੁਣੀ-ਸੁਣਾਈ ਦੇ ਆਧਾਰ 'ਤੇ ਹੀ ਲੱਗਦੈ। ਸਾਡੇ ਸਾਰਿਆਂ ਵਿਚ ਹੀ ਹੁੰਦੇ ਹੋਣਗੇ ਜੂਲੀਅਨ ਵੀ। ਮੈਨੂੰ ਤਾਂ ਦੇਖੇ ਪਰਖੇ ਦੇ ਆਧਾਰ 'ਤੇ ਹੀ ਲਗਦੈ।

ਖ਼ੈਰ!

ਜ਼ਿੰਦਗੀ ਏਥੇ ਸੌਖੀ ਥੋੜ੍ਹੇ ਐ। ਤੇ ਇੰਝ ਵੀ ਨਹੀਂ ਕਿ ਏਥੇ ਸਭ ਕੁਝ ਹੀ ਠੀਕ ਹੈ। ਪਰ ਫੇਰ ਵੀ ਏਥੋਂ ਨੂੰ ਚੰਗਾ ਕਹੋ ਤਾਂ ਅੰਦਰੋਂ ਕੋਈ ਹੁੰਘਾਰਾ ਜ਼ਰੂਰ ਭਰਦੈ।

ਏਥੋਂ ਦਾ ਕਾਨੂੰਨ ਔਰਤ ਤੇ ਮਰਦ ਨੂੰ ਬਰਾਬਰ ਦੇ ਹੱਕ ਦਿੰਦੈ।

ਉਹ ਤਾਂ ਓਥੇ ਵੀ...।

ਏਥੇ ਵਰਤਾਰਾ ਵੀ ਤੁਹਾਨੂੰ ਤੁਹਾਡੀ ਥਾਂ ਤੋਂ ਨਹੀਂ ਡੇਗਦਾ।

ਉਹ ਤਾਂ ਓਥੇ...ਆਹਾਂ...ਓਥੇ ਵਾਲੇ ਤਾਂ ਏਥੇ ਵੀ...।

ਖ਼ੈਰ!

[265 Morningmist St. Brampton, Ontario Canada L6R 2B8]

# ਵਰਿਆਮ ਸੰਧੂ ਦੀ ਗੁਫ਼ਾ ਵਿਚਲੀ ਉਡਾਣ

## ਸਰਵਣ ਸਿੰਘ

'ਗੁਫ਼ਾ ਵਿਚਲੀ ਉਡਾਣ' ਵਰਿਆਮ ਸਿੰਘ ਸੰਧੂ ਦੀ ਸਚਿੱਤਰ ਸਵੈ-ਜੀਵਨੀ ਹੈ ਜੋ ਸੰਗਮ ਪਬਲੀਕੇਸ਼ਨਜ਼ ਸਮਾਣਾ ਨੇ ਪ੍ਰਕਾਸ਼ਤ ਕੀਤੀ ਹੈ। ਇਹ ਆਮ ਸਵੈ-ਜੀਵਨੀਆਂ ਤੋਂ ਹਟਵੀਂ ਹੈ। ਅਸਲੋਂ ਵਿਲੱਖਣ। ਸੰਧੂ ਨੂੰ ਬਿਰਤਾਂਤਕਾਰੀ ਦਾ ਚੈਂਪੀਅਨ ਮੰਨਿਆ ਜਾਂਦੈ। ਪੰਜਾਬੀ ਕਹਾਣੀ ਗਗਨ ਦਾ ਚੰਦ! ਇਸ ਪੁਸਤਕ ਦੇ 270 ਪੰਨਿਆਂ ਉੱਤੇ ਉਸਨੇ ਆਪਣੀ ਸੰਘਰਸ਼ਮਈ ਹੱਡਬੀਤੀ ਗਲਪਮਈ ਢੰਗ ਨਾਲ ਪੇਸ਼ ਕੀਤੀ ਹੈ। ਇਸਨੂੰ ਮਹਾਂ-ਕਾਵਿ ਵਾਂਗ ਮਹਾਂ-ਕਹਾਣੀ ਵੀ ਕਿਹਾ ਜਾ ਸਕਦੈ। ਪਾਠਕ ਇਸ ਵਿਚੋਂ ਉਸ ਦੀਆਂ ਕਹਾਣੀਆਂ ਦੇ ਪਿਛੋਕੜ ਵਿਚ ਪਈਆਂ ਅਸਲੀ ਕਹਾਣੀਆਂ ਦਾ ਥਹੁ ਪਤਾ ਲਾ ਸਕਦੇ ਹਨ। ਇਸ ਵਿਚ ਜਾਸੂਸੀ ਨਾਵਲਾਂ ਵਰਗੀ ਉਤਸੁਕਤਾ ਤੇ ਲੂੰਅ-ਕੰਡੇ ਖੜ੍ਹੇ ਕਰਨ ਵਾਲੇ ਵੇਰਵੇ ਹਨ। ਜਿਵੇਂ-ਜਿਵੇਂ ਪੜ੍ਹਦੇ ਜਾਈਦਾ ਹੈਰਾਨ ਹੁੰਦੇ ਜਾਈਦੈ ਕਿ ਸਾਡੇ ਪਤਲਚੰਮੇ ਵੀਰ ਵਰਿਆਮ ਨਾਲ ਕਿਹੋ ਜਿਹੇ ਭਾਣੇ ਵਰਤੇ ਤੇ ਉਹਨੇ ਕਿਵੇਂ ਉਹਨਾਂ ਦਾ ਸਾਹਮਣਾ ਕੀਤਾ? ਮੌਤ ਉਹਦੇ ਦਰਾਂ 'ਤੇ ਆਉਂਦੀ ਰਹੀ ਪਰ ਉਹ ਉਹਦੇ ਹੱਥ ਨਾ ਆਇਆ। ਸਗੋਂ ਮਾਰ-ਮਰਾਈ ਦੇ ਮਾਹੌਲ ਵਿਚੋਂ ਲੰਘਦਿਆਂ ਅਨੇਕਾਂ ਕਹਾਣੀਆਂ ਤੇ ਦਹਿਸ਼ਤੀ ਦੌਰ ਦਾ ਸ਼ੀਸ਼ਾ ਵਿਖਾਉਂਦੀ ਸਵੈ-ਜੀਵਨੀ 'ਗੁਫ਼ਾ ਵਿਚਲੀ ਉਡਾਣ' ਲਿਖਣ ਲਈ ਬਚਿਆ ਰਿਹਾ! ਨਾ ਸਿਰਫ਼ ਬਚਿਆ ਰਿਹਾ ਬਲਕਿ ਹੋਰ ਉੱਚੀਆਂ ਉਡਾਣਾਂ ਲਾਉਣ ਲਈ ਹੋਰ ਬਲਵਾਨ ਹੁੰਦਾ ਗਿਆ। ਵਰਿਆਮ ਸੰਧੂ ਪੰਜਾਬੀ ਦਾ ਸ਼ਾਨਾਂਮੱਤਾ ਲੇਖਕ ਹੈ। ਸਰਬਾਂਗੀ ਸਾਹਿਤਕਾਰ। ਉਹਦਾ ਕੱਦ ਵੀ ਲੰਮਾ ਹੈ, ਕਹਾਣੀਆਂ ਵੀ ਲੰਮੀਆਂ ਲਿਖਦੈ ਤੇ ਭਾਸ਼ਨ ਵੀ ਲੰਮੇ ਦਿੰਦੈ! ਪਰ ਨਾ ਉਹਦੀ ਕਹਾਣੀ ਲੰਮੀ ਲੱਗਦੀ ਹੈ ਤੇ ਨਾ ਭਾਸ਼ਨ ਲੰਮਾ। ਉਹਦੇ ਲਿਖਣ ਬੋਲਣ 'ਚ ਟੂਣੇਹਾਰੀ ਖਿੱਚ ਹੁੰਦੀ ਹੈ। ਅਕਸਰ ਕਿਹਾ ਜਾਂਦੈ ਕਿ ਉਹਦੀ ਕਲਮ ਤੇ ਜ਼ੁਬਾਨ ਉੱਤੇ ਸਰਸਵਤੀ ਸਵਾਰ ਐ। ਉਹਦੀ ਗੱਲ-ਕੱਥ 'ਚ ਬਾਤਾਂ ਪਾਉਣ ਵਾਲਾ ਰਸ ਹੁੰਦੈ। ਕਰੁਣਾ ਵੀ ਹੁੰਦੀ ਹੈ, ਹੈਰਾਨੀ ਵੀ ਤੇ ਹਾਸੇ ਮਖੌਲ ਦਾ ਰੰਗ ਵੀ। ਉਹ ਗੱਲ 'ਚੋਂ ਗੱਲ ਕੱਢਦਾ ਢਾਈ ਨਾਲ ਢਾਈ ਮੇਲੀ ਤੁਰਿਆ ਜਾਂਦੈ। ਸੁਨੇਹਾ ਹਮੇਸ਼ਾਂ ਹਿੰਮਤ ਤੇ ਉਤਸ਼ਾਹ ਦਾ ਹੀ ਦਿੰਦੈ। ਹਾਂ-ਪੱਖੀ। ਆ ਪਈਆਂ ਮੁਸੀਬਤਾਂ ਬਾਰੇ ਆਖਦੈ, "ਕਿਹੜੀ ਆਖ਼ਰ ਆ ਚੱਲੀ ਏ!"

ਮਿਸਾਲ ਅਕਸਰ ਦੀਵੇ ਦੀ ਦਿੰਦੈ ਜਿਹੜਾ ਛਿਪਦੇ ਸੂਰਜ ਨੂੰ ਆਖਦੈ, "ਤੇਰੇ ਜਿੰਨਾ ਚਾਨਣ ਤਾਂ ਨਹੀਂ ਦੇ ਸਕਦਾ ਮੇਰੇ ਹਜ਼ੂਰ! ਫਿਰ ਵੀ ਆਖਰੀ ਤੁਪਕੇ ਤਕ ਬਲਾਂਗਾ ਤੇ ਜਿੰਨਾ ਕੁ ਹੋ ਸਕਿਆ ਹਨ੍ਹੇਰਾ ਦੂਰ ਕਰਨ ਦੀ ਕੋਸ਼ਿਸ਼ ਕਰਾਂਗਾ।" ਉਹ ਇਸ ਪੁਸਤਕ ਦੇ ਸਰਵਰਕ ਉੱਤੇ ਲਿਖਦੈ, "ਮੈਂ ਅਸਲੋਂ ਸਾਧਾਰਨ ਬੰਦਿਆਂ ਵਿਚੋਂ ਹਾਂ। ਛੋਟਾ ਤੇ ਮਾਮੂਲੀ ਬੰਦਾ। ਮੂਲੋਂ ਸਾਧਾਰਨ ਸ਼ਮਰੱਥਾ ਵਾਲਾ। ਮੇਰੇ ਵਰਗਾ ਬੰਦਾ ਭਲਾ ਕਿੰਨੇ ਕੁ ਵੱਡੇ ਮਾਅਰਕੇ ਮਾਰ ਸਕਦਾ ਹੈ! ਕਿੰਨੀ ਕੁ ਵੱਡੀ ਤੇ ਲੰਮੀ ਲੜਾਈ ਲੜ ਸਕਦਾ ਹੈ! ਸਾਧਾਰਨ ਬੰਦੇ ਵਿਚ ਜਿੰਨੀ ਕੁ ਸਮਰੱਥਾ ਹੁੰਦੀ ਹੈ ਮੈਂ ਓਸੇ ਦੇ ਆਸਰੇ ਵਿਰੋਧੀ ਹਾਲਾਤ ਅਤੇ ਉਲਟ ਹਵਾਵਾਂ ਦੇ ਖ਼ਿਲਾਫ਼ ਜਿੰਨਾ ਕੁ ਲੜ ਸਕਦਾ ਸਾਂ, ਲੜਿਆ ਹਾਂ, ਜਿੰਨਾ ਕੁ ਉੱਡ ਸਕਦਾ ਸਾਂ, ਉੱਡਿਆ ਹਾਂ। ਕਿਸੇ ਵੱਡੇ ਆਕਾਸ਼ ਵਿਚ ਨਹੀਂ। ਮਸਾਂ ਆਪਣੀ ਗੁਫ਼ਾ ਵਿਚਲੇ ਆਕਾਸ਼ ਵਿਚ ਹੀ। ਪਤਾ ਨਹੀਂ ਉੱਡ ਵੀ ਸਕਿਆਂ ਕਿ ਨਹੀਂ? ਪਰ ਇਹ ਗੱਲ ਤਾਂ ਪੱਕ ਹੈ ਕਿ ਮੈਂ ਆਪਣੇ ਅੰਦਰੋਂ ਉੱਡਣ ਦੀ ਲੋਚਾ ਮਰਨ ਨਹੀਂ ਦਿੱਤੀ। ਜਿਊਂਦੀ ਬਚ ਗਈ ਉੱਡਣ ਦੀ ਇਹ ਲੋਚਾ ਹੀ ਹੈ ਜਿਸ ਨੇ ਮੈਨੂੰ ਗ਼ਰਕ ਜਾਣ ਤੋਂ ਬਚਾਈ ਰੱਖਿਆ। ਮੈਨੂੰ ਆਪਣੇ ਮਹਾਨ ਵਡੇਰਿਆਂ ਅੱਗੇ ਸ਼ਰਮਿੰਦਾ ਨਹੀਂ ਹੋਣ ਦਿੱਤਾ।"

ਰਘਬੀਰ ਸਿੰਘ 'ਸਿਰਜਣਾ' ਇਸ ਪੁਸਤਕ ਦੀ ਭੂਮਿਕਾ ਵਿਚ ਲਿਖਦਾ ਹੈ,



"ਸਾਧਾਰਨ ਕਿਸਾਨੀ ਪਰਿਵਾਰ ਦੇ ਜੰਮਪਲ ਹੋਣ ਦੇ ਤੱਥ ਨੂੰ ਉਸਨੇ ਤੱਠਸੱਠ ਰੂਪ ਵਿਚ ਬਿਆਨਿਆ ਹੈ, ਨਾ ਇਸ ਵਿਚੋਂ ਗ਼ਰੀਬ ਜਾਪਣ ਵਾਲੀ ਰੁਦਨ ਦੀ ਧੁਨੀ ਸੁਣੀਂਦੀ ਹੈ ਅਤੇ ਨਾ ਹੀ 'ਖ਼ਾਨਦਾਨੀ ਚੜ੍ਹਤ' ਵਾਲੀ ਭੂਪਵਾਦੀ ਹਉਂ ਦਾ ਵਿਖਾਵਾ ਹੁੰਦਾ ਹੈ। ਮਾਂ-ਪਿਉ, ਭੈਣ-ਭਰਾਵਾਂ, ਮਾਮਿਆਂ ਤੇ ਹੋਰ ਨੇੜਲੇ ਰਿਸ਼ਤੇਦਾਰਾਂ ਦੀ ਬਾਤ ਨਿਰਲੇਪ ਰਹਿ ਕੇ ਇੰਝ ਪਾਈ ਹੈ ਜਿਵੇਂ ਉਹ ਆਪਣੀ ਕਿਸੇ ਕਹਾਣੀ ਦਾ ਯਥਾਰਥਕ ਪਾਤਰ-ਚਿਤਰਨ ਕਰ ਰਿਹਾ ਹੋਵੇ। ਲੋੜੀਂਦੀ ਵਿੱਥ 'ਤੇ ਖਲੋ ਕੇ ਉਸਨੇ ਉਹਨਾਂ ਦੀ ਸ਼ਖਸੀਅਤ ਤੇ ਵਿਹਾਰ ਨੂੰ ਵੇਖਿਆ ਪਛਾਣਿਆ ਹੈ। ਏਸੇ ਲਈ ਉਹ ਆਰਥਿਕ ਤੰਗੀ ਕਾਰਨ ਨਸ਼ਿਆਂ ਦੀ ਮਾਰ ਹੇਠ ਆ ਗਏ ਆਪਣੇ ਪਿਤਾ ਨੂੰ ਪਿੱਛਲਝਾਤ ਰਾਹੀਂ ਹਮਦਰਦੀ ਦੀ ਭਾਵਨਾ ਨਾਲ ਵੇਖਦਾ ਹੋਇਆ ਉਸ ਪ੍ਰਤੀ ਰਹੇ ਆਪਣੇ ਕੁਰੱਖਤ ਵਤੀਰੇ ਉੱਤੇ ਅਫਸੋਸ ਜ਼ਾਹਰ ਕਰਦਾ ਹੈ। ਸਮੁੱਚੀ ਪੁਸਤਕ ਵਿਚ ਹੀ ਇਕ ਗਲਪਕਾਰ ਵਜੋਂ ਵਰਿਆਮ ਦੀ ਨਿਪੁੰਨਤਾ ਆਪਣਾ ਪ੍ਰਗਟਾਅ ਕਰਦੀ ਹੈ, ਜਿਸ ਵਿਚ ਯਥਾਰਥ ਪ੍ਰਤੀ ਵਫ਼ਾਦਾਰੀ, ਸੰਵੇਦਨਸ਼ੀਲਤਾ ਤੇ ਮਾਨਵੀ ਸਰੋਕਾਰ ਇਕੋ ਜਿੰਨੇ ਕਾਰਜਸ਼ੀਲ ਹਨ। ਵਰਿਆਮ ਸੰਧੂ ਦੀ ਇਸ ਸਵੈ-ਜੀਵਨੀ ਨੂੰ ਮੈਂ 'ਗੁਫ਼ਾ ਵਿਚਲੀ ਉਡਾਣ' ਤਾਂ ਮੰਨਣ ਲਈ ਤਿਆਰ ਨਹੀਂ। ਇਸ ਵਿਚ ਉਸਨੇ ਆਪਣੀ ਸ਼ਖਸੀਅਤ ਦੇ ਹਾਣ ਦੀ ਅਵੱਸ਼ ਬੜੀ ਉੱਚੀ ਤੇ ਸੋਹਣੀ ਉਡਾਣ ਭਰੀ ਹੈ।"

ਲੇਖਕ ਨੇ ਇਸ ਪੁਸਤਕ ਨੂੰ ਬਾਰਾਂ ਕਾਂਡਾਂ ਵਿਚ ਵੰਡਿਆ ਹੈ। ਅੱਗੋਂ ਕਾਂਡਾਂ ਦੇ ਉਪ ਸਿਰਲੇਖ ਹਨ। ਹਰ ਕਾਂਡ ਆਪਣੇ ਆਪ ਵਿਚ ਇਕ ਬਾਤ ਹੈ। ਸਾਰੇ ਕਾਂਡ ਲੜੀਦਾਰ ਬਾਤਾਂ ਹਨ। ਪਹਿਲਾ ਕਾਂਡ 'ਟੋਟਾ ਕੁ ਜ਼ਿੰਦਗੀ' ਉਹ ਬਾਤ ਪਾਉਣ ਵਾਂਗ ਹੀ ਸ਼ੁਰੂ ਕਰਦਾ ਹੈ, "ਮੇਰੇ ਵਡੇਰਿਆਂ ਦਾ ਪਿੰਡ ਭੜਾਣਾ ਸੀ, ਜ਼ਿਲ੍ਹਾ ਲਾਹੌਰ ਵਿਚ। ਸੁਰ ਸਿੰਘ ਤੋਂ ਪੰਜ ਛੇ ਕੋਹ ਦੀ ਵਾਟ 'ਤੇ। ਸੁਰ ਸਿੰਘ ਪਿਤਾ ਦੇ ਨਾਨਕੇ ਸਨ। ਪਿਤਾ ਦੇ ਜਨਮ ਲੈਂਦੇ ਸਾਰ ਹੀ ਮੇਰੀ ਦਾਦੀ ਧੰਨ ਕੌਰ ਗੁਜ਼ਰ ਗਈ। ਪਤਨੀ ਦੀ ਮੌਤ ਹੋ ਜਾਣ 'ਤੇ ਛੋਟੇ ਬੱਚਿਆਂ ਨੂੰ ਪਾਲਣ ਦੀ ਜ਼ਿੰਮੇਵਾਰੀ ਸਿਰ ਉਤੇ ਆ ਪੈਣ ਕਰਕੇ ਮੇਰਾ ਦਾਦਾ ਚੰਦਾ ਸਿੰਘ ਡਾਢਾ ਪਰੇਸ਼ਾਨ ਸੀ। ਪਰ ਇਸ ਪਰੇਸ਼ਾਨੀ ਨੂੰ ਉਸਦੇ ਛੋਟੇ ਸਾਲੇ ਹਕੀਕਤ ਸਿੰਘ ਅਤੇ ਉਸਦੀ ਪਤਨੀ ਹਰਨਾਮ ਕੌਰ ਨੇ ਛੇਤੀ ਹੀ ਦੂਰ ਕਰ ਦਿੱਤਾ। ਹਰਨਾਮ ਕੌਰ ਨੇ ਆਪਣੀ ਨਣਾਨ, ਮੇਰੀ ਦਾਦੀ ਧੰਨ ਕੌਰ ਦੇ ਸਸਕਾਰ ਪਿੱਛੋਂ ਹੀ ਉਸ ਦਾ ਬੱਚਾ, ਮੇਰਾ ਹੋਣ ਵਾਲਾ ਪਿਤਾ, ਆਪਣੀ ਗੋਦ ਵਿਚ ਲੈ ਲਿਆ ਅਤੇ ਸਭ ਦੇ ਸਾਹਮਣੇ ਐਲਾਨ ਕਰ ਦਿੱਤਾ, ਵੀਰ ਚੰਦਾ ਸਿਆਂ! ਅੱਜ ਤੋਂ ਗੇਜ਼ੋ ਤੇ ਦੀਦਾਰ ਸਿੰਘ ਸਾਡੇ ਹੋਏ...।"

ਇਸ ਕਾਂਡ ਵਿਚ ਲੇਖਕ ਨੇ ਆਪਣੇ ਪਰਿਵਾਰ ਤੇ ਪਿੰਡ ਬਾਰੇ ਜਾਣਕਾਰੀ ਦੇਣ ਦੇ ਨਾਲ ਮਾਨਵੀ ਰਿਸ਼ਤਿਆਂ ਦਾ ਦਿਲ-ਟੁੰਬਵਾਂ ਬਿਰਤਾਂਤ ਪੇਸ਼ ਕੀਤਾ ਹੈ। ਖ਼ਾਸ ਕਰਕੇ ਆਪਣੀ ਮਾਤਾ ਦੀ ਮਮਤਾ ਤੇ ਉਹਦੇ ਜਿਗਰੇ ਦਾ, "ਪਿਓ ਬਿਮਾਰ, ਆਕਸੀਜਨ ਲੱਗੀ ਹੋਈ। ਅਸੀਂ ਕਿਸੇ ਟੈੱਸਟ ਦੀ ਰਿਪੋਰਟ ਲੈ ਕੇ ਆਏ ਤਾਂ ਪਿਉ ਦੇ ਸਿਰਹਾਣਿਉਂ ਉੱਠ ਕੇ ਬੀਬੀ ਅਗਲਵਾਂਢੀ ਆ ਕੇ ਸਾਨੂੰ ਕਹਿੰਦੀ, 'ਤੁਹਾਡੇ ਪਿਉ ਕੋਲ ਮੈਂ ਬੈਠੀ ਹਾਂ, ਠੀਕ ਹੈ ਉਹ। ਤੁਸੀਂ ਰੋਟੀ ਖਾ ਆਓ।' ਰੋਟੀ ਖਾ ਕੇ ਮੁੜੇ ਤਾਂ ਪਤਾ ਲੱਗਾ ਕਿ ਪਿਤਾ ਦੀ ਮੌਤ ਤਾਂ ਪਹਿਲਾਂ ਹੀ ਹੋ ਚੁੱਕੀ ਸੀ। ਮਾਂ ਤਾਂ ਸਿਰਫ਼ ਇਹ ਚਾਹੁੰਦੀ ਸੀ ਕਿ ਰੋਣ-ਕਰਲਾਉਣ ਸ਼ੁਰੂ ਹੋਣ ਤੋਂ ਪਹਿਲਾਂ ਸਵੇਰ ਤੋਂ ਭੁੱਖਣ-ਭਾਣਾ ਉਹਦਾ ਪੁੱਤ ਰੋਟੀ ਖਾ ਲਵੇ!"

ਪੁਸਤਕ ਦਾ ਦੂਜਾ ਕਾਂਡ ਲੇਖਕ ਦੀ ਪਹਿਲੀ ਗ੍ਰਿਫ਼ਤਾਰੀ ਦਾ ਬਿਰਤਾਂਤ ਹੈ। ਕਹਾਣੀ ਦੀ ਗੋਂਦ ਵਾਂਗ ਹੀ ਗੁੰਦਿਆ ਹੋਇਆ। ਜਦੋਂ ਉਹ ਕਰਾਂਤੀਕਾਰੀ ਕਵਿਤਾਵਾਂ ਲਿਖਣ ਤੇ ਸਟੇਜਾਂ 'ਤੇ ਪੜ੍ਹਨ ਲੱਗਾ ਤਾਂ ਸੀ. ਆਈ. ਡੀ. ਕਰਦੇ ਪਿੰਡ ਦੇ ਬੰਦਿਆਂ ਨੇ ਮੱਤ ਦਿੱਤੀ ਸੀ ਪਈ ਬਚ ਕੇ ਚੱਲ, ਖ਼ਿਆਲ ਰੱਖ ਆਪਣਾ। ਪਰ ਵਰਿਆਮ ਨੂੰ ਲੱਗਦਾ ਸੀ ਕਿ ਉਹ ਕੋਈ 'ਗੁਨਾਹ' ਨਹੀਂ ਕਰ ਰਿਹਾ। ਭੁੱਖ-ਦੁੱਖ, ਅਨਿਆਂ ਤੇ ਬੇਵੱਸੀ ਦਾ ਜੀਵਨ ਭੋਗ ਰਹੇ ਆਪਣੇ ਲੋਕਾਂ ਦੀ ਬੰਦ-ਖਲਾਸੀ ਲਈ ਹੱਕ-ਸੱਚ ਦੀ ਆਵਾਜ਼ ਹੀ ਤਾਂ ਬੁਲੰਦ ਕਰ

ਰਿਹੈ। ਉਹ ਵੀ ਲਿਖ ਕੇ ਜਾਂ ਬੋਲ ਕੇ, ਬੜੇ ਹੀ ਸੀਮਤ ਰੂਪ ਵਿਚ। ਪਰ ਉਹ ਦਿਨ ਹੀ ਅਜਿਹੇ ਸਨ ਕਿ ਕਾਲਿਜ ਵਿਚ ਬੀ. ਐੱਡ ਕਰਦਾ ਉਹ ਸੀਖਾਂ ਪਿੱਛੇ ਡੱਕਿਆ ਗਿਆ। ਇਹ ਕਾਂਡ ਉਸ ਸਮੇਂ ਦੇ ਸਰਕਾਰੀ ਦਮਨ ਦਾ ਪਰਦਾ ਫਾਸ਼ ਕਰਦਾ ਹੈ। ਸਵੈ-ਜੀਵਨੀ ਹੋਣੀ ਵੀ ਅਜਿਹੀ ਚਾਹੀਦੀ ਹੈ ਜਿਹੜੀ ਜੀਵਨੀਕਾਰ ਦੇ ਜੀਵਨ ਦੇ ਨਾਲ ਸਮੇਂ ਦੇ ਸੱਚ ਨੂੰ ਚਿਤਰ ਕੇ ਇਤਿਹਾਸ ਸਿਰਜੇ।

ਤੀਜੇ ਕਾਂਡ ਵਿਚ ਐਮਰਜੈਂਸੀ ਵੇਲੇ ਲੇਖਕ ਦੀ ਦੂਜੀ ਗ੍ਰਿਫਤਾਰੀ ਦਾ ਵੇਰਵਾ ਹੈ ਕਿ ਕਿਵੇਂ ਕੇਲ ਕਰੇਂਦੇ ਨੂੰ ਅਚਿੰਤੇ ਬਾਜ਼ ਆਣ ਪਏ। ਹੱਥਕੜੀਆਂ ਲੱਗ ਗਈਆਂ, ਪਹਿਲਾਂ ਹਵਾਲਾਤ ਤੇ ਫਿਰ ਜੇਲ੍ਹ ਵਿਚ ਡੱਕਿਆ ਗਿਆ। ਚੌਥੇ ਕਾਂਡ ਵਿਚ ਕੁੰਭੀ ਨਰਕ ਵਰਗੇ ਇੰਟੈਰੋਗੇਸ਼ਨ ਸੈਂਟਰ ਦਾ ਹਿਰਦੇ-ਵੇਧਕ ਵਰਣਨ ਹੈ, "ਅਸਮਾਨ ਚੀਰਦੀ ਚੀਕ ਸੁਣਾਈ ਦਿੱਤੀ। ਕਿਸੇ ਦੂਜੀ ਕੋਠੀ ਵਿਚੋਂ ਬਾਹਰ ਕੱਢਿਆ ਬੰਦਾ ਧਰਤੀ 'ਤੇ ਡਿੱਗਿਆ ਪਿਆ ਸੀ ਤੇ ਇਕ ਜਣਾ ਉਹਦੇ 'ਤੇ, ਬਿਨਾਂ ਉਹਦੇ ਅੰਗਾਂ ਦੀ ਪ੍ਰਵਾਹ ਕੀਤਿਆਂ, ਡਾਂਗਾਂ ਵਰ੍ਹਾ ਰਿਹਾ ਸੀ। "ਬਖਸ਼ ਲੈ ਮਾਪਿਆ! ਮੈਂ ਨੀ੍ ਕੁਝ ਲੁਕਾਇਆ ਤੈਥੋਂ ਮੋਤੀਆਂ ਆਲਿਆ! ਅੱਖਰ ਅੱਖਰ ਸੱਚ ਦੱਸ ਦਿੱਤਾ ਹੈ।"

ਇੰਝ ਇਕ ਇਕ ਕਰ ਕੇ ਕੋਠੜੀਆਂ ਵਿਚੋਂ 'ਬੱਕਰੇ' ਕੱਢੇ ਜਾ ਰਹੇ ਸਨ ਅਤੇ 'ਕਤਲਗਾਹ' ਵੱਲ ਲਿਜਾਏ ਜਾ ਰਹੇ ਸਨ! ਪਹਿਲੇ ਦੋਹਾਂ ਵਾਂਗ ਦੂਜਿਆਂ ਨੂੰ ਵੀ 'ਇਹ' ਮੁੱਢਲੀ 'ਦਖਸ਼ਣਾ' ਦਿੱਤੀ ਗਈ। ਸ਼ਾਇਦ ਮੈਂ ਇਕੱਲਾ ਹੀ ਆਪਣੀ 'ਹੋਣੀ' ਦੀ ਉਡੀਕ ਵਿਚ ਪਿੱਛੇ ਰਹਿ ਗਿਆ ਸਾਂ। ਵੱਖ ਵੱਖ ਜਣਿਆਂ ਦੀਆਂ ਚੀਕਾਂ ਅਤੇ ਚੰਘਿਆੜਾਂ ਦੀ ਆਵਾਜ਼ ਮੇਰੇ ਕੰਨਾਂ ਵਿਚ ਪੈ ਰਹੀ ਸੀ। ਵਰ੍ਹਦੀਆਂ ਡਾਂਗਾਂ ਜਾਂ 'ਪੁਲਿਸੀ ਛਿੱਤਰਾਂ' ਦਾ ਖੜਾਕ ਆ ਰਿਹਾ ਸੀ। ਇਕ ਜਣੇ ਨੂੰ ਕਿੰਨੀਆਂ ਹੀ ਡਾਂਗਾਂ ਪੈ ਗਈਆਂ ਤਾਂ ਮੈਂ ਸੋਚਿਆ; ਮੈਨੂੰ ਡਾਂਗਾਂ ਦੀ ਗਿਣਤੀ ਤਾਂ ਕਰਨੀ ਚਾਹੀਦੀ ਸੀ। ਹੁਣ ਤਾਂ ਸ਼ਾਇਦ 'ਬਸ ਹੀ ਕਰਨ!' ਤਦ ਵੀ ਉਸ ਤੋਂ ਪਿੱਛੋਂ ਮੈਂ ਗਿਣਤੀ ਸ਼ੁਰੂ ਕੀਤੀ। ਪੂਰੀਆਂ ਅਠੱਤੀ ਡਾਂਗਾਂ ਉਸ ਤੋਂ ਪਿੱਛੋਂ ਉਸ ਬੰਦੇ ਨੂੰ ਪਈਆਂ!

'ਨਰਕ' ਵਿਚ ਵੀ ਆਪਣੇ 'ਪਾਪਾਂ ਦੀ ਸਜ਼ਾ' ਭੁਗਤ ਰਹੇ ਲੋਕਾਂ ਵਿਚ ਸ਼ਾਇਦ ਇੰਝ ਹੀ ਕੁਰਲਾਹਟ ਮੱਚਦੀ ਹੋਵੇਗੀ! ਇਹ ਧਰਤੀ ਉਤਲਾ 'ਨਰਕ' ਹੀ ਸੀ।

"ਆ ਬਈ ਵਰਿਆਮ ਸਿੰਹਾਂ! ਬਾਹਰ ਆ।" ਰਾਤ ਵਾਲਾ ਅਧਖੜ ਅਫਸਰ ਮੇਰੀ ਕੋਠੜੀ ਸਾਹਮਣੇ ਖਲੋਤਾ ਸੀ। ਉਸ ਦੇ ਪਿੱਛੇ ਬਾਵਰਦੀ ਹਵਾਲਦਾਰ ਸੀ...।"

ਇਕ ਕਾਂਡ 'ਸ਼ਬਦਾਂ ਦੀ ਤਾਕਤ' ਨਾਲ ਸੰਬੰਧਤ ਹੈ। ਸੁਰ ਸਿੰਘ ਦੇ ਹੀ ਇਕ ਨਿਹੰਗ ਸਿਰ ਨਜਾਇਜ਼ ਕਤਲ ਦਾ ਨਜਾਇਜ਼ ਕੇਸ ਪੈ ਜਾਂਦੈ ਤੇ ਉਸ ਨੂੰ ਜੇਲ੍ਹ ਭੇਜ ਦਿੱਤਾ ਜਾਂਦੈ। ਲੇਖਕ ਨੂੰ ਪਤਾ ਲੱਗਦੈ ਕਿ ਨਿਹੰਗ ਨਿਰਦੋਸ਼ ਹੈ। ਲੇਖਕ ਕੋਲ ਸ਼ਬਦਾਂ ਦੀ ਤਾਕਤ ਹੈ। ਉਹ ਨਿਰਦੋਸ਼ ਨੂੰ ਬਚਾਉਣ ਲਈ ਦਲ ਬਾਬਾ ਬਿਧੀ ਚੰਦ ਦੇ ਮੁਖੀ ਬਾਬਾ ਦਇਆ ਸਿੰਘ ਨੂੰ ਚਿੱਠੀ ਲਿਖਦਾ ਹੈ। ਚਿੱਠੀ ਦੇ ਸ਼ਬਦ ਬਾਬਾ ਜੀ ਦੇ ਦਿਲ ਉੱਤੇ ਅਜਿਹਾ ਅਸਰ ਕਰਦੇ ਹਨ ਕਿ ਬਾਬਾ ਜੀ ਨਿਰਦੋਸ਼ ਨਿਹੰਗ ਸਿੰਘ ਨੂੰ ਬਚਾਉਣ ਲਈ ਉਠ ਤੁਰਦੇ ਹਨ ਤੇ ਨਿਹੰਗ ਬਰੀ ਹੋ ਜਾਂਦਾ ਹੈ। ਇਹ ਵੱਖਰੀ ਗੱਲ ਹੈ ਕਿ ਚਿੱਠੀ ਜੇਲ੍ਹ 'ਚੋਂ ਬਾਹਰ ਕੱਢਣ ਵੇਲੇ ਇਕ ਹਵਾਲਦਾਰ ਨੇ ਲੇਖਕ ਨੂੰ ਤਕੜੀ ਚਪੇੜ ਜੜ ਦਿੱਤੀ ਸੀ, "...ਮੈਂ ਉਹਨਾਂ ਹਮਦਰਦਾਂ ਦਾ ਧਿਆਨ ਆਪਣੇ ਵੱਲ ਮੋੜਨ ਲਈ ਆਵਾਜ਼ ਦੇਣ ਹੀ ਵਾਲਾ ਸਾਂ ਕਿ ਹਵਾਲਦਾਰ ਨੇ 'ਪਟਾਕ' ਕਰਦਾ ਜ਼ੋਰਦਾਰ ਥੱਪੜ ਮੇਰੀ ਗੱਲ੍ਹ 'ਤੇ ਜੜ ਦਿੱਤਾ। ਖੜਾਕ ਨਾਲ ਡਿਓੜ੍ਹੀ ਗੂੰਜ ਉੱਠੀ। ਮੇਰੀ ਆਵਾਜ਼ ਮੂੰਹ ਵਿਚ ਹੀ ਘੁਰਲ ਹੋ ਗਈ।"

"ਕਚਹਿਰੀ ਜਾਂਦਿਆਂ ਵੀ ਇਸ ਚਪੇੜ ਦੀ ਗੂੰਜ ਮੇਰੇ ਅੰਦਰਲੇ ਗੁੰਬਦ ਵਿਚ ਗੂੰਜਦੀ ਗਈ।"



ਅਜਿਹੀ ਹੈ ਲੇਖਕ ਦੀ ਲਿਖਣ ਸ਼ੈਲੀ!

'ਅਸੀਂ ਕੀ ਬਣ ਗਏ!' ਕਾਂਡ ਆਪਣੇ ਆਪ ਵਿਚ 'ਭੱਜੀਆਂ ਬਾਹੀਂ' ਵਰਗੀ ਕਹਾਣੀ ਹੈ। ਸੰਧੂ ਦ੍ਰਿਸ਼-ਚਿਤਰਨ ਦਾ ਵੀ ਧਨੀ ਹੈ, "ਸ਼ਾਮ ਦਾ ਘੁਸਮੁਸਾ ਅਜੇ ਪਸਰਿਆ ਹੀ ਸੀ ਤੇ ਕਿਸੇ ਦੇ ਚਿੱਤ-ਚੇਤੇ ਵੀ ਨਹੀਂ ਸੀ ਕਿ ਇਹ ਘੁਸਮੁਸਾ ਇਕ ਦਮ ਕਾਲੀ-ਬੋਲ਼ੀ ਰਾਤ ਵਾਂਗ ਸਾਰੇ ਪਿੰਡ ਵਿਚ ਪਸਰ ਜਾਵੇਗਾ ਜਾਂ ਇਹ ਕਾਲੀ-ਬੋਲ਼ੀ ਰਾਤ ਕਿਸੇ ਪਰਿਵਾਰ ਜਾਂ ਵਿਸ਼ੇਸ਼ ਵਿਅਕਤੀਆਂ ਲਈ ਉਮਰਾਂ ਜਿੰਨੀ ਲੰਮੀ ਹੋ ਜਾਵੇਗੀ...।"

'ਕੁੜਿੱਕੀ ਵਿੱਚ ਫਸੀ ਜਾਨ' ਵਾਲਾ ਕਾਂਡ ਸੰਧੂ ਦੀ ਜੀਵਨ-ਕਥਾ ਦਾ ਹੋਰ ਲੂੰ-ਕੰਡੇ ਖੜ੍ਹੇ ਕਰਨ ਵਾਲਾ ਬਿਰਤਾਂਤ ਹੈ, "ਕੰਧ ਉੱਤੋਂ ਛਾਲਾਂ ਮਾਰ ਕੇ ਆਉਣ ਵਾਲਿਆਂ ਨੇ, ਜਿਸ ਕਮਰੇ ਵਿਚ ਅਸੀਂ ਬੈਠੇ ਸਾਂ, ਉਹਦੀ ਵੱਖੀ ਵਾਲਾ ਦਰਵਾਜ਼ਾ ਠਕੋਰਿਆ। ਅਸੀਂ ਦੋਹਾਂ ਜੀਆਂ ਨੇ ਇਕ ਦੂਜੇ ਦੇ ਮੂੰਹ ਵੱਲ ਵੇਖਿਆ। ਸੋਚਿਆ; ਸ਼ਾਇਦ ਇਹ ਇਕ ਦੂਜੇ ਦੇ ਅੰਤਮ ਦੀਦਾਰੇ ਹਨ। ਦਰਵਾਜ਼ਾ ਦੂਜੀ ਵਾਰ ਖੜਕਿਆ। ਮੈਨੂੰ ਛੇਤੀ ਨਾਲ ਬਾਹੋਂ ਫੜ ਕੇ ਆਪਣੇ ਪਿੱਛੇ ਕਰਦਿਆਂ ਪਤਨੀ ਨੇ ਹੌਸਲਾ ਕਰਕੇ ਦਰਵਾਜ਼ੇ ਦੀ ਚਿਟਕਣੀ ਖੋਲ੍ਹ ਦਿੱਤੀ। ਉਹ 'ਪਹਿਲਾ ਵਾਰ' ਆਪਣੇ ਉੱਤੇ ਝੱਲਣ ਲਈ ਤਿਆਰ ਸੀ!" ਪੂਰੀ ਪੁਸਤਕ ਹੱਡੀਂ ਹੰਢਾਏ ਅਨੁਭਵ ਦੇ ਸੰਵੇਦਨਸ਼ੀਲ ਬਿਰਤਾਂਤ ਨਾਲ ਭਰੀ ਪਈ ਹੈ। ਆਪਣੀ ਸਾਹਿਤਕ ਸਵੈ-ਜੀਵਨੀ ਵਿਚ ਵਰਿਆਮ ਸਿੰਘ ਨੇ ਬਹੁਤਾ ਵੇਰਵਾ ਆਪਣੀਆਂ ਸਾਹਿਤਕ ਸਰਗਰਮੀਆਂ ਬਾਰੇ ਦਿੱਤਾ ਸੀ। 'ਗੁਫ਼ਾ ਵਿਚਲੀ ਉਡਾਣ' ਵਿਚਲੇ ਬਹੁਤੇ ਵੇਰਵੇ ਉਹਦੇ ਉੱਤੇ ਆਈਆਂ ਮੁਸੀਬਤਾਂ ਦੇ ਹਨ। ਰਾਹ ਜਾਂਦੀਆਂ ਮੁਸੀਬਤਾਂ! ਇਹ ਵੇਰਵੇ ਪੁਲਿਸ ਹੱਥੋਂ ਵਾਰ ਵਾਰ ਖੱਜਲ ਖੁਆਰ ਹੋਣ, ਜੇਲ੍ਹ ਦੀ ਤੰਗੀ ਕੱਟਣ, ਇੰਟੈਰੋਗੇਸ਼ਨ ਸੈਂਟਰ ਦੀ 'ਪੁੱਛ ਗਿੱਛ', ਦਹਿਸ਼ਤੀ ਦੌਰ, ਹੋਰਨਾਂ ਦੀ ਜਾਨ ਬਚਾਉਂਦਿਆਂ ਆਪਣੇ ਸਿਰ ਪੈ ਰਹੇ ਕਤਲ, ਬੇਮੁਹਾਰੀ ਮਾਰ ਧਾੜ ਅਤੇ ਸਕੇ, ਸੰਬੰਧੀਆਂ ਨਾਲ ਟੁੱਟਦੇ ਜੁੜਦੇ ਸੰਬੰਧਾਂ ਦੇ ਹਨ। ਪੁਸਤਕ ਪੜ੍ਹਦਿਆਂ ਪਤਾ ਲੱਗਦੈ ਪਈ ਲੇਖਕ ਸੱਚਮੁੱਚ ਹੀ 'ਵਰਿਆਮ ਜੋਧਾ' ਨਿਕਲਿਆ। ਵਰਿਆਮ ਦੀ ਪਤਨੀ ਰਜਵੰਤ ਪੁਸਤਕ ਦੇ ਆਖ਼ਰੀ ਕਾਂਡ ਵਿਚ ਆਪਣੇ ਪਤੀ ਬਾਰੇ ਲਿਖਦੀ ਹੈ, "...ਇਹ ਅਗਲੇ ਨੂੰ ਹਾਸੇ ਹਾਸੇ ਵਿਚ ਬੜੀ ਕਰੜੀ ਗੱਲ ਵੀ ਆਖ ਦਿੰਦੇ ਨੇ। ਖਰੀ ਗੱਲ ਕਹਿਣੋਂ ਬਾਜ਼ ਨਹੀਂ ਆਉਂਦੇ। ...ਹੁਣ ਤਾਂ ਕਈ ਵਾਰ ਕੋਈ ਗੱਲ ਕਰਦਿਆਂ ਭਾਵੁਕ ਵੀ ਹੋ ਜਾਂਦੇ ਨੇ। ਅੱਖਾਂ ਵਿਚ ਅੱਥਰੂ ਭਰ ਲੈਂਦੇ ਨੇ। ਪਰ ਇਹ ਵਰਿਆਮ ਸਿੰਘ ਸੰਧੂ ਹੀ ਹਨ, ਲੋਹੇ ਦੇ ਜਿਗਰੇ ਵਾਲੇ ਕਿ ਵੱਡੇ ਵੱਡੇ ਸੰਕਟ ਆਉਂਦੇ ਰਹੇ, ਕਦੇ ਸੀਅ ਨਾ ਕੀਤੀ, ਸਭ ਚੁੱਪ ਕਰਕੇ ਸਹਿ ਲਏ, ਜਿਵੇਂ ਕੁਝ ਹੋਇਆ ਈ ਨਹੀਂ ਹੁੰਦਾ।"

ਲੇਖਕ ਹੋਣ ਤਾਂ ਇਸ ਤਰ੍ਹਾਂ ਦੇ ਹੋਣ। ਉਡਾਣ ਭਰਨੋਂ ਨਾ ਡਰਨ ਭਾਵੇਂ ਆਪਣੇ ਨਿੱਕੇ ਆਕਾਸ਼ ਵਿਚ ਹੀ ਭਰਨ। 'ਗੁਫ਼ਾ ਵਿਚਲੀ ਉਡਾਣ' ਵਾਂਗ। ਦੀਵੇ ਵਾਂਗ ਜਗਣ ਤੇ ਜਗਦੇ ਰਹਿਣ। ਸੁਪਨੇ ਕਦੇ ਮਰਨ ਨਾ ਦੇਣ। ਖ਼ੈਰ ਇਹ ਤਾਂ ਦਾਲ 'ਚੋਂ ਦਾਣਾ ਚੱਖਣ ਵਾਂਗ ਹੈ। ਪੂਰਾ ਭੇਤ ਤਾਂ ਪੂਰੀ ਪੁਸਤਕ ਪੜ੍ਹ ਕੇ ਹੀ ਪਾਇਆ ਜਾ ਸਕਦੈ।

[ਕੈਨੇਡਾ : ]

# ਚਿੱਤ ਚੇਤਾ (ਯਾਦਾਂ) ਕਾਨਾ ਸਿੰਘ

'ਚਿੱਤ ਚੇਤਾ' ਕਾਨਾ ਸਿੰਘ ਦੇ ਚਿੱਤ ਵਿਚ ਵਸੇ ਹੋਏ ਚੇਤਿਆਂ ਦਾ ਸੰਗ੍ਰਹਿ ਹੈ। ਜੀਵਨ ਦੀਆਂ ਮਨ ਭਾਉਂਦੀਆਂ ਯਾਦਾਂ। ਪਾਠਕਾਂ ਨੇ ਇਹਨਾਂ ਨੂੰ ਉਸਦੀ ਸਵੈ-ਜੀਵਨੀ ਵੀ ਆਖਿਆ ਹੈ। ਇਹ ਉਸਦੇ ਮਿਤੀ ਬੱਧ ਜੀਵਨ ਦੀ ਬਾਤ ਪਾਉਣ ਨਾ ਪਾਉਣ, ਉਸਦੇ ਵਿਅਕਤਿਤਵ ਦਾ ਦਰਪਨ ਜ਼ਰੂਰ ਹਨ। ਉਸਦਾ ਪੋਠੋਹਾਰ ਵਿਚਲਾ ਬਚਪਨ, ਫਰੀਦਕੋਟ ਤੇ ਦਿੱਲੀ ਵਿਚਲੀ ਜਵਾਨੀ ਅਤੇ ਮੁੰਬਈ ਤੇ ਚੰਡੀਗੜ੍ਹ ਵਿਚਲੇ ਵਿਹਾਰਕ ਜੀਵਨ ਦਾ ਸਾਰ। ਉਸ ਦੇ ਜ਼ੌਕ, ਸ਼ੌਕ, ਸੱਧਰਾਂ, ਪ੍ਰਾਪਤੀਆਂ ਤੇ ਰਹਿੰਦੇ ਜੀਵਨ ਦੀਆਂ ਉਮੰਗਾਂ। ਇਹ ਉਸਦੇ ਜੀਵਨ ਦਾ ਸਭ ਕੁਝ ਹਨ ਵੀ ਤੇ ਨਹੀਂ ਵੀ। ਚੰਗੀ ਗੱਲ ਇਹ ਹੈ ਕਿ ਕੁੜੱਤਣ ਕੋਈ ਨਹੀਂ। ਜੇ ਹੈ ਵੀ ਤਾਂ ਉਸਦੇ ਕਹਿਣ ਦਾ ਢੰਗ ਇਸਨੂੰ ਕੱਟ ਮਾਰਦਾ ਹੈ।

ਕਾਨਾ ਸਿੰਘ ਇਕ ਸੁਬਕ, ਸਰਲ ਤੇ ਬੇਬਾਕੀ ਜੀਊੜਾ ਹੈ। ਕਾਨਾ ਸਿੰਘ ਨੇ ਆਪਣੇ ਜੀਵਨ ਵਿਚ ਕਦੀ ਖੜੋਤ ਨਹੀਂ ਆਉਣ ਦਿੱਤੀ। ਜੀਵਨ ਵਿਚ ਲੰਮੇਰੇ ਸਾਥ ਦੀ ਘਾਟ ਨੂੰ ਵੀ ਘਾਟ ਕਰਕੇ ਨਹੀਂ ਜਾਣਿਆ। ਟੋਟੇ ਟੋਟੇ ਵਿੱਦਿਆ ਪ੍ਰਾਪਤੀ ਤੇ ਕੁੱਲ-ਵਕਤੀ ਰੋਜ਼ੀ ਰੋਟੀ ਦੀ ਘਾਟ ਨੂੰ ਖਿੜੇ ਮੱਥੇ ਪਰਵਾਨ ਕੀਤਾ ਹੈ। ਹੋਮਿਉਪੈਥੀ ਦੀ ਡਾਕਟਰ, ਨੁਮਾਇਸ਼ਗਾਹਾਂ ਦੀ ਰਿਸੈਪਸ਼ਨਿਸਟ, ਯੋਗ ਆਸਣਾਂ ਦੀ ਉਸਤਾਨੀ, ਬੀਮਾ ਕੰਪਨੀਆਂ ਦੀ ਮੁਲਾਜ਼ਮ, ਸ਼ਿੰਗਾਰ ਕਰਤਾ ਤੇ ਅਦਾਕਾਰਾ ਕਾਨਾ ਸਿੰਘ ਘਰ ਵਿਚ ਤੇ ਘਰੋਂ ਬਾਹਰ ਰਾਹ ਜਾਂਦਿਆਂ ਨੂੰ ਵਿੱਦਿਆ ਵਰਤਾ ਸਕਦੀ ਹੈ ਤੇ ਘਰ ਆਇਆਂ ਨੂੰ ਭਾਂਤ ਸੁਭਾਂਤਾ ਭੋਜਨ।

ਹਰ ਕੰਮ ਨਿਸ਼ਚੇ ਨਾਲ ਕਰਨ ਵਾਲੀ ਕਾਨਾ ਨੂੰ ਕਿਸੇ ਅਣਜਾਣੇ ਵਿਅਕਤੀ ਨਾਲ ਮੁਲਾਕਾਤ ਵੀ ਕਰਨੀ ਪਵੇ ਤਾਂ ਪੁੱਛੇ ਜਾਣ ਵਾਲੇ ਪ੍ਰਸ਼ਨਾਂ ਦਾ ਪੁਲੰਦਾ ਪਹਿਲਾਂ ਤਿਆਰ ਕਰਦੀ ਹੈ। ਰੇਖਾ-ਚਿੱਤਰ ਲਿਖਣ ਵੇਲੇ ਚਿੱਤ ਚੇਤੇ ਵਿਚ ਵਸੇ ਨੁਕਤਿਆਂ ਨੂੰ ਉਂਗਲਾਂ ਦੇ ਪੋਟਿਆਂ ਉੱਤੇ ਲਾਹ ਲੈਂਦੀ ਹੈ। ਮੈਂ ਉਸਨੂੰ ਸਵੈ-ਸੇਵੀ ਸੰਸਥਾਵਾਂ ਦੀ ਸਕੱਤਰੀ ਕਰਦਿਆਂ ਵੀ ਤੱਕਿਆ ਹੈ ਤੇ ਖ਼ਜ਼ਾਨਚੀ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਵੀ। ਉਹ ਮੱਥੇ ਵੱਟ ਨਹੀਂ ਪਾਉਂਦੀ। ਇਹ ਗੁਣ ਉਸਦੀਆਂ ਲਿਖਤਾਂ ਵਿਚ ਵੀ ਹੈ। ਉਹ ਬੀਤੇ ਤੋਂ ਵਰਤਮਾਨ ਦੀ ਕੜਵਾਹਟ ਨੂੰ ਪਿਛੋਕੜ ਦੀ ਮਿੱਠਤ ਵਿਚ ਰਲਾ ਕੇ ਅੱਗੇ ਦੀ ਸੋਚਣ ਲੱਗ ਜਾਂਦੀ ਹੈ। ਖੱਟੇ ਮਿੱਠੇ ਨੂੰ ਉਲੰਘਦੀ ਤੇ ਕੌੜ ਕੁਸੈਲੇ ਨੂੰ ਛਲਾਂਗ ਮਾਰ ਕੇ ਪਾਰ ਕਰਦੀ ਕਾਨਾ ਨੇ ਗੁਰਬਖ਼ਸ਼ ਸਿੰਘ ਦੇ ਪਰਚਾਰੇ ਸਾਂਵੇਂ ਪੱਧਰੇ ਜੀਵਨ ਤੋਂ ਵੱਖਰਾ ਰਾਹ ਉਲੀਕਿਆ ਹੈ। ਆਪਣੇ ਪੋਠੋਹਾਰ ਵਿਚਲੇ ਬਚਪਨ, ਮਾਪਿਆਂ ਦੇ ਪਿਆਰ, ਭੈਣਾਂ, ਭਰਾਵਾਂ ਤੇ ਸਹੇਲੀਆਂ ਦੀ ਸੰਗਤ ਤੇ ਉੱਥੋਂ ਦੀ ਮਿੱਟੀ ਦੇ ਮੋਹ ਨੂੰ ਮਿੱਠੀ ਤੇ ਮੁਹਾਵਰੇਦਾਰ ਬੋਲੀ ਵਿਚ ਪੇਸ਼ ਕਰਕੇ ਉਸਨੇ ਆਪਣੇ ਆਪ ਨੂੰ ਮੋਹਨ ਸਿੰਘ ਮਾਹਿਰ ਤੇ ਕਰਤਾਰ ਸਿੰਘ ਦੁੱਗਲ ਦੀ ਮਾਣ ਯੋਗ ਪੰਗਤੀ ਵਿਚ ਲਿਆ ਕੇ ਖਲ੍ਹਾਰਿਆ ਹੈ। ਚੇਤਿਆਂ ਵਿਚ ਦੇਸ਼-ਵੰਡ ਦਾ ਉਜਾੜਾ, ਇੰਦਰਾ ਕਤਲ ਤੋਂ ਉਪਜੀਆਂ ਪੰਜਾਬੀ ਭਾਈਚਾਰੇ ਦੀਆਂ ਤਰੇੜਾਂ ਤੇ ਪੰਜਾਬ ਦੇ ਕਾਲੇ ਦਿਨਾਂ ਦਾ ਵਰਣਨ ਪਾਠਕ ਦੇ ਆਪਣੇ ਮਨ ਵਿਚ ਵਸੇ ਹੋਏ ਸਦਾਚਾਰ ਤੇ ਸਭਿਆਚਾਰ ਦੇ ਵਰਕੇ ਫਰੋਲਣ ਦੀ ਸਮਰੱਥਾ ਰਖਦਾ ਹੈ।

ਉਸਦੇ ਚੇਤੇ ਵਿਚ ਵੇਖੇ ਸੁਣੇ, ਫੁੱਲ, ਜੀਵ-ਜੰਤੂ ਤੇ ਪਸ਼ੂ-ਪੰਛੀ ਹੀ ਨਹੀਂ, ਬੱਕਰੀ ਤੇ ਮੱਝ ਦੇ ਦੁੱਧ ਦੀਆਂ ਧਾਰਾਂ ਵੀ ਹਨ। ਮਾਂ ਦੀ ਮਮਤਾ ਤੇ ਦਾਦੀ ਦੀਆਂ ਲੋਰੀਆਂ। ਸੜਦੀ ਬਲਦੀ ਰੇਤ ਅਤੇ ਉੱਚੇ ਨੀਵੇਂ ਕੰਧਾਂ ਕੋਠੇ ਟੱਪਦਾ ਉਸਦਾ ਚੇਤਾ ਬੇਤਰਤੀਬਾ ਹੋ ਕੇ ਵੀ ਬੱਝਵਾਂ ਪ੍ਰਭਾਵ ਪਾਉਂਦਾ ਹੈ। ਅਨੇਕਤਾ ਵਿਚ ਏਕਤਾ ਵਾਲਾ, ਤੇਰੀ ਮੇਰੀ ਮਰਜ਼ੀ ਕਹਿ ਕੇ ਤੁਰਨ ਵਾਂਗ।

ਆਪਣੀਆਂ ਯਾਦਾਂ ਨੂੰ ਕਿਤਾਬੀ ਰੂਪ ਦੇਣ ਤੋਂ ਪਹਿਲਾਂ ਕਾਨਾ ਸਿੰਘ ਨੇ ਕਵਿਤਾ,



ਕਹਾਣੀ, ਰੇਖਾ ਚਿੱਤਰ, ਮੁਲਾਕਾਤਾਂ, ਯਾਤਰਾ ਲੇਖ, ਬਾਲ ਸਾਹਿਤ-ਹਰ ਵਿਧਾ ਵਿਚ ਰਚਨਾ ਕੀਤੀ ਹੈ। ਪਰ 'ਚਿੱਤ-ਚੇਤਾ' ਦਾ ਪ੍ਰਭਾਵ ਬੱਝਵਾਂ, ਬੇਬਾਕ ਤੇ ਭਰਵਾਂ ਹੈ। ਨੰਗੀ ਧੁੱਪ ਵਿਚ, ਨੰਗੇ ਪੈਰੀਂ, ਡੰਡੀਓ ਡੰਡੀ ਤੁਰਨ ਵਾਲਾ ਪਰ ਟੱਪਰੀਵਾਸਾਂ ਦੀ ਜੂਨ ਤੋਂ ਹਟਵਾਂ। ਕੁੜੱਤਣ ਹੀਣ। ਮੁਸ ਮੁਸ ਕਰਦਾ। ਉਹ ਹਰ ਕਿਸੇ ਨਾਲ ਏਸੇ ਤਰ੍ਹਾਂ ਵਿਚਰਦੀ ਹੈ। ਮੁੰਬਈ ਵਾਲੇ ਸਾਹਿਰ ਲੁਧਿਆਣਵੀ, ਰਾਜਿੰਦਰ ਸਿੰਘ ਬੇਦੀ, ਰਾਜਿੰਦਰ ਕੌਰ, ਕੁਲਦੀਪ ਬੱਗਾ ਜਾਂ ਦਿੱਲੀ ਤੇ ਚੰਡੀਗੜ੍ਹ ਦੇ ਬਲਵੰਤ ਗਾਰਗੀ, ਅੰਮ੍ਰਿਤਾ ਪ੍ਰੀਤਮ, ਹਰਿਭਜਨ ਸਿੰਘ, ਤਾਰਾ ਸਿੰਘ ਕਾਮਲ, ਮੋਹਨ ਭੰਡਾਰੀ, ਨਿਪਿੰਦਰ ਤੇ ਰਮਾ ਰਤਨ ਕਿਸੇ ਨਾਲ ਵੀ। ਹਰ ਕਿਸੇ ਨੂੰ ਕੁਝ ਨਾ ਕੁਝ ਦੇਣ ਤੇ ਹਰ ਕਿਸੇ ਤੋਂ ਕੁਝ ਨਾ ਕੁਝ ਲੈਣ ਵਾਲੀ।

ਮੈਂ ਆਪਣਾ ਨੁਕਤਾ ਸਪਸ਼ਟ ਕਰਨ ਲਈ ਬਲਵੰਤ ਗਾਰਗੀ ਬਾਰੇ ਹੋਈ ਇਕ ਮਿਲਣੀ ਨੂੰ ਵੀਹ ਪੰਨਿਆਂ ਵਿਚ ਫੈਲਾਉਣ ਤੇ ਆਪਣੇ ਕੋਲ ਪੂਰੇ ਚਾਰ ਵਰ੍ਹੇ ਪੜ੍ਹਦੇ ਰਹਿਣ ਵਾਲੇ ਮਨ ਭਾਉਂਦੇ ਸ਼ਾਮ ਨਾਂ ਦੇ ਵਿਦਿਆਰਥੀ ਦੇ ਮੋਹ ਨੂੰ ਦੋ ਪੰਨਿਆਂ ਵਿਚ ਸਮੇਟਣ ਦੀ ਉਦਾਹਰਣ ਦਿੰਦਾ ਹਾਂ।

ਪਹਿਲਾਂ ਗਾਰਗੀ ਤੇ ਫੇਰ ਸ਼ਾਮ।

ਕਨਾਟ ਪਲੇਸ (ਨਵੀਂ ਦਿੱਲੀ) ਦੇ ਲਾ ਬੋਹੀਮ ਕਾਫੀ ਹਾਊਸ ਵਿਚ ਮੋਟੇ ਨਕਸ਼, ਛੋਟੇ ਕੱਦ, ਕਰੜੇ ਜੁੱਸੇ ਪਰ ਕੁੜੀਆਂ ਵਰਗੇ ਹਾਵ ਭਾਵ ਵਰਤ ਕੇ ਦੋ ਸਜੀਆਂ-ਧਜੀਆਂ ਫੈਸ਼ਨਦਾਰ ਕੁੜੀਆਂ ਨੂੰ ਕੁਝ ਸਮਝਾ ਰਿਹਾ ਗਾਰਗੀ ਉਸਦੇ ਮਨ ਵਿਚ ਵਸ ਜਾਂਦਾ ਹੈ। ਕੁੜੀਆਂ ਸੁਹਣੀਆਂ ਰੰਗੀਨ ਤੇ ਮੌਡ ਸਨ। ਸਿਰਾਂ ਉੱਤੇ ਉਲਝੇ ਵਾਲਾਂ ਵਾਲੇ ਪਫ, ਕਾਲੀ ਪੈਨਸਲ ਨਾਲ ਗੂੜ੍ਹੇ ਕੀਤੇ ਕਮਾਨੀਦਾਰ ਭਰਵੱਟੇ, ਮਸਕਾਰੇ ਨਾਲ ਕਾਲੀਆਂ ਕੀਤੀਆਂ ਅੱਖਾਂ ਦੀਆਂ ਗੰਨੀਆਂ, ਸੁਰਖੀ ਰੱਤੇ ਹੋਠਾਂ ਉੱਤੇ ਸੁਰਖੀ ਰੱਤੀਆਂ ਅੱਖੀਆਂ 'ਤੇ ਦੇਸ਼ ਨੂੰ ਨਵੀਂ ਨਵੀਂ ਆਜ਼ਾਦੀ ਮਿਲਣ ਦਾ ਪ੍ਰਭਾਵ ਪਾਉਂਦੀਆਂ ਇਹਨਾਂ ਕੁੜੀਆਂ ਦੇ ਵੱਡੇ ਨਹੁੰਆਂ ਵਿਚ ਟੁੰਗੀਆਂ ਸਿਗਰਟਾਂ ਦੇ ਟਾਕਰੇ ਕਾਨਾ ਨੂੰ ਆਪਣੀ ਸਾੜ੍ਹੀ, ਕੋਟ ਤੇ ਪਰਸ ਬਹੁਤ ਫਿੱਕੇ ਲੱਗੇ ਸਨ। ਉਸ ਦੇ ਲਿਖਣ ਅਨੁਸਾਰ ਉਹ ਕੁੜੀਆਂ ਸ਼ਾਇਦ ਗਾਰਗੀ ਦੇ ਹੋਣ ਵਾਲੇ ਨਾਟਕ ਦੀਆਂ ਪਾਤਰ ਸਨ। ਉਸ ਤੋਂ ਪਿੱਛੋਂ ਉਸਦੇ ਘਰ ਪਹਿਲੀ ਮਿਲਣੀ ਵਿਚ ਹੀ ਜਦੋਂ ਕਾਨਾ ਨੇ ਗਾਰਗੀ ਤੋਂ ਉਸਦੀ ਅਸਲੀ ਦੋਸਤ ਦਾ ਨਾਂ ਪੁੱਛਿਆ ਤਾਂ ਉਸਨੇ ਮੋਟੇ ਨਕਸ਼, ਖੁੱਲ੍ਹੇ ਵਾਤ ਤੇ ਚਿੱਟੇ ਦੰਦਾਂ ਵਾਲੀ ਅਚਲਾ ਸਚਦੇਵ ਦਾ ਨਾਂ ਲਿਆ। ਇਪਟਾ ਦੀ ਸਾਂਝ ਵਾਲੀ ਅਚਲਾ ਦਾ। ਇੱਕੋ ਇਕ ਅਚਲਾ ਦਾ। ਕਾਨਾ ਸਿੰਘ ਦੇ ਸ਼ਬਦਾਂ ਵਿਚ ਉਸਤੋਂ ਪਿੱਛੋਂ ਪਤਾ ਨਹੀਂ ਕਿਉਂ ਉਹਨੂੰ ਹਮੇਸ਼ਾ ਇਹੀਓ ਮਹਿਸੂਸ ਹੁੰਦਾ ਰਿਹਾ ਕਿ ਗਾਰਗੀ ਦੀਆਂ ਨਾਇਕਾਵਾਂ ਭਰਵੀਆਂ ਛਾਤੀਆਂ, ਮੋਟੇ ਨਕਸ਼ਾਂ ਤੇ ਚਿੱਟੇ ਦੰਦਾਂ ਵਾਲੀਆਂ ਹੁੰਦੀਆਂ ਹੋਣਗੀਆਂ। ਜੀਊਂਦੀਆਂ ਲਾਟਾਂ ਤੇ ਬਲਦੀਆਂ ਮਸ਼ਾਲਾਂ।

ਤੇ ਫੇਰ ਜਦੋਂ ਛੱਬੀ ਵਰ੍ਹੇ ਬਾਅਦ ਉਹ ਗਾਰਗੀ ਨੂੰ ਇਕ ਵਾਰ ਫੇਰ ਪਹਿਲਾਂ ਵਾਂਗ ਹੀ ਆਪਣੇ ਪੁਰਾਣੇ ਤਖਤ ਪੋਸ਼ ਉੱਤੇ ਬੈਠ ਕੇ ਆਪਣੇ ਸਟੈਨੋ ਨੂੰ ਡਿਕਟੇਸ਼ਨ ਦਿੰਦਾ ਵੇਖਦੀ ਹੈ ਤਾਂ ਇਹ ਲਿਖੇ ਬਿਨਾਂ ਨਹੀਂ ਰਹਿੰਦੀ, 'ਅਸੀਂ ਭਾਰਤੀ, ਮਹੀਨਿਆਂ ਬੱਧੀ, ਸਾਲਾਂ ਬੱਧੀ, ਉਮਰਾਂ ਬੱਧੀ, ਉੱਝ ਦੇ ਉੱਝ ਹੀ ਰਹਿੰਦੇ ਤੇ ਜੀਉਂਦੇ ਹਾਂ। ਸਾਡਾ ਚਿੰਤਨ, ਖੰਡਾਂ, ਬ੍ਰਹਿਮੰਡਾਂ ਤੇ ਪੁਲਾੜਾਂ ਨੂੰ ਗਾਹ ਲੈਂਦਾ ਹੈ। ਅਸੀਂ ਬਠਿੰਡੇ ਦੇ ਇਕ ਪਿੰਡ ਵਿਚੋਂ ਫੈਲ ਕੇ ਸਾਰੀ ਦੁਨੀਆਂ ਵਿਚ ਛਾ ਜਾਂਦੇ ਹਾਂ। ਕਿੰਨਾ ਪਾਣੀ ਲੰਘ ਜਾਂਦਾ ਹੈ, ਕਿੰਨੇ ਮਿੱਤਰ ਮਿਲ ਕੇ ਵਿਛੜ ਜਾਂਦੇ ਹਨ। ਪੂਰਾਂ ਦੇ ਪੂਰ ਲੰਘਾ ਵੇ ਕੀ ਘਰਾਂ ਵਿਚ ਮੰਜ਼ ਉੱਥੇ ਹੀ ਰਹਿੰਦਾ ਹੈ, ਦੀਵਾਨ ਵੀ ਉੱਥੇ ਹੀ, ਸ਼ੈਲਫ ਵੀ, ਉਸ ਉੱਤੇ ਪਈਆਂ ਕਿਤਾਬਾਂ ਦੀ ਤਰਤੀਬ ਵੀ।

ਇਹ ਤੇ ਇਹੋ ਜਿਹੀਆਂ ਵੀਹ ਸੌ ਗੱਲਾਂ ਵਾਲਾ ਕਾਨਾ ਦਾ ਬਲਵੰਤ ਗਾਰਗੀ ਵਾਲਾ ਲੇਖ ਉਸ ਦਾ ਇਕ ਰੰਗ ਹੈ।

ਆਪਣੇ ਮਨ ਭਾਉਂਦੇ ਵਿਦਿਆਰਥੀ ਸ਼ਾਮ ਬਾਰੇ ਲਿਖਦਿਆਂ ਉਹ ਪਹਿਲਾਂ ਤਾਂ ਸ਼ਾਮ ਨੂੰ

ਘਰਾਂ ਦੀ ਸਫਾਈ ਕਰਨ ਪਿਛੋਂ ਸਾਫ ਸੁਥਰੀ ਵਰਦੀ ਵਿਚ ਸਕੂਲ ਆਉਂਦਾ ਦਿਖਾਉਂਦੀ ਹੈ। ਨਹੁੰ ਕੱਟੇ ਹੁੰਦੇ, ਦੰਦ ਸਾਫ, ਪਰ ਤੇਲ ਲਾ ਕੇ ਕੰਘੀ ਕੀਤੇ। ਸ਼ਾਹ ਕਾਲਾ ਤੇ ਤਿੱਖੇ ਨੈਣ ਨਕਸ਼ਾਂ ਵਾਲਾ ਜਮਾਤ ਦਾ ਮਨੀਟਰ। ਜੇ ਦਲਿਤ ਸੀ ਤਾਂ ਕੀ ਹੋਇਆ!

ਤੇ ਫੇਰ ਜਦੋਂ ਉਸ ਹੀ ਸ਼ਕਲ ਦੀ ਇਕ ਹੋਰ ਅਧਿਆਪਕਾ ਉਸਦੇ ਹੱਥੋਂ ਆਈ ਚਾਹ ਪੀਣ ਉੱਤੇ ਬੁੱਲ੍ਹ ਟੇਰ ਕੇ ਆਪਣਾ ਮੂੰਹ ਦੂਜੇ ਪਾਸੇ ਕਰ ਲੈਂਦੀ ਹੈ ਤਾਂ ਸ਼ਾਮ ਨੂੰ ਏਨਾ ਪਿਆਰਾ ਬੱਚਾ ਕਹਿਣ ਵਾਲੀ ਕਾਨਾ ਸਿੰਘ ਉਸ ਅਧਿਆਪਕਾ ਤੋਂ ਸੀਨੀਅਰ ਹੋਣ ਦੇ ਬਾਵਜੂਦ ਉਸਨੂੰ ਡਾਂਟਣ ਤੋਂ ਝਿਜਕ ਜਾਂਦੀ ਹੈ। ਅਗਲੇ ਦੋ ਸਾਲ ਉਹ ਆਪਣੇ ਸ਼ਾਮ ਨਾਲ ਅੱਖਾਂ ਨਹੀਂ ਮਿਲਾ ਸਕਦੀ। ਸ਼ਾਇਦ ਉਸਨੂੰ ਇਹ ਝਿਜਕ ਤੋੜਨ ਲਈ ਕੋਈ ਨੁਕਤਾ ਹੀ ਨਹੀਂ ਲੱਭਦਾ। ਫੇਰ ਜਦ ਪੰਜਵੀਂ ਜਮਾਤ ਦਾ ਨਤੀਜਾ ਨਿਕਲਣ 'ਤੇ ਸ਼ਾਮ ਅੱਵਲ ਆਇਆ ਤਾਂ ਉਸ ਨੂੰ ਵਿਹੰਦੇ ਸਾਰ ਕਾਨਾ ਨੇ ਸ਼ਾਮ ਦੀ ਗੱਲ੍ਹ 'ਤੇ ਚੁਟਕੀ ਲਈ ਤੇ ਉਸਨੂੰ ਮਿਠਾਈ ਦੀ ਮੰਗ ਪਾਈ। ਉਹ ਲੱਡੂ ਕੀ ਲਿਆਇਆ, ਕਾਨਾ ਸਿੰਘ ਨੇ ਅੱਧਾ ਲੱਡੂ ਉਸਨੂੰ ਖੁਆ ਕੇ ਅੱਧਾ ਆਪਣੇ ਮੂੰਹ ਵਿਚ ਪਾ ਲਿਆ। ਤੇ ਦੋਵਾਂ ਦੀਆਂ ਅੱਖਾਂ ਭਰ ਆਈਆਂ।

ਲੇਖਿਕਾ ਇਹਨੂੰ ਦੋ ਤਿੰਨ ਵਰ੍ਹਿਆਂ ਦੇ ਗੁਨਾਹ ਦੇ ਅਹਿਸਾਸ ਤੋਂ ਮੁਕਤ ਹੋਣ ਦਾ ਇਕ ਤਰਲਾ ਮਾਤਰ ਕਹਿੰਦੀ ਹੈ। ਫੇਰ ਵੀ ਉਸਦੀ ਉਦੋਂ ਤਕ ਤਸੱਲੀ ਨਹੀਂ ਹੁੰਦੀ ਜਦੋਂ ਤਕ ਅੰਤ ਉੱਤੇ ਇਹ ਨਹੀਂ ਲਿਖ ਲੈਂਦੀ

ਪਰ ਕੀ ਏਨੀ ਹੀ ਸੌਖੀ ਹੈ ਮੁਕਤੀ?

ਇਹ ਹੈ 'ਚਿੱਤ ਚੇਤਾ' ਵਾਲੀ ਕਾਨਾ ਸਿੰਘ। ਜੇ ਹੋਰ ਜਾਣਨਾ ਚਾਹੋ ਤਾਂ ਇਕ ਨਿੱਕੀ ਘਟਨਾ ਹੋਰ।

ਮੁੰਬਈ ਵਿਖੇ ਉਸਦੇ ਘਰ ਵਿਚ ਸਫਾਈ ਕਰਨ ਵਾਲੀ ਬਬੀਤਾ ਸਦਾ ਮਰਦਾਂ ਵਾਂਗ ਗੱਲਾਂ ਕਰਦੀ ਹੈ, 'ਮੈਂ ਆ ਗਿਆ। ਮੈਂ ਜਾਂਦਾ ਹਾਂ। ਮੈਂ ਕਲ੍ਹ ਨਹੀਂ ਆਵਾਂਗਾ।' ਰੁਅਬ ਨਾਲ।

ਇਕ ਦਿਨ ਜਦੋਂ ਲਾਬੀ ਵਿਚ ਪੋਚਾ ਮਾਰਦੀ ਕੁਰਸੀ ਨੂੰ ਉਹ ਏਨੇ ਜ਼ੋਰ ਨਾਲ ਧਕਦੀ ਹੈ ਕਿ ਕੁਰਸੀ ਫਰਿਜ ਦੇ ਕੋਨੇ ਵਿਚ ਵੱਜ ਕੇ ਰੰਗ ਹੀ ਨਹੀਂ ਲਾਹੁੰਦੀ, ਵੱਡੀ ਝਰੀਟ ਵੀ ਪਾ ਦਿੰਦੀ ਹੈ ਤਾਂ ਕਾਨਾ ਨੂੰ ਗੁੱਸਾ ਆ ਜਾਂਦਾ ਹੈ। ਉਹ ਬਬੀਤਾ ਨੂੰ ਉੱਚੀ ਬੋਲਦੀ ਹੈ ਤਾਂ ਬਬੀਤਾ ਦਾ ਉੱਤਰ ਉਸਤੋਂ ਵੀ ਤਿੱਖਾ ਹੈ। 'ਰਾਤ ਕੀ ਖਾਧਾ ਸੀ ਤੁਸਾਂ ਜੋ ਗਰਜਣ ਲਈ ਏਨੀ ਸ਼ਕਤੀ ਆ ਗਈ।'

ਉੱਤਰ ਸੁਣ ਕੇ ਕਾਨਾ ਹੈਰਾਨ ਤਾਂ ਹੁੰਦੀ ਹੈ ਪਰ ਗੁੱਸਾ ਨਹੀਂ ਕਰਦੀ।

ਇਹ ਹੈ ਕਾਨਾ ਦਾ 'ਚਿੱਤ ਚੇਤਾ'। ਇਸ ਬਾਰੇ ਹੋਰ ਜਾਣਨਾ ਚਾਹੋ ਤਾਂ ਪੁਸਤਕ ਪੜ੍ਹੋ।

-ਗੁਲਜ਼ਾਰ ਸਿੰਘ ਸੰਧੂ

## ਭੂਮਿਕਾ (ਨਾਵਲ) ਦਰਸ਼ਨ ਸਿੰਘ

'ਭੂਮਿਕਾ' ਦਿੱਲੀ ਵਸਦੇ ਲੇਖਕ ਦਰਸ਼ਨ ਸਿੰਘ ਦਾ ਨਵਾਂ ਅਤੇ ਨੌਵਾਂ ਨਾਵਲ ਹੈ। ਉਸ ਨੇ ਆਪਣੇ ਹਰ ਨਾਵਲ ਵਿਚ ਵੱਖਰੀ ਵਿਸ਼ਾ-ਵੰਨਗੀ ਨਾਲ ਦਿਲਚਸਪ ਬਿਰਤਾਂਤ ਸਿਰਜੇ ਹਨ। ਇਸ ਨਿਆਰੇਪਣ ਦੇ ਬਾਵਜੂਦ ਇਕ ਗੱਲ ਉਸ ਦੀ ਹਰ ਰਚਨਾ ਵਿਚ ਸਾਂਝੀ ਹੈ - ਹਰ ਰਚਨਾ ਵਿਚ ਮੱਧ ਵਰਗ ਅਤੇ ਮੱਧ ਵਰਗ ਨਾਲ ਜੁੜਿਆ ਸੰਸਾਰ ਮੋਕਲੇ ਰੂਪ ਵਿਚ ਪੇਸ਼ ਹੋਇਆ ਹੈ। ਇਸ ਵਰਗ ਦੀਆਂ ਤੰਗੀਆਂ-ਤੁਰਸ਼ੀਆਂ ਅਤੇ ਇਨ੍ਹਾਂ ਤੰਗੀਆਂ-ਤੁਰਸ਼ੀਆਂ ਉੱਤੇ ਕਾਬੂ ਪਾਉਣ ਖਾਤਰ ਉਚ ਵਰਗ ਵਿਚ ਭੱਜ-ਭੱਜ ਰਲਣ ਦੀ ਕਵਾਇਦ ਇਨ੍ਹਾਂ ਰਚਨਾਵਾਂ ਵਿਚੋਂ ਥਾਂ-ਥਾਂ ਝਲਕਾਰੇ ਮਾਰਦੀ ਹੈ। 'ਭੂਮਿਕਾ' (ਸਫੇ: 167, ਮੁੱਲ: 275 ਰੁਪਏ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ) ਨਾਵਲ ਦੇ ਮੁੱਖ ਪਾਤਰ ਵੀ ਇਸੇ ਦੌੜ ਵਿਚ ਦੁੜਕੀਆਂ ਲਾਉਂਦੇ, ਲੜਦੇ-ਭਿੜਦੇ, ਇਕ-ਦੂਜੇ ਨੂੰ



ਠਿੱਬੀਆਂ ਲਾਉਂਦੇ ਅਤੇ ਇਕ-ਦੂਜੇ ਦੇ ਕੰਮ ਆਉਂਦੇ ਦਿਸਦੇ ਹਨ।

ਦਰਸ਼ਨ ਸਿੰਘ ਨੇ ਵੱਖ-ਵੱਖ ਖੇਤਰਾਂ ਨਾਲ ਜੁੜੀਆਂ ਸ਼ਖਸੀਅਤਾਂ ਨੂੰ ਆਧਾਰ ਬਣਾ ਕੇ ਪਹਿਲਾਂ 'ਮਿੱਟੀ', 'ਭਾਊ' ਅਤੇ 'ਬੱਦਲਾਂ ਦੀ ਪੌੜੀ' ਵਰਗੀਆਂ ਜਾਨਦਾਰ ਰਚਨਾਵਾਂ ਦੀ ਸਿਰਜਣਾ ਕੀਤੀ ਹੈ। ਇਨ੍ਹਾਂ ਰਚਨਾਵਾਂ ਦੀ ਖੂਬਸੂਰਤੀ ਅਤੇ ਇਨ੍ਹਾਂ ਦਾ ਬਾਕੀਆਂ ਨਾਲੋਂ ਵਾਧਾ ਇਹ ਹੈ ਕਿ ਇਹ ਰਚਨਾਵਾਂ ਸ਼ਖਸੀਅਤਾਂ ਤੋਂ ਪਾਰ ਜਾ ਕੇ ਸਮੁੱਚੇ ਸੰਸਾਰ ਨੂੰ ਆਪਣੇ ਕਲਾਵੇ ਵਿਚ ਵਲ਼ ਲੈਂਦੀਆਂ ਹਨ। 'ਭੂਮਿਕਾ' ਵੀ ਅਜਿਹੀ ਹੀ ਰਚਨਾ ਹੈ। ਇਸ ਨਾਵਲ ਦੀ ਕਹਾਣੀ ਸਿਰਫ ਇਕ ਦਿਨ ਵਿਚ ਮੁੱਕ ਜਾਂਦੀ ਹੈ; ਦਿਨ ਵਿਚ ਕਿਉਂ ਸਗੋਂ ਇਕ ਰਾਤ ਵਿਚ ਹੀ ਖਤਮ ਹੋ ਜਾਂਦੀ ਹੈ ਪਰ ਨਾਵਲਕਾਰ ਨੇ ਅਜਿਹੀ ਕਾਰੀਗਰੀ ਦਿਖਾਈ ਹੈ ਕਿ ਪਤਾ ਹੀ ਨਹੀਂ ਲਗਦਾ, ਕਿੱਥੋਂ ਫਲੈਸ਼-ਬੈਕ ਸ਼ੁਰੂ ਹੋਈ ਅਤੇ ਕਿੱਥੋਂ ਕਹਾਣੀ ਦੀ ਲੜੀ ਮੁੜ ਜੋੜ ਦਿੱਤੀ ਗਈ ਹੈ। ਇੰਗਲੈਂਡ ਰਹਿੰਦਾ ਸ਼ਾਇਰ ਬੇਅੰਤ ਬਰਾੜ ਦਿੱਲੀ ਵਸਦੀ ਸ਼ਾਇਰਾ ਮੋਹਿਨੀ ਸਭਰਵਾਲ ਤੋਂ ਆਪਣੇ ਨਵੇਂ ਕਾਵਿ ਸੰਗ੍ਰਹਿ ਲਈ ਭੂਮਿਕਾ ਲਿਖਵਾਉਣ ਆਇਆ ਹੈ। ਮਹਿਫਲ ਲਈ ਗਲਾਸ ਸਜਾਏ ਜਾ ਰਹੇ ਹਨ ਪਰ ਸਤਹ ਉੱਤੇ ਬਹੁਤ ਮੁਲਾਇਮ ਦਿਸਦੀ ਇਹ ਕਹਾਣੀ ਹੌਲੀ-ਹੌਲੀ ਜਵਾਰ ਭਾਟੇ ਵਿਚ ਤਬਦੀਲ ਹੋਣ ਲਗਦੀ ਹੈ। ਇਸ ਜਵਾਰ ਭਾਟੇ ਦਾ ਕੇਂਦਰ-ਬਿੰਦੂ ਬਹੁਤ ਸਹਿਜ ਨਾਲ ਵਿਆਹ ਦੀ ਸੰਸਥਾ ਬਣ ਜਾਂਦੀ ਹੈ। ਜਦੋਂ ਪਾਤਰਾਂ ਦੀ ਤਫਸੀਲ ਨੂੰ ਜਰਬਾਂ ਆਉਂਦੀਆਂ ਹਨ ਤਾਂ ਲੇਖਕ ਵੱਲੋਂ ਨਾਵਲ ਦੇ ਆਰੰਭ ਵਿਚ ਲਿਖੇ ਇਹ ਸ਼ਬਦ ਹਰ ਸਫੇ ਤੋਂ ਝਾਤੀਆਂ ਮਾਰਦੇ ਪ੍ਰਤੀਤ ਹੁੰਦੇ ਹਨ: ਸਮੇਂ ਨਾਲ ਵਿਆਹ ਕੋਈ ਏਡੀ ਹੰਢਣਸਾਰ ਚੀਜ਼ ਨਹੀਂ ਰਿਹਾ। ਜੇ (ਇਹ) ਤਾਰ-ਤਾਰ ਨਹੀਂ ਹੋ ਜਾਂਦਾ, ਤਾਂ ਏਨਾ ਘਸੱਡ ਜਾਂਦਾ ਏ ਕਿ ਉਹਦਾ ਆਰ-ਪਾਰ ਦਿਸਣ ਲੱਗ ਪੈਂਦਾ ਹੈ। ... ਤੇ ਦਰਸ਼ਨ ਸਿੰਘ ਨੇ ਆਪਣੇ ਇਸ ਨਵੇਂ ਨਾਵਲ ਵਿਚ ਇਹ ਆਰ-ਪਾਰ ਹੀ ਦਿਖਾਇਆ ਹੈ। ਇਸ ਵਿਚ ਰਿਸ਼ਤੇ, ਮੰਡੀ ਦੀ ਤੱਕੜੀ ਵਿਚ ਤੁਲਦੇ ਭਾਸਦੇ ਹਨ।

ਨਾਵਲਕਾਰ ਦਰਸ਼ਨ ਸਿੰਘ ਨੇ ਆਪਣੇ ਪਹਿਲੇ ਨਾਵਲਾਂ ਵਾਂਗ ਭਾਵੇਂ ਇਸ ਨਾਵਲ ਦੇ ਮੱਥੇ ਉੱਤੇ ਵੀ ਲਿਖ ਛੱਡਿਆ ਹੈ ਕਿ ਨਾਵਲ ਵਿਚ ਪੇਸ਼ ਪਾਤਰ ਕਲਪਿਤ ਹਨ ਪਰ ਨਾਵਲ ਦੇ ਬਿਰਤਾਂਤ ਵਿਚ ਦਿੱਲੀ ਵਸਦੀ ਸ਼ਾਇਰਾ ਦੇ ਨੈਣ-ਨਕਸ਼ ਬਾਕਾਇਦਾ ਉਭਰ-ਉਭਰ ਪਾਠਕ ਨੂੰ ਉਤੇਜਨਾ ਨਾਲ ਭਰ ਦਿੰਦੇ ਹਨ। ਨਾਵਲ ਦਾ ਵਾਧਾ ਹੈ ਹੀ ਇਹ ਕਿ ਇਹ ਇਕੱਲੀ ਇਸ ਸ਼ਾਇਰਾ ਦੀ ਕਹਾਣੀ ਨਾ ਹੋ ਕੇ ਮੱਧ ਵਰਗੀ ਔਰਤ ਦਾ ਸ਼ਬਦ-ਚਿੱਤਰ ਹੋ ਨਿਬੜਦੀ ਹੈ। ਨਾਵਲ ਦੇ ਮੁੱਖ ਪਾਤਰ, ਦੋਵੇਂ ਮੀਆਂ-ਬੀਵੀ ਜ਼ਿੰਦਗੀ ਦੀ ਗੱਡੀ ਦੇ ਐਕਸੀਲੇਟਰ ਤੋਂ ਕਿਸੇ ਵੀ ਘੜੀ ਪੈਰ ਨਹੀਂ ਚੁੱਕਦੇ। ਇਸੇ ਕਰ ਕੇ ਨਾਵਲ ਵਿਚ ਘਟਨਾਵਾਂ-ਦੁਰਘਟਨਾਵਾਂ ਲਗਾਤਾਰ ਵਾਪਰਦੀਆਂ ਹਨ। ਮੋਹਿਨੀ ਸਭਰਵਾਲ ਇਨ੍ਹਾਂ ਘਟਨਾਵਾਂ ਦਾ ਖੁਦ ਹਿੱਸਾ ਬਣਦੀ ਹੈ ਪਰ ਨਾਲ ਦੀ ਨਾਲ ਵਿੱਥ ਵੀ ਰੱਖਦੀ ਜਾਪਦੀ ਹੈ। ਉਸ ਦਾ ਮੀਆਂ ਸੁਰਜਨ ਸਿੰਘ ਸਭਰਵਾਲ ਇਨ੍ਹਾਂ ਘਟਨਾਵਾਂ ਨੂੰ ਕਦੇ ਮਜਬੂਰੀਆਂ ਅਤੇ ਕਦੀ ਲੋੜਾਂ ਦੇ ਖਾਤੇ ਪਾ ਕੇ ਸੁਰਖਰੂ ਹੋਣ ਦਾ ਭਰਮ ਪਾਲ਼ਦਾ ਹੈ। ਤਰੱਕੀ ਦੇ ਪੌਡੇ ਚੜ੍ਹਨ ਲਈ ਉਹ ਹਰ ਸ਼ੈਅ ਨੂੰ ਨਿਸ਼ਾਨੇ ਦੀ ਜ਼ੱਦ ਵਿਚ ਰੱਖਦਾ ਹੈ; ਇੱਥੋਂ ਤਕ ਕਿ ਆਪਣੀ ਖੂਬਸੂਰਤ ਬੀਵੀ ਨੂੰ ਵੀ। ਬੀਵੀ ਨੂੰ ਵੀ ਕੋਈ ਉਜਰ ਨਹੀਂ ਹੈ। ਉਸ ਦਾ ਉਜਰ ਸਿਰਫ ਅਧੀਨਗੀ ਨਾਲ ਹੈ ਅਤੇ ਸੁਰਜਨ ਸਿੰਘ, ਮੋਹਿਨੀ ਨੂੰ ਹਰ ਉਡਾਣ ਦੀ ਆਗਿਆ ਦੇਣ ਦੇ ਬਾਵਜੂਦ ਇਸ ਅਧੀਨਗੀ ਤੋਂ ਮੁਕਤ ਨਹੀਂ ਕਰਦਾ। ਇਹੀ ਨੁਕਤਾ ਇਸ ਨਾਵਲ ਦੀ ਚੂਲ਼ ਹੈ ਜਿਸ ਦੇ ਆਲ਼ੇ-ਦੁਆਲ਼ੇ ਲੇਖਕ ਨੇ ਸਾਰਾ ਤਾਣਾ ਤਣਿਆ ਹੈ। ਨਾਵਲ ਦੇ ਅਖੀਰ ਜਿਹੇ ਵਿਚ ਜਾ ਕੇ ਮੋਹਿਨੀ ਦਾ ਉਜਰ ਦੇਖੋ: "ਮੇਰਾ ਤਜਰਬਾ ਏ, ਜੇ ਦੋਵੇਂ ਜੀਅ ਆਪਣੇ ਆਪ ਨੂੰ ਬਰਾਬਰ ਸਮਝਣ ਤਾਂ ਵਿਆਹ ਠੀਕ ਰਹਿੰਦੈ। ਇਕ ਜੇ ਆਪਣੇ ਆਪ ਨੂੰ ਥੋੜ੍ਹਾ ਜਿਹਾ ਅਧੀਨ ਮੰਨ ਲਏ, ਦਬਿਆ ਰਹੇ, ਵਧੀਕੀਆਂ ਸਹੀ ਜਾਏ ਤਾਂ ਗੜਬੜ ਨਹੀਂ ਹੁੰਦੀ। ... ਜਦੋਂ ਸਾਡਾ ਵਿਆਹ ਹੋਇਆ, ਮੈਂ ਸੁਰਜਨ

ਨੂੰ ਆਪਣੇ ਆਪ ਤੋਂ ਵਧੀਆ ਸਮਝਿਆ। ਮੈਂ ਉਹਦੀ ਅਗਵਾਈ ਮੰਨੀ ਤੇ ਅੱਖਾਂ ਮੀਟ ਕੇ ਤੁਰਦੀ ਗਈ। ਸੌਖੀ ਰਹੀ। ਜਦੋਂ ਤੋਂ ਮਹਿਸੂਸ ਹੋਇਆ, ਵਧੀਆ ਉਹ ਨਹੀਂ, ਮੈਂ ਹਾਂ; ਅਗਵਾਈ ਉਹਦੀ ਨਹੀਂ, ਮੇਰੀ ਹੋਣੀ ਚਾਹੀਦੀ ਏ; ਉਦੋਂ ਤੋਂ ਵਖਤ ਪੈਣਾ ਸ਼ੁਰੂ ਹੋ ਗਿਆ ... ।"

ਸ਼ਬਦਕਾਰੀ ਦਰਸ਼ਨ ਸਿੰਘ ਦੀਆਂ ਰਚਨਾਵਾਂ ਦਾ ਜਲੌਅ ਹੈ। ਇਹ ਜਲੌਅ ਸ਼ਾਇਦ ਇਸ ਕਰ ਕੇ ਹੈ ਕਿਉਂਕਿ ਉਹ ਲੇਖਕ ਹੋਣ ਤੋਂ ਪਹਿਲਾਂ ਲੰਮਾ ਸਮਾਂ ਅਨੁਵਾਦਕ ਰਿਹਾ ਹੈ। ਉਸ ਦਾ ਮੰਨਣਾ ਹੈ ਕਿ ਲੇਖਕ ਨੂੰ ਅਨੁਵਾਦ ਦੇ ਤਜਰਬੇ 'ਚੋਂ ਜ਼ਰੂਰ ਲੰਘਣਾ ਚਾਹੀਦਾ ਹੈ ਕਿਉਂਕਿ ਜਿਹੜੀ ਵੀ ਰਚਨਾ ਉਹ ਅਨੁਵਾਦ ਲਈ ਚੁਣੇਗਾ, ਉਹ ਸਾਧਾਰਨ ਨਹੀਂ ਹੋਣੀ। ਅਨੁਵਾਦ ਕਰਦਿਆਂ, ਕਰਿੰਦਾ ਮੂਲ ਲੇਖਕ ਨਾਲ ਵਰ ਮੇਚਣ ਲਈ ਪੂਰਾ ਟਿੱਲ ਲਾਉਂਦਾ ਹੈ। ਨਵੇਂ ਸ਼ਬਦ ਘੜਦਾ ਹੈ, ਸ਼ਬਦਾਂ ਰਾਹੀਂ ਚਿੱਤਰ ਉਸਾਰਦਾ ਹੈ। ਆਪਣੀਆਂ ਹੋਰ ਰਚਨਾਵਾਂ ਵਾਂਗ 'ਭੂਮਿਕਾ' ਵਿਚ ਵੀ ਲੇਖਕ ਨੇ ਆਪਣੀ ਇਸ ਸ਼ਬਦਕਾਰੀ ਨਾਲ ਗੂੜ੍ਹੇ ਚਿੱਤਰ ਵਾਹੇ ਹਨ। ਇਕ ਥਾਂ ਲੜਾਈ ਵੱਲ ਵਧ ਰਹੀ ਗੱਲ ਦਾ ਜ਼ਿਕਰ ਹੈ: ਮਹਿਮਾਨ ਮੁਸਕਰਾ ਨਹੀਂ ਸਨ ਰਹੇ। ਬੇਅੰਤ ਫਿਕਰ ਕਰ ਰਿਹਾ ਸੀ। ਸੋਚ ਰਿਹਾ ਸੀ, ਏਸ ਕੁੜਿੱਕੀ 'ਚੋਂ ਕਿਵੇਂ ਨਿਕਲੀਏ। ਸੁੱਕਾ ਬਾਲਣ ਇਕੱਠਾ ਹੋ ਚੁੱਕਾ ਸੀ। ਬੱਸ, ਉਤੇ ਬਲਦੀ ਤੀਲੀ ਸੁੱਟਣ ਦੀ ਦੇਰ ਸੀ। ਅੱਗ ਭੜਕ ਪੈਣੀ ਸੀ। ... ਇਸ ਤਰ੍ਹਾਂ ਦੇ ਬਥੇਰੇ ਚਿੱਤਰ 'ਭੂਮਿਕਾ' ਵਿਚ ਪੂਰੇ ਰੰਗ-ਢੰਗ ਨਾਲ ਸਜਾਏ ਲੱਭਦੇ ਹਨ। ਇਨ੍ਹਾਂ ਵਿਚ ਸ਼ਬਦਾਂ ਦੀ ਜੜਤ ਬਹੁਤ ਸੰਜਮ ਅਤੇ ਸਹਿਜ ਹੈ। ਇਹੀ ਦਰਸ਼ਨ ਸਿੰਘ ਦੀਆਂ ਰਚਨਾਵਾਂ ਦਾ ਖਾਸ ਪੱਖ ਹੈ। ਉਸ ਦੀ ਇਹ ਚਿੱਤਰਕਾਰੀ ਰਚਨਾ ਨੂੰ ਹੋਰ ਵੀ ਤਾਕਤ ਅਤੇ ਤੀਬਰਤਾ ਬਖਸ਼ਦੀ ਹੈ। ਉਹ ਕਮਾਲ ਦੀ ਕਲਪਨਾ ਦੇ ਜ਼ਰੀਏ ਬਹੁਤ ਮਹੀਨ ਬਿਰਤਾਂਤ ਸੁਣਾਉਂਦਾ ਹੈ। ਇਸ ਨਾਵਲ ਵਿਚ ਦੋਹਾਂ ਮੁੱਖ ਪਾਤਰਾਂ ਦੀਆਂ ਦਿੱਲੀ-ਦੱਖਣ ਦੀਆਂ ਗੇੜੀਆਂ ਅਤੇ ਇਨ੍ਹਾਂ ਗੇੜੀਆਂ ਲਈ ਵੇਲੇ ਪਾਪੜਾਂ ਦੀ ਕਥਾ ਇਸ ਨੇ ਚਾਸ਼ਨੀ ਵਿਚ ਭਿਉਂ ਕੇ ਪਾਠਕ ਅੱਗੇ ਪਰੋਸੀ ਹੈ। 'ਭੂਮਿਕਾ' ਅਜਿਹੀਆਂ ਰਚਨਾਵਾਂ ਵਿਚੋਂ ਹੈ ਜਿਹੜੀਆਂ ਪਾਠਕ ਪੈਦਾ ਕਰਦੀਆਂ ਹਨ ਅਤੇ ਅੱਜ ਦੇ ਯੁੱਗ ਵਿਚ ਪਾਠਕ ਪੈਦਾ ਕਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਹੈ। -ਜਸਬੀਰ

## ਨਵੀਂ ਸਦੀ ਦੀ ਨਵੀਂ ਨਸਲ (ਕਾਵਿ ਸੰਗ੍ਰਹਿ) ਰਵਿੰਦਰ ਰਵੀ

'ਨਵੀਂ ਸਦੀ ਦੀ ਨਵੀਂ ਨਸਲ'(ਪੰਨੇ 128,ਮੁੱਲ 200 ਰੁਪਏ, ਨੈਸ਼ਨਲ ਬੁਕ ਸ਼ਾਪ,ਚਾਂਦਨੀ ਚੌਕ,ਦਿੱਲੀ) ਰਵਿੰਦਰ ਰਵੀ ਦਾ ਉਨ੍ਹੀਵਾਂ ਕਾਵਿ-ਸੰਗ੍ਰਹਿ ਹੈ,ਜਿਸ ਵਿਚ ਉਸ ਦੀਆਂ ਜਨਵਰੀ 2010 ਤੋਂ ਜਨਵਰੀ 2013 ਤਕ ਦੀਆਂ ਲਿਖੀਆਂ ਕਵਿਤਾਵਾਂ ਸ਼ਾਮਿਲ ਹਨ। ਜਿਵੇਂ ਕਿ ਇਸ ਸੰਗ੍ਰਹਿ ਦਾ ਸਿਰਲੇਖ ਹੀ ਸਪਸ਼ਟ ਕਰਦਾ ਹੈ, ਇਸ ਵਿਚ ਨਵੀਂ ਸਦੀ ਯਾਨੀ ਇੱਕੀਵੀਂ ਸਦੀ ਦੀ ਨਵੀਂ ਨਸਲ ਅਰਥਾਤ ਦੁਨੀਆਂ ਦੇ ਜੀਵਨ-ਯਥਾਰਥ ਨੂੰ ਲਿਆ ਗਿਆ ਹੋਵੇਗਾ। ਠੀਕ ਹੀ, ਇਸ ਵਿਚ ਹਾਲੀਵੁੱਡ ਦੀਆਂ ਬਣੀਆਂ ਫਿਲਮਾਂ ਉੱਤੇ ਤੁਰਦੀਆਂ-ਫਿਰਦੀਆਂ ਤੇ ਬੋਲਦੀਆਂ ਤਸਵੀਰਾਂ ਵਰਗੀ ਤਕਨੀਕੀ ਜੁਗਤ ਨੂੰ ਕਾਵਿ-ਜੁਗਤ ਦੇ ਤੌਰ ਉੱਤੇ ਵਰਤ ਕੇ ਨਵੀਂ ਨਸਲ ਦੀ ਤਸਵੀਰ ਉਤਾਰੀ ਗਈ ਹੈ। ਰਵੀ ਨੇ ਸ਼ਾਇਦ ਏਸੇ ਨੂੰ ਹੀ ਸਿਨਮੈਟਿਕ ਤਕਨੀਕ ਕਿਹਾ ਹੈ। ਅਜਿਹੀ ਤਕਨੀਕ ਕਵੀ ਦੇ ਦਰਸ਼ਨੀ ਪ੍ਰਭਾਵਾਂ(visuals) ਨੂੰ ਵਿਅਕਤ ਕਰਨ ਦਾ ਕਾਵਿਕ ਪ੍ਰਯੋਗ ਕਿਹਾ ਜਾ ਸਕਦਾ ਹੈ। ਇਸ ਪ੍ਰਯੋਗ ਦਾ ਮੰਤਵ ਨਵੀਂ ਸਦੀ ਦੀ ਨਵੀਂ ਨਸਲ ਦੇ ਜੀਵਨ ਦੀਆਂ ਧੁਰ-ਡੂੰਘਾਣਾਂ ਤਕ ਲੱਥ ਕੇ ਇਸਨੂੰ ਇਸਦੀ ਪੂਰੀ-ਸੂਰੀ ਹੋਂਦ ਸਹਿਤ ਸਾਕਾਰਨ ਨਾਲ ਹੈ। ਉਂਝ ਵੀ, ਰਵੀ ਨਵੇਂ ਨਵੇਂ ਪ੍ਰਯੋਗ ਕਰਨ ਵਿਚ ਮਾਹਿਰ ਹੈ।

ਹੱਥਲੀ ਪੁਸਤਕ ਦੀ ਸਿਰਲੇਖਕ ਕਵਿਤਾ ,'ਨਵੀਂ ਸਦੀ ਦੀ ਨਵੀਂ ਨਸਲ' ਵਿਚ ਇਕ ਛੱਤ ਹੇਠ ਰਹਿੰਦੇ ਮਾਤਾ-ਪਿਤਾ ਤੇ ਉਹਨਾਂ ਦੇ ਦੋ ਪੁੱਤਰਾਂ ਤੇ ਦੋ ਧੀਆਂ ਦੇ ਜੀਵਨ-ਬਿਰਤਾਂਤ ਨੂੰ ਪਾਠਕਾਂ ਸਾਹਵੇਂ ਧਰਨ ਲਈ ਸਿਨਮੈਟਿਕ ਤਕਨੀਕ ਦਾ ਭਰਪੂਰ ਇਸਤੇਮਾਲ ਕੀਤਾ ਗਿਆ



ਹੈ। ਇਸ ਕਵਿਤਾ ਦੇ ਇਹ ਛੇ ਪਾਤਰ ਤੇ ਹੋਰਨਾਂ ਕਈ ਕਵਿਤਾਵਾਂ ਜਿਵੇਂ 'ਨਵੀਂ ਸਦੀ ਦੀ ਨਵੀਂ ਤਾਸ਼', 'ਨਵੀਂ ਸਦੀ ਦਾ ਨਵਾਂ ਘਰ', 'ਸਦੀਆਂ ਦੀ ਪਿਆਸ', 'ਬਾਲੀਵੁੱਡ:ਨਾਇਕ ਤੇ ਖਲਨਾਇਕ', 'ਮੋਬਾਇਲ ਟਾਪੂ', 'ਰਿਸ਼ਤਿਆਂ ਦੀ ਸ਼ੂਨਯਤਾ', 'ਨੰਗੇਜੀ ਸਿਖਰ-ਸੰਤੋਖ' ਤੇ 'ਬਿਨ ਦਰੋ ਦੀਵਾਰ' ਦੇ ਪਾਤਰ ਖਪਤ-ਸਭਿਆਚਾਰ ਦੇ ਮਾਰੂ ਪ੍ਰਭਾਵਾਂ ਦਾ ਸ਼ਿਕਾਰ ਹਨ। ਖਪਤ-ਸਭਿਆਚਾਰ ਨਵੀਂ ਸਦੀ ਦੀ ਨਵੀਂ ਨਸਲ ਦੇ ਜੀਵਨ ਨੂੰ ਘੁਣ ਵਾਂਗ ਲੱਗ ਕੇ ਇਸਨੂੰ ਹਰ ਪੱਖ ਤੋਂ ਖੱਦਾ ਕਰੀ ਜਾ ਰਿਹਾ ਹੈ। ਖਪਤ-ਸਭਿਆਚਾਰ ਨੇ ਘਰ ਤੇ ਟੱਬਰ ਦੀਆਂ ਨੀਹਾਂ ਹਿਲਾ ਕੇ ਰੱਖ ਦਿੱਤੀਆਂ ਹਨ। ਕਿਉਂਕਿ ਨਵੀਂ ਨਸਲ ਕੇਵਲ ਆਪਣੇ ਆਪ ਨੂੰ ਹੀ ਨਹੀਂ ਭੁੱਲ ਰਹੀ ਬਲਕਿ ਆਪਣੇ ਵਿਰਸੇ ਦੀਆਂ ਰੀਤਾਂ ਨੂੰ ਵੀ ਭੁੱਲ ਚੁੱਕੀ ਹੈ,ਹਾਲੀਵੁੱਡ ਤੇ ਬਾਲੀਵੁੱਡ ਦੀਆਂ ਫੈਂਟਸੀਆਂ ਭੋਗ-ਭੋਗ ਜੀਂਦੀ ਤੇ ਥੀਂਦੀ ਹੈ,ਗੋਤ-ਗਮਨ ਤੇ ਰੇਪ-ਯੁੱਗ ਨੂੰ ਹੰਢਾਉਂਦੀ ਹੋਈ ਜੰਗਲ ਦੀ ਸਭਿਅਤਾ ਪੈਦਾ ਕਰ ਰਹੀ ਹੈ। ਜੰਗਲੀ ਸਭਿਅਤਾ ਨੂੰ ਰੋਕਣ ਵਾਲੇ ਅਕਲ ਤੇ ਇਲਮ ਰੂਪੀ ਹਥਿਆਰਾਂ ਨੂੰ ਵੀ ਖਪਤ ਸਭਿਆਚਾਰ ਆਪਣੀ ਮਰਜ਼ੀ ਨਾਲ ਵਰਤ- ਵਰਤਾਅ ਕੇ ਨਿਗਲ ਰਿਹਾ ਹੈ। ਰਵੀ ਦੀ ਕਾਵਿ-ਦ੍ਰਿਸ਼ਟੀ ਵਿਚ ਗਿਆਨ ਤੇ ਵਿਗਿਆਨ ਵੀ ਗਲੋਬਲੀਕਰਨ ਦੀ ਬੀਂਡੀ ਬਣੇ ਹੋਏ ਹਨ।

ਨਵੀਂ ਸਦੀ ਦੇ ਗਿਆਨ ਤੇ ਵਿਗਿਆਨ ਨੇ ਅਨੇਕਾਂ ਅਜਿਹੇ ਸੰਦਾਂ ਤੇ ਸਾਧਨਾਂ ਦਾ ਅਵਿਸ਼ਕਾਰ ਕੀਤਾ ਹੈ ਜਿਨ੍ਹਾਂ ਦਾ ਮੂਲ ਪ੍ਰਯੋਜਨ ਸਰਮਾਇਦਾਰੀ ਦੇ ਹੱਕ ਵਿਚ ਭੁਗਤ ਕੇ ਇਸਨੂੰ ਹੋਰ ਤਕੜਿਆਂ ਕਰਨਾ ਅਤੇ ਨਵੀਂ ਨਸਲ ਨੂੰ ਉਸਦੇ ਅਸਲ ਕਰਮ-ਖੇਤਰ ਤੇ ਫ਼ਰਜ਼ਾਂ ਤੋਂ ਦੂਰ ਕਰਨਾ ਹੈ। ਸੂਚਨਾ-ਤਕਨਾਲੌਜੀ ਦੀ ਤੇਜ਼-ਰਫਤਾਰੀ ਦੀ ਕਾਰਗੁਜ਼ਾਰੀ ਨੂੰ ਏਸੇ ਸੰਦਰਭ ਵਿਚ ਪਛਾਣਦਿਆਂ ਰਵੀ ਨੇ ਨਵੀਂ ਨਸਲ ਦੇ ਵਿਗੜਨ ਦੇ ਦਰਸ਼ਨੀ ਪ੍ਰਭਾਵ ਹੱਥਲੀ ਪੁਸਤਕ ਵਿਚ ਸਾਕਾਰ ਕੀਤੇ ਹਨ। ਇੰਟਰਨੈਟ,ਫੇਸਬੁੱਕ,ਆਈ ਫੋਨ ਆਦਿ ਨੇ ਮਨੁੱਖੀ ਨਸਲ ਲਈ ਜਿੱਥੇ ਸਮੇਂ ਤੇ ਸਥਾਨ ਦੇ ਫਾਸਲੇ ਘਟਾਏ ਹਨ, ਉੱਥੇ ਉਸਦੀ ਨਵੀਂ ਨਸਲ ਨੂੰ ਕਈ ਗਲਤ ਕੀਮਤਾਂ ਦੇ ਕੇ ਕੁਰਾਹੇ ਵੀ ਪਾਇਆ ਹੈ । ਉਸਨੂੰ ਉਸ ਦੀਆਂ ਵਿਰਾਸਤੀ ਕੀਮਤਾਂ ਤੋਂ ਦੂਰ ਕਰਕੇ ਉਸਦੀ ਐਸੀ ਮਨੋ-ਸਮਾਜਕ ਸਥਿਤੀ ਬਣਾ ਦਿੱਤੀ ਹੈ, ਜਿਸਨੂੰ ਰਵਿੰਦਰ ਰਵੀ ਨੇ ਨਵੀਂ ਸਦੀ ਦੀ ਨਵੀਂ ਨਸਲ ਦੀਆਂ ਮਾਨਸਿਕ ਗੁੰਝਲਾਂ ਦਾ ਚੱਕ੍ਰਵਯੂਹ ਕਿਹਾ ਹੈ। ਅਸਲ ਵਿਚ ਇਹ ਗਲੋਬਲੀਕਰਨ ਦਾ ਐਸਾ ਚੱਕ੍ਰਵਯੂਹ ਹੈ,ਜਿਸ ਵਿਚ ਪਿਆਰ ਤੋਂ ਸੱਖਣੇ ਰੋਬੋਟ ਵਰਗੇ ਇਨਸਾਨ ਇਨਸਾਨੀਅਤ ਦਾ ਗਲ਼ਾ ਘੁੱਟ ਕੇ ਸਮਲਿੰਗ-ਭੋਗੀ,ਬਹੁ-ਲਿੰਗ-ਭੋਗੀ ਤੇ ਵਿਰੋਧ-ਲਿੰਗ-ਭੋਗੀ ਦਾ ਸੰਭੋਗ ਕਲਚਰ ਪੈਦਾ ਕਰ ਰਹੇ ਹਨ। ਕਿਉਂਕਿ ਇਨ੍ਹਾਂ ਰੋਬੋਟਾਂ ਦਾ ਬਸੇਰਾ ਨੰਗੇਜੀ ਸਿਖਰ-ਸੰਤੋਖ ਉਪਜਾਉਂਦੇ ਨਗਨ-ਨਿਰਤ ਘਰਾਂ ਵਿਚ ਹੈ। ਨਸ਼ਿਆਂ ਦੇ ਬਾਜ਼ਾਰ ਵਿਚ ਸਰਗਰਮ ਮੁੰਡੇ-ਕੁੜੀਆਂ ਫੈਂਟਸੀ ਵਰਗਾ ਜੀਵਨ ਭੋਗਦੇ ਹਨ। ਏਥੋਂ ਹੀ ਦੇਹ-ਵਪਾਰ,ਹਿੰਸਾ ਤੇ ਬਲਾਤਕਾਰ ਵਰਗੀਆਂ ਗੱਲਾਂ ਪਿੰਡ ਪਿੰਡ (ਰਾਸ਼ਟਰੀ ਪੱਧਰਾਂ) ਤੇ ਬ੍ਰਹਿਮੰਡ (ਅੰਤਰਰਾਸ਼ਟਰੀ ਪੱਧਰ) ਵਿਚ ਤੁਰਦੀਆਂ ਹਨ ਤੇ ਜਿਨ੍ਹਾਂ ਨੂੰ ਬਿਨਾਂ ਕਿਸੇ ਭੈਅ ਦੇ ਅੰਜਾਮ ਦੇ ਦਿੱਤਾ ਜਾਂਦਾ ਹੈ। 16 ਦਸੰਬਰ 2012 ਨੂੰ ਭਾਰਤ ਦੀ ਰਾਜਧਾਨੀ ਦਿੱਲੀ ਵਿਚ ਹੋਏ ਗੈਂਗ ਰੇਪ ਦੇ ਪ੍ਰਤੀਕਰਮ ਵਜੋਂ ਲਿਖੀ 'ਗੈਂਗ ਰੇਪ" ਨਾਂ ਦੀ ਕਵਿਤਾ ਅਤੇ ਅਮਰੀਕਾ ਦੇ ਇਕ ਐਲੀਮੈਂਟਰੀ ਸਕੂਲ ਵਿਚ ਹੋਏ ਬੱਚਿਆਂ ਦੇ ਕਤਲ-ਏ-ਆਮ ਤੋਂ ਬਾਅਦ ਲਿਖੀ 'ਅਮਰੀਕਾ:ਹਿੰਸਾ ਦਾ ਸੱਭਿਆਚਾਰ' ਨਾਂ ਦੀ ਕਵਿਤਾ ਨੂੰ ਇਸ ਪ੍ਰਸੰਗ ਵਿਚ ਵਿਚਾਰਿਆ ਜਾ ਸਕਦਾ ਹੈ। ਗਲੋਬਲੀਕਰਨ ਦੀ ਇਹ ਇਕ ਯੁੱਧ-ਨੀਤੀ ਹੈ ਜੋ ਅੰਡਰਵਰਲਡ ਦੀ ਦੁਨੀਆਂ ਨਾਲ ਜੁੜੀ ਹੋਈ ਹੈ। ਰਵਿੰਦਰ ਰਵੀ ਦੀ ਕਾਵਿ-ਦ੍ਰਿਸ਼ਟੀ ਬ੍ਰਹਿਮੰਡ(ਵਿਸ਼ਵ) ਵਿਚ ਇਕ ਮਿਕ ਹੋਏ ਪਿੰਡਾਂ(ਰਾਸ਼ਟਰਾਂ) ਦੇ ਸਮਾਜ-ਸ਼ਾਸਤਰ ਤਕ ਸਹਿਜੇ ਹੀ ਪਹੁੰਚ ਜਾਂਦੀ ਹੈ। ਏਸੇ ਦ੍ਰਿਸ਼ਟੀ ਰਾਹੀਂ ਉਸਨੇ ਗਲੋਬਲੀਕਰਨ ਨੂੰ ਪਰਿਭਾਸ਼ਤ ਕਰਨ ਦਾ ਕਾਵਿ-ਉਪਰਾਲਾ ਕੀਤਾ ਹੈ।

ਗਲੋਬਲੀਕਰਨ ਮਿਸ਼ਰਤ ਸਰਮਾਇਦਾਰੀ ਨਿਜ਼ਾਮਾਂ ਦੀ ਇਕ ਐਸੀ ਪ੍ਰਕਿਰਿਆ ਹੈ ਜਿਹੜੀ

ਬਹੁ-ਰਾਸ਼ਟਰੀ ਸਗਲ ਵਿਓਪਾਰ ਦਾ ਨਾਅਰਾ ਦੇ ਕੇ ਸਮੁੱਚੇ ਰਾਸ਼ਟਰਾਂ ਨੂੰ ਆਰਥਿਕ ਗੁਲਾਮੀ ਦੀਆਂ ਜ਼ੰਜੀਰਾਂ ਨਾਲ ਨੂੜ ਕੇ ਇਨ੍ਹਾਂ ਦੇ ਸਭਿਆਚਾਰਾਂ ਨੂੰ ਤਾਰ-ਤਾਰ ਵੀ ਕਰ ਰਹੀ ਹੈ। ਸੂਚਨਾ-ਤਕਨਾਲੋਜੀ ਤੇ ਵਪਾਰਕ ਸੰਧੀਆਂ ਇਸ ਦੇ ਵਿਸ਼ੇਸ਼ ਹਥਿਆਰ ਹਨ, ਜਿਨ੍ਹਾਂ ਰਾਹੀਂ ਇਹ ਕਿਸੇ ਵੀ ਰਾਸ਼ਟਰ ਦੀ ਸਭਿਅਤਾ ਦੇ ਲੋਕਯਾਨ ਨੂੰ ਨਿਗਲ ਰਹੀ ਹੈ, ਸਥਾਨਕ ਬੋਲੀ ਦੇ ਅਰਥਾਂ ਨੂੰ ਬਦਲ ਰਹੀ ਹੈ, ਧਰਤੀ ਤੇ ਪਉਣ-ਪਾਣੀ ਜਿਹੇ ਕੁਦਰਤੀ ਸੋਮਿਆਂ ਨੂੰ ਨਿਚੋੜ ਰਹੀ ਹੈ, ਸੱਤਾ-ਸਿਆਸਤ ਨੂੰ ਆਪਣੀ ਗੋਲੀ ਬਣਾ ਰਹੀ ਹੈ । ਗਲੋਬਲੀਕਰਨ ਦਾ ਇਹ ਤਾਨਾਸ਼ਾਹੀ ਦੌਰ ਸਮਾਨਤਾ ਦੇ ਨਾਂ ਉੱਤੇ ਅਸਮਾਨਤਾ ਦੀ ਆਰਾਜਕਤਾ ਫੈਲਾਅ ਕੇ ਇਕ-ਧਰੁੱਵੀ ਸਾਮਰਾਜੀ ਸ਼ਕਤੀ ਨੂੰ ਮਜ਼ਬੂਤ ਕਰ ਰਿਹਾ ਹੈ। ਰੂਸ ਚੀਨ ਜਿਹੇ ਸਮਾਜਵਾਦੀ ਮੰਨੇ ਜਾਂਦੇ ਮੁਲਕਾਂ ਵਿਚ ਵੀ ਇਹ ਆਪਣਾ ਭਾਣਾ ਵਰਤਾ ਰਿਹਾ ਹੈ। ਇਸ ਵਿਚਾਰ ਦੀ ਪੁਸ਼ਟੀ ਲਈ 'ਉੱਤਰ ਮਾਰਕਸਵਾਦ', 'ਤਾਨਾਸ਼ਾਹੀ ਤੇ ਵਿਸ਼ਵੀਕਰਨ', 'ਵਣ ਨੂੰ ਬਚਾਓ' ਕਵਿਤਾਵਾਂ ਨੂੰ ਪੜ੍ਹਿਆ ਜਾ ਸਕਦਾ ਹੈ। ਮਿਸਾਲ ਦੇ ਤੌਰ ਉੱਤੇ ਇਨ੍ਹਾਂ ਕਵਿਤਾਵਾਂ ਵਿਚੋਂ ਕੁਝ ਸਤਰਾਂ ਲੈਂਦੇ ਹਾਂ:

1 *ਵਿਸ਼ਵੀਕਰਨ ਦੀ ਕਿਰਿਆ ਵਿਚ*
*ਸਭ ਕੁਝ ਗਡ ਮਡ, ਉਲਝ ਗਿਆ ਹੈ*
*ਸਮਾਜਵਾਦ ਦੀ ਤਾਸੀਰ ਬਦਲ ਗਈ ਹੈ*
*ਸਾਮਰਾਜਵਾਦ ਵੀ ਉਹ ਨਹੀਂ ਰਿਹਾ*
*ਇਹ ਨਵ-ਬਸਤੀਵਾਦੀ ਯੁਗ ਹੈ*
*ਬਹੁ-ਰਾਸ਼ਟਰੀ ਕੰਪਨੀਆਂ ਦੇ ਹੱਥ*
*ਆਰਥਿਕ ਸੱਤਾ ਦੀ ਡੋਰ ਹੈ*
*ਕੱਠਪੁਤਲੀਆਂ ਵਾਂਗ, ਸਭ ਦੇਸ਼ਾਂ ਦੇ*
*ਸੱਤਾਧਾਰੀ ਹਿੱਲਦੇ ਹਨ*
*ਚਿਹਰੇ ਮੁਸਕਰਾਉਂਦੇ, ਹੱਥ ਮਿਲਦੇ ਹਨ (ਉੱਤਰ ਮਾਰਕਸਵਾਦ)*

2. *ਵਿਸ਼ਵੀਕਰਨ ਦੇ ਯੁਗ ਵਿਚ ਵੀ:*
*ਮਜ਼ੂਦਰ ਪਿਸ ਰਿਹਾ ਹੈ*
*ਕਿਸਾਨ ਪਿਸ ਰਿਹਾ ਹੈ*
*ਆਮ ਜਿਹਾ, ਹਰ ਥਾਂ*
*ਇਨਸਾਨ ਪਿਸ ਰਿਹਾ ਹੈ*
*ਆਰਥਿਕ ਸ਼ਕਤੀ, ਸੀਮਤ ਜਿਹੇ ਹੱਥਾਂ ਵਿਚ*
*ਕੇਂਦਰਤ ਹੋ ਰਹੀ ਹੈ*
*ਧਨ, ਉਤਪਾਦਨ ਤੇ ਖਪਤ ਦੇ*
*ਸਮੀਕਰਨ ਬਦਲ ਗਏ ਹਨ (ਤਾਨਾਸ਼ਾਹੀ ਤੇ ਵਿਸ਼ਵੀਕਰਨ)*

ਰਵਿੰਦਰ ਰਵੀ ਦੀ ਕਵਿਤਾ ਗਲੋਬਲੀਕਰਨ ਦੀਆਂ ਮਾਰੂ ਪਰਤਾਂ ਨੂੰ ਉਧੇੜਨ-ਬੁਣਨ ਦੀ ਪ੍ਰਕਿਰਿਆ ਤਕ ਹੀ ਸੀਮਤ ਨਹੀਂ ਰਹਿੰਦੀ ਸਗੋਂ ਇਨ੍ਹਾਂ ਪਰਤਾਂ ਨੂੰ ਪੈਦਾ ਕਰਨ ਵਾਲੀਆਂ ਸ਼ਕਤੀਆਂ ਨਾਲ ਸਿੱਝਣ ਦੀ ਸਮਰੱਥਾ ਵੀ ਰੱਖਦੀ ਹੈ। ਏਸੇ ਲਈ ਉਸਨੇ ਗਲੋਬਲੀਕਰਨ ਦੀ "ਅੱਗ" ਨੂੰ ਪਕੜ ਕੇ ਮਾਨਵਤਾ ਰੂਪੀ "ਵਣ" ਨੂੰ ਬਚਾਉਣ ਦਾ ਸੁਨੇਹਾ ਦਿੱਤਾ ਹੈ। ਗਲੋਬਲੀਕਰਨ ਨੂੰ ਇਕ "ਸ਼ਰਾਪ" ਮੰਨ ਕੇ ਮਨੁੱਖ ਨੂੰ ਉਸਦੇ ਮਨ-ਰੂਪੀ ਸ਼ੀਸ਼ੇ ਸਨਮੁੱਖ ਰਹਿਣ ਦਾ ਸੰਦੇਸ਼ ਦਿੱਤਾ ਹੈ। ਅਤੇ ਇਹ ਵੀ ਸੁਨੇਹਾ ਦਿੱਤਾ ਹੈ ਕਿ ਗਲੋਬਲੀਕਰਨ ਵੱਲੋਂ ਆਰੰਭੇ ਯੁੱਧ ਨੂੰ ਕਿਸੇ ਹਥਿਆਰ ਨਾਲ ਨਹੀਂ ਸਗੋਂ ਚਿੰਤਨ ਦੇ ਮੰਥਨ ਰਾਹੀਂ ਜਿੱਤਿਆ ਜਾ ਸਕਦਾ ਹੈ। ਗਲੋਬਲੀਕਰਨ ਦੀ ਵਸਤੂ-ਰੂਪੀ ਲੀਲ੍ਹਾ(ਖਪਤ-ਸਭਿਆਚਾਰ ਤੋਂ ਪੈਦਾ ਹੋਏ ਵਿਕਾਰ) ਨੂੰ ਸ਼ਬਦਾਂ ਵਿਚ ਮਘਦੀ ਅਗਨ (ਚਿੰਤਨ-ਚੇਤਨਾ) ਨਾਲ



ਸਾੜਿਆ ਜਾ ਸਕਦਾ ਹੈ। ਇਸ ਪਰਥਾਏ 'ਯੁੱਧ ਦੀ ਸ਼ਤਰੰਜ' ਕਵਿਤਾ ਦੀਆਂ ਸਤਰਾਂ ਹਨ:

*ਯੁੱਧ ਵਿਚ, ਹਥਿਆਰ ਚੁੱਕਣੇ ਜ਼ਰੂਰੀ ਨਹੀਂ ਹੁੰਦੇ*
*ਚਿੰਤਨ ਜ਼ਰੂਰੀ ਹੁੰਦਾ ਹੈ, ਚਿੰਤਨ ਦਾ ਮੰਥਨ*

'ਨਵੀਂ ਸਦੀ ਦੀ ਨਵੀਂ ਨਸਲ' ਕਾਵਿ-ਪੁਸਤਕ ਵਿਚਲੀਆਂ ਕਵਿਤਾਵਾਂ ਦੀ ਸ਼ਬਦਾਵਲੀ, ਤਕਨੀਕ ਤੇ ਬਿੰਬ-ਵਿਧਾਨ ਨੂੰ ਪੜਤਾਲਦਿਆਂ ਕਿਹਾ ਜਾ ਸਕਦਾ ਹੈ ਕਿ ਰਵਿੰਦਰ ਰਵੀ ਦੀ ਦ੍ਰਿਸ਼ਟੀ ਵਿਚ ਇਕ ਐਸੇ ਸੰਤੁਲਤ ਵਿਅਕਤੀ ਦਾ ਵਾਸ ਹੈ, ਜੋ ਨਵੇਂ ਤੇ ਪੁਰਾਣੇ ਵਿਚੋਂ ਕੁਝ-ਕੁਝ ਚੰਗਾ ਚੁਣ ਕੇ ਚੰਗੀ ਜੀਵਨ-ਜਾਚ ਦਾ ਅਭਿਲਾਸ਼ੀ ਹੈ। ਉਸਨੂੰ ਆਪਣੇ ਆਲੇ-ਦੁਆਲੇ ਦੀ ਲਹਿੰਦੀ-ਚੜ੍ਹਦੀ ਦਾ ਪੂਰਾ ਗਿਆਨ ਹੈ। ਤੇ ਇਸ ਗਿਆਨ ਆਸਰੇ ਹੀ ਉਹ ਆਪਣੇ ਆਲੇ-ਦੁਆਲੇ ਦੇ ਮਾੜੇ ਵਰਤ-ਵਰਤਾਰੇ ਨਾਲ ਸਿੱਝਣਾ ਲੋਚਦਾ ਹੈ। **-ਚੰਦਰ ਮੋਹਨ**

## ਖਾਰਾ ਪਾਣੀ (ਕਾਵਿ ਸੰਗ੍ਰਹਿ) ਮਦਨ ਵੀਰਾ

'ਖਾਰਾ ਪਾਣੀ'(ਮੁੱਲ 160ਰੁਪਏ, ਪੰਨੇ 112, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ) ਮਦਨ ਵੀਰਾ ਦਾ ਚੌਥਾ ਕਾਵਿ-ਸੰਗ੍ਰਹਿ ਹੈ, ਜਿਸ ਵਿਚ ਉਸਨੇ ਆਪਣੇ ਤਪਦੇ ਮਨ ਨਾਲ ਵਿਚਾਰਾਂ ਕਰ ਕਰ ਕੇ ਨਕਸ਼ਹੀਣ ਜ਼ਿੰਦਗੀ ਦਾ ਚਿਹਰਾ ਨੁਹਾਰਦੀ ਕਵਿਤਾ ਦਿੱਤੀ ਹੈ। ਜਿਵੇਂ ਨਕਸ਼ਹੀਣ'ਨਾਂ ਦੀ ਕਵਿਤਾ ਸੰਕੇਤ ਦਿੰਦੀ ਹੈ ਕਿ ਬੇਕਾਰੀ ਬੰਦੇ ਦੇ ਮੋਹ ਦੀ ਹਰ ਤਰਲ ਕਣੀ ਨੂੰ ਚੂਸ ਚੂਸ ਕੇ ਉਸਦੇ ਜੀਵਨ-ਰੂਪੀ ਪਾਣੀ ਨੂੰ ਖਤਮ ਕਰ ਦਿੰਦੀ ਹੈ, ਉਵੇਂ ਹੀ ਖਾਰਾ ਪਾਣੀ ਨਾਂ ਦੀ ਕਵਿਤਾ ਉਸ ਸ਼ਹਿਰੀ ਮਜ਼ਦੂਰ ਦੀ ਵਿੱਥਿਆ ਗੁਣਗੁਣਾਉਂਦੀ ਹੈ ਜੋ ਪਿੰਡ ਤੋਂ ਸ਼ਹਿਰ ਵਿਚ ਜਾ ਕੇ ਕੰਮ ਤਾਂ ਕਰਦਾ ਹੈ ਪਰ ਉਸ ਕੰਮ ਬਦਲੇ ਮਿਲਦਾ ਮਿਹਨਤਾਨਾ ਏਨਾ ਨਹੀਂ ਕਿ ਉਹ ਆਪਣੇ ਵਰਗਿਆਂ ਜਾਂ ਆਪਣੇ ਤੋਂ ਥੱਲੜੇ ਵਰਗ ਦੇ ਲੋਕਾਂ ਦੇ ਫਿਕਰਾਂ ਦੇ ਲਾਮ-ਲਸ਼ਕਰ ਨਾਲ ਲੜ ਕੇ ਉਹਨਾਂ ਦੀ ਰੋਟੀ-ਰੂਪੀ ਗਰਜ਼ ਪੂਰੀ ਕਰ ਸਕੇ। ਉਸਾਰੀ ਤੋਂ ਬਾਅਦ ਨਾਂ ਦੀਆਂ ਦੋਹਾਂ ਕਵਿਤਾਵਾਂ ਵਿਚ ਉਸ ਸਮਾਜਕ ਵਰਗ ਦੀ ਨੁਹਾਰ ਉਲੀਕੀ ਗਈ ਹੈ, ਜੋ ਭਾਰਤੀ ਰਾਜ ਦੀਆਂ ਸਰਕਾਰੀ ਤੇ ਗ਼ੈਰ-ਸਰਕਾਰੀ ਵੱਡੀਆਂ ਵੱਡੀਆਂ ਇਮਾਰਤਾਂ ਤਾਂ ਖੜ੍ਹੀਆਂ ਕਰਦਾ ਹੈ ਪਰ ਆਪ ਉਹ ਬੇਘਰਾ ਤੇ ਬੇਦਰਾ ਰਹਿ ਕੇ ਲਾਚਾਰੀ ਤੇ ਵਿਚਾਰਗੀ ਵਾਲਾ ਜੀਵਨ ਭੋਗਦਾ ਹੈ। ਦ੍ਰਿਸ਼ਟਾਂਤ ਲਈ ਕਿਸ ਤੱਤੜੀ ਨਾਂ ਦੀ ਕਵਿਤਾ ਦੀਆਂ ਹੇਠ ਲਿਖੀਆਂ ਸਤਰਾਂ ਵੇਖੋ:

*ਛਲਣੀ ਛਲਣੀ ਕਾਇਆ ਤੇਰੀ/ ਤੇਰਾ ਦਿਲ ਸੁੰਨ ਮਸਾਣ*
*ਤੇਰੀ ਠਾਹਰ ਨਾ ਸ਼ਹਿਰ ਗਰਾਂ ਵਿਚ/ ਨਾ ਰੋਹੀ ਬੀਆਬਾਨ*
*ਤਿਲ ਤਿਲ ਸੜਨਾ-ਭੁਰ ਭੁਰ ਬਲਣਾ/ ਤੇਰੇ ਹਿੱਸੇ ਆਇਆ!*

ਇਸੇ ਤਰ੍ਹਾਂ ਵਿਅੰਗਮਈ ਸੁਰ ਵਿਚ ਲਿਖੀ ਹਾਸ਼ੀਏ ਦਾ ਹਉਕਾ ਨਾਂ ਦੀ ਕਵਿਤਾ ਵੀ ਸਮਾਜ ਦੇ ਇਸੇ ਵਰਗ ਨੂੰ ਸੰਬੋਧਤ ਹੁੰਦੀ ਹੋਈ ਇਸਨੂੰ ਗੁਰਬਤ ਭਰੀ ਜ਼ਿੰਦਗੀ ਤੋਂ ਛੁਟਕਾਰਾ ਪਾਉਣ ਦਾ ਸੁਨੇਹਾ ਇਨ੍ਹਾਂ ਸਤਰਾਂ ਰਾਹੀਂ ਦਿੰਦੀ ਹੈ:

*ਇੱਥੇ ਬੈਠਾ ਕੀ ਸੋਚ ਰਿਹਾ?*
*ਇੱਥੇ ਬੈਠਾ ਕੀ ਭਾਲ ਰਿਹਾ?*
*ਆਪਣੇ ਆਕਾ ਦਾ ਹੁਕਮ ਵਜਾ...*

ਅਸਲ ਵਿਚ ਕਵਿਤਾ ਇਹ ਵਿਚਾਰ ਦਿੰਦੀ ਹੈ ਕਿ ਆਪਣੇ ਆਕਾ (ਰਾਜਨੀਤਕ ਆਗੂ) ਦਾ ਹੁਕਮ ਵਜਾਉਣ ਲਈ ਇਸ ਵਰਗ ਨੂੰ ਧਰਮ ਦੀ ਭੇਟ ਤੇ ਕੌਮ ਦੇ ਲੇਖੇ ਵੀ ਲੱਗਣਾ ਪੈਂਦਾ ਹੈ। ਭਾਰਤੀ ਰਾਜਨੀਤੀ ਉੱਤੇ ਇਹ ਕਰੜਾ ਵਿਅੰਗ ਹੈ ਕਿ ਆਪਣੀਆਂ ਰਾਜਨੀਤਕ ਕੁਚਾਲਾਂ ਨੂੰ ਅੰਜਾਮ ਦੇਣ ਲਈ ਅਖੌਤੀ ਰਾਜਨੀਤਕ ਵਰਗ ਸਮਾਜ ਦੇ ਅਤਿ ਗਰੀਬ ਵਰਗ ਨੂੰ ਆਪਣੀ 'ਮਸਲ ਪਾਵਰ'

ਵਜੋਂ ਵਰਤ ਕੇ ਆਪਣਾ ਉੱਲੂ ਸਿੱਧਾ ਕਰਦਾ ਹੈ। ਅਤੇ ਪਿੰਡਾਂ, ਸ਼ਹਿਰਾਂ ਤੇ ਪ੍ਰਾਂਤਾਂ ਵਿਚ ਲਹੂ ਦੀਆਂ ਨਦੀਆਂ ਵਹਾ ਕੇ ਆਪਣੇ ਰਾਜਨੀਤਕ ਮੰਤਵਾਂ ਨੂੰ ਪੂਰਦਾ ਹੈ।

ਮਦਨ ਵੀਰਾ ਦੀ ਕਵਿਤਾ ਦਾ ਮੂਲ ਰਚਨਾਤਮਕ ਸੂਤਰ ਅਖੌਤੀ ਲੀਡਰਾਂ ਦੀ ਅਜਿਹੀ ਉੱਲੂ ਸਿੱਧਾ ਕਰਨ ਵਾਲੀ ਅਮਾਨਵੀ ਪ੍ਰਕਿਰਿਆ ਨੂੰ ਦਰਸਾਉਣ ਨਾਲ ਗੁੰਦਿਆ ਪਿਆ ਹੈ। ਇਸੇ ਲਈ ਉਹ ਗਿਲੇ-ਸ਼ਿਕਾਇਤਾਂ, ਚੋਣ ਬਜ਼ਾਰ, ਮਸੂਲ ਟੈਕਸ, ਦਲਦਲ, ਕਬੂਤਰ, ਹਾਸ਼ੀਏ ਦਾ ਹਉਕਾ, ਨ੍ਹੇਰ ਦਾ ਅਰਦਲੀ, ਸਹਿਮੇ ਹੋਏ ਮਿਰਗ ਦਾ ਬਿਆਨ, ਦਿੱਲੀ-1,2,3,4,5 ਵਰਗੀਆਂ ਕਵਿਤਾਵਾਂ ਵਿਚ ਭਾਰਤੀ ਰਾਜ ਦੀਆਂ ਮਾੜੀਆਂ ਵਿਵਸਥਾਵਾਂ ਨੂੰ ਲੰਮੇ ਹੱਥੀਂ ਲੈਂਦਾ ਹੋਇਆ ਆਮ ਲੋਕਾਂ ਦੇ ਦ੍ਰਿਸ਼ਟੀਕੋਣ ਤੋਂ "ਦਿੱਲੀ" ਨੂੰ ਵਾਰ ਵਾਰ ਕ੍ਰੌਸ ਕੇ ਆਪਣੀ ਰਾਜਸੀ ਸੂਝ ਦਾ ਪ੍ਰਮਾਣ ਦਿੰਦਾ ਹੈ। ਇਸ ਪ੍ਰਸੰਗ ਵਿਚ ਹੇਠ ਲਿਖੀਆਂ ਕਾਵਿ-ਸਤਰਾਂ ਪੜ੍ਹੋ:

*ਦਿੱਲੀ ਮੇਰੇ ਲਈ ਦੂਰ ਹੈ/ ਮੈਂ ਦਿੱਲੀ ਲਈ ਦੂਰ ਨਹੀਂ ਹਾਂ*
*ਦਿੱਲੀ ਤੋਂ ਵਸ਼ਿੰਗਟਨ ਦੂਰ ਹੈ/ ਪਰ ਵਸ਼ਿੰਗਟਨ ਲਈ ਦਿੱਲੀ ਦੂਰ ਨਹੀਂ ਹੈ...*
*ਦਿੱਲੀ ਦਾ ਕਦੇ ਸਿਰ ਨਾ ਦੁਖਿਆ/ ਸਾਡੇ ਸਿਦਕ ਹਰਾਸੇ*
*ਚੋਰ ਉਚੱਕੇ ਇਸ ਦੇ ਚਾਕਰ/ ਸਾਡੇ ਲਹੂ ਦੇ ਪਿਆਸੇ*
*ਅੱਖਾਂ ਮੀਟ ਕਬੂਤਰ ਬੈਠੇ/ ਬਿੱਲੀ ਹੱਥ ਕਮਾਨ!*

ਪਰਿੰਦਿਆਂ ਤੇ ਪਸ਼ੂ-ਜੀਵਾਂ ਵਾਲੀ ਮੌਲਿਕ ਬਿੰਬਾਵਲੀ ਨੂੰ ਇਕ ਕਾਵਿ-ਜੁਗਤ ਦੇ ਤੌਰ ਉੱਤੇ ਵਰਤ ਕੇ ਮਦਨ ਵੀਰਾ ਨੇ ਆਪਣੇ ਤਲਖ਼ ਸਮਿਆਂ ਦੇ ਬੋਲਾਂ ਨੂੰ ਮਾਨਵਵਾਦੀ ਦ੍ਰਿਸ਼ਟੀ ਰਾਹੀਂ ਪਰੋ ਕੇ ਇਕ ਐਸੇ ਸ਼ਿਲਪਕਾਰ ਦਾ ਪ੍ਰਮਾਣ ਦਿੱਤਾ ਹੈ ਜੋ ਆਮ ਲੋਕਾਂ ਦੀ ਧਿਰ ਬਣ ਕੇ ਹੀ ਉਹਨਾਂ ਦੀ ਖ਼ੈਰ-ਸੁੱਖ ਮੰਗਣੀ ਸਰੂਪ ਵਾਲੀ ਕਵਿਤਾ ਲਿਖਦਾ ਹੈ। ਇਸੇ ਲਈ ਤਾਂ ਹੱਥਲੇ ਸੰਗ੍ਰਹਿ ਵਿਚਲੀਆਂ ਸਹਿਮੇ ਹੋਏ ਮਿਰਗ ਦਾ ਬਿਆਨ, ਬੇਵਿਸਾਹੀ ਦਾ ਦੌਰ, ਘਰ-ਮਕਾਨ, ਗਿਰਵੀ,ਗੋਰਖ-ਧੰਦਾ, ਹਰਿਆਵਲ ਦੇ ਝਪਟਮਾਰ, ਅੱਜ ਦਾ ਰੋਜ਼ਨਾਮਚਾ, ਖੋਟਾ ਸਿੱਕਾ ਵਾਲੀਆਂ ਕਵਿਤਾਵਾਂ ਪੂੰਜੀਵਾਦੀ ਸਨਅਤੀ ਸਭਿਆਚਾਰ ਦੇ 'ਅੰਨ੍ਹੇ ਜਲੌਅ' ਨੂੰ ਪ੍ਰਕਾਸ਼ਮਾਨ ਕਰਦੀਆਂ ਹਨ। ਅਤੇ ਜ਼ਬਾਨੀ-ਕਲਾਮੀ,ਜ਼ਿੰਦਗੀ ਦੇ ਭੇਦ, ਕਾਲੀ-ਕਥਾ,ਅੱਗ ਦੀ ਫ਼ਲੀ, ਚਾਨਣੀ,ਸਬੂਤਾ ਸਫਰ, ਵਰਨਮਾਲਾ, ਸਾਵੇ ਹਰਫ਼ਾਂ ਦੀ ਡਾਰ ਵਰਗੀਆਂ ਕਵਿਤਾਵਾਂ ਅਜਿਹੇ ਜਲੌਅ ਨੂੰ ਖਤਮ ਕਰਨ ਲਈ ਉੱਚੀ-ਨੀਵੀਂ ਸੁਰ ਦਾ ਇਸਤੇਮਾਲ ਕਰਦੀਆਂ ਹਨ। ਮਿਸਾਲ ਲਈ ਹੇਠ ਲਿਖੀਆਂ ਕਾਵਿ-ਸਤਰਾਂ ਪੜ੍ਹੋ:

1. *ਨ੍ਹੇਰ ਨਗਰੀ ਦੇ ਪਿਆਦੇ/ ਅਸੀਂ ਜਾਣ ਗਏ ਹਾਂ ਤੇਰੇ ਇਰਾਦੇ*
*ਹੁਣ ਤੂੰ ਸਾਡਾ ਨਹੀਂ/ ਸਿਰਫ ਆਪਣੇ ਕੱਦ ਦਾ ਫ਼ਿਕਰ ਕਰ*
*ਤੇ ਸਿੱਧਾ ਸਾਡੇ ਵਿਰੋਧੀਆਂ 'ਚ ਖੜ੍ਹ*
2. *ਅੱਜ ਜੋ ਢੱਠੇ ਪਏ ਨੇ/ ਇਹ ਵੀ ਨਾਂਵਾਂ ਦੇ ਜਾਏ ਨੇ*
*ਅਖੌਤੀ ਮਾਂਦਰੀਆਂ ਨੇ/ ਜੋ ਪਟਾਰੀ ਵਿਚ ਪਾਏ ਨੇ*
*ਜਿਨ੍ਹਾਂ ਦੀ ਕਮਰ ਟੁੱਟੀ/ ਜਿਨ੍ਹਾਂ ਨੇ ਅੱਜ ਦੰਦ ਗਵਾਏ ਨੇ...*
*ਕਦੇ ਜੋ ਸੁਰਤ ਵਿਚ ਪਰਤੇ/ ਕਦੇ ਜੋ ਹੋਸ਼ ਵਿਚ ਆਏ*
*ਇਨ੍ਹਾਂ ਹੀ ਪੂਛੋਂ ਫੜਕੇ ਡੱਕਣਾ/ ਫਤਹਿ ਲਈ ਨਿਕਲੇ ਅਸ਼ਵਮੇਧ ਨੂੰ*
*ਇਨ੍ਹਾਂ ਨੇ ਜਾਨਣਾ ਫਿਰ/ 'ਦਿਨ ਕਟੀ' ਤੇ 'ਜ਼ਿੰਦਗੀ'ਦੇ ਅਸਲ ਭੇਦ ਨੂੰ*

ਕਵਿਤਾ ਵਿਚ ਜ਼ਿੰਦਗੀ ਦੇ ਯਥਾਰਥਕ ਤੇ ਆਦਰਸ਼ਕ ਭੇਦਾਂ ਨੂੰ ਪ੍ਰਗਟਾਉਣ ਲਈ ਮਦਨ ਵੀਰਾ ਨੇ ਜਿੱਥੇ ਖੁੱਲ੍ਹੀ ਕਵਿਤਾ ਦੀ ਲੈਅ ਦਾ ਇਸਤੇਮਾਲ ਕੀਤਾ ਹੈ ਉੱਥੇ ਸੁਰ-ਤਾਲ ਮੇਲਵੀਂ ਲੈਅ ਨੂੰ ਵੀ ਵਰਤਿਆ ਹੈ। ਸ਼ਾਇਦ ਇਸੇ ਲਈ ਉਸਦੀ ਕਵਿਤਾ ਵਿਚ ਕਿਤੇ ਕਿਤੇ ਪ੍ਰੋ.ਮੋਹਨ ਸਿੰਘੀ ਲੈਅ-ਯੁਕਤ ਕਵਿਤਾ ਦਾ ਜਲਾਲ ਨਜ਼ਰੀਂ ਪੈਂਦਾ ਹੈ। ਮਿਸਾਲ ਲਈ ਹਾਸ਼ੀਏ ਦਾ ਹਉਕਾ ਕਵਿਤਾ ਦੀਆਂ



ਕੁਝ ਕੁ ਸਤਰਾਂ ਲੈਂਦੇ ਹਾਂ:

*ਬੁੱਤ ਬਣਕੇ ਖੜਾ ਚੌਰਾਹੇ 'ਤੇ, ਕੁਝ ਝਿਜਕ ਰਿਹਾ ਕੁਝ ਸੰਗ ਰਿਹਾ*
*ਹਰ ਆਉਂਦੇ ਜਾਂਦੇ ਚਿਹਰੇ 'ਚੋਂ, ਹਰ ਲੰਘਦੇ ਵੜਦੇ ਬੰਦੇ 'ਚੋਂ*
*ਇਹ ਬੰਦਾ ਹੈ ਕੁਝ ਅੰਗ ਰਿਹਾ, ਕੁਝ ਢੂੰਡ ਰਿਹਾ ਕੁਝ ਮੰਗ ਰਿਹਾ*
*ਪੁੱਛੋ ਇਹ ਕੀ ਹੈ ਭਾਲ ਰਿਹਾ? ਦੱਸੋ ਇਹ ਕੀ ਹੈ ਟੋਲ ਰਿਹਾ?*
*ਮੁੜ੍ਹਕੇ 'ਚੋਂ ਰੋਟੀ ਭਾਲਦਿਆਂ, ਆਪਣੇ ਬੋਟਾਂ ਨੂੰ ਪਾਲਦਿਆਂ*
*ਤਿੱਖੀਆਂ ਧੁੱਪਾਂ ਵਿਚ ਸੜ ਜਾਵੇ*
*ਅੰਗ ਪੱਛਦੇ ਪੋਹ ਦੇ ਪਹਿਰਾਂ ਵਿਚ, ਸਾਹ ਰੁਕ ਜਾਵੇ ਲਹੂ ਜੰਮ ਜਾਵੇ*
*ਪਰ ਇਸ ਦੀਆਂ ਨਜ਼ਰਾਂ ਨਾ ਥੰਮਣ*
*ਇਹ ਪੀੜਾ-ਪੱਕਾ ਘਸਮੈਲਾ, ਦੱਸੋ ਕੀ ਚੌਕ 'ਚੋਂ ਟੋਲ ਰਿਹਾ?*
*ਇਹਨੂੰ ਕਹੋ ਜ਼ਮਾਨਾ ਬਦਲ ਗਿਆ* ... ... ... ...

ਗੱਲ ਕੀ, 'ਖਾਰਾ ਪਾਣੀ'ਕਾਵਿ-ਸੰਗ੍ਰਹਿ ਰਾਹੀਂ ਮਦਨ ਵੀਰਾ ਵਡੇਰੇ ਕਾਵਿਕ ਤੇ ਸਮਾਜਕ ਪਾਸਾਰਾਂ ਵਾਲੇ ਸਿਰਜਕ-ਕਵੀ ਵਜੋਂ ਉੱਭਰ ਕੇ ਸਾਹਵੇਂ ਆਉਂਦਾ ਹੈ। ਕਿਉਂਕਿ ਹੱਥਲੇ ਸੰਗ੍ਰਹਿ ਵਿਚ ਔਰਤ ਦੇ ਸ਼ਕਤੀਕਰਨ ਦੀ ਮਾਰ ਵੀ ਹੈ (ਸਬੂਤਾ ਸਫ਼ਰ,ਸਾਵੇ ਹਰਫਾਂ ਦੀ ਡਾਰ), ਬਰੂਦ ਦੇ ਸੰਘਣੇ ਮਾਰੂ ਧੂੰਏਂ ਵਾਲੇ ਤੇਜ਼ਾਬੀ ਮੌਸਮ ਦੀ ਸਾਰ ਵੀ ਹੈ (ਕਵਿਤਾ ਦੀ ਜੰਮਣ-ਭੌਂਅ), ਸ਼ੁੱਧ ਦਲਿਤ ਭਾਵਨਾ ਦੀ ਝਲਕਾਰ ਵੀ ਹੈ (ਬੇਗਾਨਗੀ), ਮੰਡੀ ਦੇ ਦੌਰ ਵਿਚ ਵਿਚਰਦੇ ਆਮ ਇਨਸਾਨ ਨੂੰ ਚਿੱਬ-ਖੜਿੱਬੀ ਹੋਂਦ ਪ੍ਰਦਾਨ ਕਰਦੀ ਲੋਕਤੰਤਰਕ ਵਿਵਸਥਾ ਲਈ ਫਿਟਕਾਰ ਵੀ ਹੈ (ਅੱਜ ਦਾ ਰੋਜ਼ਨਾਮਚਾ, ਖੋਟਾ ਸਿੱਕਾ, ਬੇਵਿਸਾਹੀ ਦਾ ਦੌਰ), ਭਗਤ ਸਿੰਘ ਦੇ ਇਨਕਲਾਬੀ ਵਿਚਾਰਾਂ ਦੀ ਲਲਕਾਰ ਵੀ ਹੈ (ਜ਼ਬਾਨੀ-ਕਲਾਮੀ, 15 ਅਗਸਤ, ਵਰਨਮਾਲਾ), ਕਵੀ ਦੇ ਚੇਤਿਆਂ ਦੇ ਚਿੱਤਰਪਟ ਦੀ ਮੁਹਾਰ ਵੀ ਹੈ (ਡਾਇਰੀ ਦੇ ਪੱਤਰੇ, ਰੂਮ ਸਰਵੈਂਟ), ਦੋਗਲੇ ਬੰਦੇ ਦੀ ਖ਼ਬਰਸਾਰ ਵੀ ਹੈ (ਨ੍ਹੇਰ ਦਾ ਅਰਦਲੀ), ਗਿਆਨ-ਰੂਪੀ ਚਾਨਣ ਦੀ ਲਿਸ਼ਕਾਰ ਵੀ ਹੈ (ਕਿੱਧਰ ਗਏ), ਸਮਾਜਕ ਰਿਸ਼ਤਿਆ ਦੇ ਫਿੱਕੇ ਰੰਗਾਂ ਤੇ ਰੂਪਾਂ ਦੀ ਨੁਹਾਰ ਵੀ ਹੈ (ਪਛਾਣ, ਦੂਰ-ਪਾਰ , ਘਰ-ਮਕਾਨ) ...ਆਦਿ...ਆਦਿ...। ਆਦਿ ਆਦਿ ਦੀ ਤਾਸੀਰ ਨੂੰ ਜਾਨਣ ਲਈ 'ਖਾਰਾ ਪਾਣੀ' ਪੀਣਾ ਪਵੇਗਾ ਯਾਨੀ ਹੱਥਲੇ ਕਾਵਿ-ਸੰਗ੍ਰਹਿ ਨੂੰ ਪੜ੍ਹਨਾ,ਵਿਚਾਰਨਾ ਤੇ ਘੋਖਣਾ ਹੋਵੇਗਾ। *-ਚੰਦਰ ਮੋਹਨ*

## ਖੁਸ਼ਕ ਅੱਖ ਦਾ ਖ਼ਾਬ (ਕਹਾਣੀ ਸੰਗ੍ਰਹਿ) ਅਜਮੇਰ ਸਿੱਧੂ

ਅਜਮੇਰ ਸਿੱਧੂ ਪੰਜਾਬੀ ਦੇ ਸਮਕਾਲੀ ਕਹਾਣੀਕਾਰਾਂ ਵਿਚੋਂ ਸਿਰਕੱ  ਨਾਂ ਹੈ। ਖੁਸ਼ਕ ਅੱਖ ਦਾ ਖ਼ਾਬ ਉਸ ਦਾ ਤੀਜਾ ਕਹਾਣੀ ਸੰਗ੍ਰਹਿ ਹੈ।ਇਸ ਤੋਂ ਪਹਿਲਾਂ ਦੋ ਕਹਾਣੀ ਸੰਗ੍ਰਹਿ ਨਚੀਕੇਤਾ ਦੀ ਮੌਤ ਅਤੇ ਖੂਹ ਗਿੜਦਾ ਹੈ 2 ਪਕਾਸ਼ਤ ਹੋ ਚੁੱਕੇ ਹਨ। ਕਹਾਣੀਕਾਰ ਤੋਂ ਇਲਾਵਾ ਅਜਮੇਰ ਸਿੱਧੂ ਵਾਰਤਕ ਲੇਖਕ ਅਤੇ ਸੰਪਾਦਕ ਵੀ ਹੈ।ਖੱਬੇ ਪੱਖੀ ਇਨਕਲਾਬੀ ਲਹਿਰ ਦੇ ਸਿਰਲੱਥ ੋਧਿਆਂ ਦਾ ਜੀਵਨੀਕਾਰ, ਲੋਕਾਂ ਵਿਚ ਵਿਗਿਆਨਕ-ਤਰਕਸ਼ੀਲ ਦ੍ਰਿਸ਼ਟੀਕੋਣ ਫੈਲਾਉਣ ਵਾਲਾ ਅਣਥੱਕ ਕਲਮ ਦਾ ਸਿਪਾਹੀ ਹੈ।ਉਸ ਦੇ ਇਸ ਕਹਾਣੀ ਸੰਗ੍ਰਹਿ ਵਿਚ ਸ਼ਾਇਦ ਰੰਮੀ ਮੰਨ ਜਾਏ , ਕਬਰ ਚ ਦਫਨ ਹਜ਼ਾਰ ਵਰ੍ਹੇ , ਜਹਾਜ਼ ਵਾਲੀ ਟੈਂਕੀ , ਪੁਨਰ ਜਨਮ , ਇਵਾਨ ਇਲੀਚ ਦੀ ਦੂਜੀ ਮੌਤ , ਉਨੀਂਦੀ ਨਦੀ , ਬਲਦੇ ਚਿਰਾ ਅਤੇ ਖੁਸ਼ਕ ਅੱਖ ਦਾ ਖ਼ਾਬ ਅੱਠ ਕਹਾਣੀਆਂ ਸ਼ਾਮਲ ਹਨ। ਸ਼ਾਇਦ ਰੰਮੀ ਮੰਨ ਜਾਏ ਪੰਜਾਬ ਵਿਚ ਪਿਛਲੇ ਈ ਦਹਾਕਿਆਂ ਤੋਂ ਆ ਰਹੀ ਆਰਥਿਕ ਤਬਦੀਲੀ ਦੇ ਸਮਵਿਥ ਬਦਲ ਰਹੀ ਸਮਾਜਕ ਪਰਿਸਥਿਤੀ ਅਤੇ ਉਸ ਦੇ ਸਮੁੱਚੇ ਸਭਿਆਚਾਰਕ ਪਗਟਾਵੇ ਇੱਕੋ ਵੇਲੇ ਪਕਤਦੀ ਹੈ। ਇਕ ਪਾਸੇ ਨਵਾਂ ਖਪਤਕਾਰੀ ਸਮਾਜ ਇਕ ਮਾਂ ਤਾਰੋ ਆਪਣੀ ਧੀ ਰੰਮੀ

ਦੇਹ-ਵਪਾਰ ਵਿਚ ਧੱਕਣ ਲਈ ਪੇਰਦਾ ਹੈ। ਇਸ ਲਈ ਉਸਦੇ ਹੀ ਪੇਕਿਆਂ ਦੀਆਂ ਕੁੜੀਆਂ ਪੇਰਨਾ ਸਰੋਤ ਬਣਦੀਆਂ ਹਨ, ਜੋ ਨਾ ਕੇਵਲ ਖਪਤਕਾਰੀ ਸਭਿਆਚਾਰ ਵਿਚ ਫਸੀਆਂ ਹੋਈਆਂ ਹਨ, ਸਗੋਂ ਉਸ ਦਾ ਅੰਗ ਅਤੇ ਚਿੰਨ੍ਹ ਵੀ ਹਨ। ਦੂਜੇ ਪਾਸੇ ਸੱਤਾ ਵੀਰ ਮਰ ਕੇ ਵੀ ਇਸ ਖਪਤਕਾਰੀ ਸਮਾਜ ਦੇ ਉਲਟ ਨੈਤਿਕ ਤੌਰ ਤੇ ਗਿਰਨ ਦੀ ਥਾਵੇਂ ਹੱਕ ਸੱਚ, ਮਿਹਨਤ ਦੀ ਜ਼ਿੰਦਗੀ ਲਈ ਪੇਰਦਾ ਹੈ। ਕਹਾਣੀਕਾਰ ਦੀ ਖ਼ੂਬਸੂਰਤੀ ਕਹਾਣੀ ਕਹਿਣ ਦੇ ਅੰਦਾਜ਼ ਵਿਚ ਹੈ। ਉਹ ਘਟਨਾਵੀ ਵਰਨਣ ਦੇ ਨਾਲ ਨਾਲ ਪਤੀਕ-ਪਬੰਧ ਵੀ ਉਸਾਰਦਾ ਹੈ, ਜਿਸ ਦੇ ਵੱਡੇ ਮਾਅਨੇ ਹਨ। ਦੁੱਧ ਵੇਚਣਾ, ਸੱਤੇ ਦੀ ਫੋਟੋ ਦਾ ਸ਼ਹੀਦਾਂ ਦੀ ਫੋਟੋ ਦੇ ਬਰਾਬਰ ਲੱਗੇ ਹੋਣਾ, ਕੁੜੀਆਂ ਦਾ ਪੀਜ਼ੇ-ਬਰਗਰ ਖਾਣਾ, ਦੁੱਧ ਤੇ ਬੀਅਰ ਦੇ ਗਿਲਾਸ ਸਾਧਾਰਨ ਕਹਾਣੀ ਦੇ ਅੰਦਰ ਆ ਗਏ ਵੇਰਵੇ ਜਾਪਦੇ ਹਨ ਪਰ ਅਸਲ ਵਿਚ ਇਹ ਕਹਾਣੀਕਾਰ ਦੇ ਸੁਚੇਤ ਕਾਰਜ ਦੀ ਸੂਚਨਾ ਦਿੰਦੇ ਹਨ। ਅਜਮੇਰ ਦੀ ਖ਼ੂਬਸੂਰਤੀ ਇਹ ਹੈ ਕਿ ਉਹ ਘਟਨਾਵਾਂ ਵਿਚਾਰਧਾਰਕ ਅਰਥ ਦੇਣ ਲਈ ਕਹਾਣੀ ਘੜਦਾ ਹੈ। ਪਰ ਅਜਿਹਾ ਕਰਦਿਆਂ ਉਹ ਥਾਰਥ ਅਤੇ ਕਥਾ-ਰਸ ਦੋਹਾਂ ਹੱਥੋਂ ਨਹੀਂ ਛੱਡਦਾ।

ਦੂਜੀ ਕਹਾਣੀ ਕਬਰ ਵਿਚ ਦਫਨ ਹਜ਼ਾਰ ਵਰ੍ਹੇ ਭਾਵੇਂ ਮਨਾਂ ਅੰਦਰ ਮੌਜੂਦ ਫਿਰਕੂ ਜ਼ਹਿਰ ਦੀ ਕਹਾਣੀ ਹੈ ਪਰ ਲੇਖਕ ਨੇ ਇਸ ਵਿਗਿਆਨਕ ਗਲਪ ਦੀ ਸ਼ੈਲੀ ਵਿਚ ਲਿਖਿਆ ਹੈ। ਲੇਖਕ ਕੋਲ ਵਿਗਿਆਨ ਦਾ ਬੁਨਿਆਦੀ ਗਿਆਨ ਹੈ। ਇਸ ਲਈ ਉਹ ਲਿਖਤ ਵੱਖਰੀ ਪੁੱਠ ਦੇਣ ਵਿਚ ਸਫਲ ਹੁੰਦਾ ਹੈ। ਪੰਜਾਬੀ ਵਿਚ ਵਿਗਿਆਨਕ ਗਲਪ ਅਲਪ ਮਾਤਰਾ ਵਿਚ ਹੈ। ਲੇਖਕ ਨੇ ਸਿਰਫ ਕਹਾਣੀ ਦਾ ਪਾਤਰ ਅਤੇ ਘਟਨਾਵੀ ਸਥਾਨ ਹੀ ਵਿਗਿਆਨਕ ਰੱਖਿਆ ਹੈ ਪਰ ਸਮੁੱਚੀ ਘਟਨਾ ਦੇ ਅੰਦਰ ਫਿਰਕੂ ਜ਼ਹਿਰ ਨੂੰ ਨੰਗਾ ਕਰਨ ਦੀ ਸੋਚ ਪਈ ਹੈ। ਕਹਾਣੀਕਾਰ ਨੇ ਇਹ ਵਿਚਾਰ ਕਹਾਣੀ ਪਬੰਧ ਦੇ ਅੰਦਰੋਂ ਉਸਾਰਿਆ ਹੈ।

ਬਲਦੇ ਚਿਰਾ ਦੇਸ-ਵੰਡ ਨਾਲ ਉੱਠੇ ਜ ਨ ਦੀ ਕਹਾਣੀ ਹੈ ਜਿਸ ਵਿਚ ਇਕ ਮੁਸਲਮਾਨ ਪਾਤਰ ਕਈ ਵਰ੍ਹਿਆਂ ਬਾਅਦ ਭਾਰਤੀ ਪੰਜਾਬ ਵਿਚ ਆਪਣੇ ਜੱਦੀ ਪਿੰਡ ਦੀ ਜ਼ਿਆਰਤ ਕਰਦਾ ਹੈ ਅਤੇ ਆਪਣੇ ਗੁਆਚੇ ਪਿਆਰ ਦੀਆਂ ਨਿਸ਼ਾਨੀਆਂ ਟੋਲਦਾ ਹੈ। ਪਾਕਿਸਤਾਨ ਵਾਪਸ ਜਾਣ ਸਮੇਂ ਉਹ ਆਪਣੇ ਪਿੰਡ ਦੀ ਮਿੱਟੀ ਤੇ ਮੁਹੱਬਤ ਦੇ ਖਤਾਂ ਦਾ ਚੂਰਾ ਡੱਬੀ ਵਿਚ ਪਾ ਕੇ ਜਦੋਂ ਲਿਜਾਂਦਾ ਹੈ ਤਾਂ ਪਹਿਲਾਂ ਕਸਟਮ ਵਾਲੇ ਰੋਕਦੇ ਹਨ ਪਰ ਫਿਰ ਉਸ ਦੀਆਂ ਭਾਵਨਾਵਾਂ ਸਮਝ ਕੇ ਜਾਣ ਦਿੰਦੇ ਹਨ। ਇਕ ਤਰ੍ਹਾਂ ਨਾਲ ਕਹਾਣੀ ਆਸ਼ਾਵਾਦੀ ਗ ਨਾਲ ਖਤਮ ਹੁੰਦੀ ਹੈ। ਕਹਾਣੀਕਾਰ ਲੁਪਤ ਰੂਪ ਵਿਚ ਇਕ ਪਸ਼ਨ ਉਠਾਉਂਦਾ ਹੈ ਕਿ ਆਖਰ ਚੰਗੇ ਭਲੇ ਵਸਦੇ ਰਸਦੇ ਬੰਦੇ ਇਕ ਦੂਜੇ ਦੇ ਖ਼ੂਨ ਦੇ ਪਿਆਸੇ ਕਿਵੇਂ ਬਣ ਜਾਂਦੇ ਹਨ? ਕਹਾਣੀਕਾਰ ਇਸਦਾ ਹੱਲ ਪਿਆਰ ਵਿਚ ਜਾਪਦਾ ਹੈ ਤੇ ਇਸੇ ਲਈ ਉਸਦਾ ਪਾਤਰ ਪਿਆਰ-ਸੁਨੇਹਿਆਂ ਦੀ ਸਾਧਨ ਬਣੀ ਖ਼ਤਾਂ ਦੀ ਡੱਬੀ ਅਮਨ ਸੁਨੇਹੇ ਦੇ ਰੂਪ ਵਿਚ ਵਾਪਸ ਲੈ ਕੇ ਜਾਂਦਾ ਹੈ। ਪੰਜਾਬੀ ਵਿਚ ਪਾਕਿਸਤਾਨੋਂ ਉੱਜੜ ਕੇ ਇਧਰ ਆਏ ਪਾਤਰਾਂ ਦੀਆਂ ਹਿੰਦੂ-ਸਿੱਖ ਦ੍ਰਿਸ਼ਟੀਕੋਣ ਤੋਂ ਲਿਖੀਆਂ ਬਹੁਤ ਕਹਾਣੀਆਂ ਹਨ ਪਰ ਇਹ ਕਹਾਣੀ ਏਧਰੋਂ ਉੱਜੜ ਕੇ ਗਏ ਪਾਕਿਸਤਾਨੀ ਮੁਸਲਮਾਨ ਦੇ ਦ੍ਰਿਸ਼ਟੀਕੋਣ ਤੋਂ ਲਿਖੀ ਕਹਾਣੀ ਹੈ। ਅਜਮੇਰ ਸਿੱਧੂ ਨੇ ਪਹਿਲਾਂ ਵੀ ਇਕ ਕਹਾਣੀ ਇਕਬਾਲ ਹੁਸੈਨ ਮੋਇਆ ਨਹੀਂ ਵਿਚ ਏਧਰ ਰਹਿ ਗਈ ਅਤੇ ਮੁਸਲਮਾਨ ਬਣ ਗਈ ਔਰਤ ਦੇ ਦਰਦ ਪੇਸ਼ ਕੀਤਾ ਸੀ। ਲੇਖਕ ਆਪਣੇ ਭਾਈਚਾਰੇ ਦੀਆਂ ਭਾਵਨਾਵਾਂ ਸੌਖਿਆਂ ਹੀ ਪੇਸ਼ ਕਰ ਦਿੰਦਾ ਹੈ ਪਰ ਦੂਸਰਿਆਂ ਦੀਆਂ ਭਾਵਨਾਵਾਂ ਸਮਝਣਾ ਤੇ ਪੇਸ਼ ਕਰਨਾ ਵੱਡੇ ਲੇਖਕ ਦੀ ਨਿਸ਼ਾਨੀ ਹੁੰਦੀ ਹੈ।

ਜਹਾਜ਼ ਵਾਲੀ ਟੈਂਕੀ ਬਾਹਰ ਜਾਣ ਦੇ ਚੱਕਰ ਵਿਚ ਏਜੰਟਾਂ ਹੱਥੋਂ ਲੁੱਟ ਹੋ ਰਹੇ ਪੰਜਾਬੀਆਂ ਦੀ ਸਾਧਾਰਨ ਕਹਾਣੀ ਨਹੀਂ ਹੈ, ਸਗੋਂ ਇਹ ਉਸ ਸਾਰੇ ਮਕੜਜਾਲ ਨੰਗਾ ਕਰਦੀ ਹੈ, ਜਿਹੜਾ ਇਸ ਸਮੁੱਚੀ ਪਕਿਰਿਆ ਨਾਲ ਜੁੜਿਆ ਹੋਇਆ ਹੈ। ਕਹਾਣੀ ਦਾ ਸੰਬੰਧ ਕਿਸੇ



ਵਿਅਕਤੀ ਵਿਸ਼ੇਸ਼ ਦੇ ਲੁੱਟੇ ਜਾਣ ਨਾਲ ਨਹੀਂ, ਸਗੋਂ ਸਮੁੱਚੇ ਵਰਤਾਰੇ ਦੇ ਮਾਨਸਿਕ ਪਭਾਵ ਮਨੋਵਿਗਿਆਨਕ ਛੋਹ ਨਾਲ ਵਿਭਿੰਨ ਧਰਾਤਲਾਂ ਤੇ ਪੇਸ਼ ਕਰਨ ਨਾਲ ਹੈ। ਬਿਨਾਂ ਸ਼ੱਕ ਇਸ ਵਿਚ ਉਸ ਦੀ ਮੁਹਾਰਤ ਹੈ।

ਇਵਾਨ ਇਲੀਚ ਦੀ ਦੂਜੀ ਮੌਤ ਕਹਾਣੀ ਮੱਧ ਵਰਗ ਅੰਦਰ ਆਪਣੇ ਬੱਚਿਆਂ ਮੌਜੂਦਾ ਪੂੰਜੀਵਾਦੀ ਖਪਤ ਸਭਿਆਚਾਰ ਦੇ ਪੁਰਜ਼ੇ ਬਣਾਉਣ ਲਈ ਲਾਈ ਟਿੱਲ ਦੇ ਮਾੜਿਆਂ ਸਿੱਟਿਆਂ ਦੀ ਦਰਦਨਾਕ ਕਹਾਣੀ ਹੈ। ਇਸ ਸਮੇਂ ਮੱਧਵਰਗ ਆਪਣੇ ਮੌਜੂਦਾ ਆਰਥਿਕ ਸਾਧਨਾਂ ਅਤੇ ਮਿਹਨਤ ਨਾਲ ਆਪਣਾ ਜੀਵਨ ਪੱਧਰ ਬਣਾਈ ਰੱਖਣਾ ਮੁਸ਼ਕਲ ਜਾਪਦਾ ਹੈ। ਸਿੱਟੇ ਵਜੋਂ ਉਹ ਕਿਸੇ ਭਾਵੀ ਭਵਿੱਖਤ ਡਰ ਦੇ ਮਾਰੇ ਆਪਣੇ ਬੱਚਿਆਂ ਔਖੇ ਹੋ ਕੇ ਮਹਿੰਗੇ ਸਕੂਲਾਂ ਵਿਚ ਅੰਗਰੇਜ਼ੀ ਵਿੱਦਿਆ ਦਿਵਾ ਕੇ ਉਚੇਰੇ ਤਬਿਆਂ ਅਤੇ ਪੇ-ਪੈਕਟਾਂ ਦੀ ਤਲਾਸ਼ ਵਿਚ ਹੈ। ਮਾਪੇ ਆਪਣੀਆਂ ਇੱਛਾਵਾਂ ਬੱਚਿਆਂ 'ਤੇ ਲੱਦ ਦਿੰਦੇ ਹਨ। ਬਹੁਤੀ ਵਾਰ ਬੱਚੇ ਇਹ ਭਾਰ ਨਾ ਝੱਲਦੇ ਅੱਧ ਵਿਚਕਾਰ ਹੀ ਟੁੱਟ ਜਾਂਦੇ ਹਨ। ਪਰ ਕਈ ਵਾਰ ਸਭ ਕੁਝ ਪਾਪਤ ਹੋ ਕੇ ਅੰਤ ਵਿਚ ਡੋਰ ਕੱਟ ਜਾਂਦੀ ਹੈ।

ਇਸੇ ਸੰਗਹਿ ਵਿਚ ਸ਼ਾਮਲ ਕਹਾਣੀ ਉਣੀਂਦੀ ਨਦੀ' ਵੀ ਮਾਪਿਆਂ ਦੀਆਂ ਇੱਛਾਵਾਂ ਉਪਰ ਕੁਰਬਾਨ ਹੋ ਗਈ ਇਕ ਅਜਿਹੀ ਕੁੜੀ ਦੀ ਕਹਾਣੀ ਹੈ ਜੋ ਮਾਪਿਆਂ ਦੇ ਅੰਧ ਵਿਸ਼ਵਾਸਾਂ ਪਿੱਛੇ ਲੱਗ ਕੇ ਡੇਰੇ ਚੜ੍ਹ ਜਾਂਦੀ ਹੈ। ਆਪਣੀਆਂ ਸਾਰੀਆਂ ਇੱਛਾਵਾਂ ਉਹ ਮਾਰ ਲੈਂਦੀ ਹੈ ਅਤੇ ਅਖੀਰ ਵਿਚ ਘਰ ਦੇ ਉਸ ਡੇਰੇ ਦੀ ਜਾਇਦਾਦ ਦੇ ਲਾਲਚ ਕਾਰਨ ਦੇਵੀ ਬਣਾ ਦਿੰਦੇ ਹਨ। ਅਸਲ ਵਿਚ ਇਹ ਕਹਾਣੀ ਇਕ ਪਾਸੇ ਤਾਂ ਦੱਬੀਆਂ ਇੱਛਾਵਾਂ ਦੀ ਬਾਤ ਪਾਉਂਦੀ ਹੈ ਤੇ ਦੂਸਰੇ ਪਾਸੇ ਇਹ ਲਾਲਚੀ ਮਾਪਿਆਂ ਦੀ ਗੱਲ ਕਰਦੀ ਹੈ। ਇਉਂ ਇਸ ਕਹਾਣੀ ਦਾ ਇਕ ਹੋਰ ਪਾਸਾਰ ਸਾਡੇ ਸਮਾਜ ਵਿਚ ਪਸਰੇ ਵਿਚਾਰ-ਪਬੰਧ 'ਤੇ ਟਿਕਿਆ ਹੈ, ਜਿਸ ਚਲਾਕ ਲੋਕ ਆਪਣੇ ਹਿਤਾਂ ਲਈ ਭਨਾ ਲੈਂਦੇ ਹਨ।

ਖੁਸ਼ਕ ਅੱਖ ਦਾ ਖਾਬ' ਬਹੁਤ ਹੀ ਖ਼ੂਬਸੂਰਤ ਕਹਾਣੀ ਹੈ ਜਿਹੜੀ *ਬਲੱਡ ਇਜ਼ ਥਿਕਰ ਦੈਨ ਵਾਟਰ* ਅਤੇ ਧੀਆਂ ਦੇ ਮੁਕਾਬਲੇ ਪੁੱਤਰ ਦੇ ਬੁ ਾਪੇ ਵਿਚ ਸਹਾਰਾ ਬਣਨ ਦੀਆਂ ਨਵੀਆਂ ਪੁਰਾਣੀਆਂ ਮਿਥਾਂ ਦਾ ਵਿਸਫੋਟ ਕਰਦੀ ਹੈ। ਦੋ ਬੇਔਲਾਦ ਜੋੜਿਆਂ ਵਿਚੋਂ ਇਕ ਅਮੀਰ ਤਾਂ ਬੱਚਾ ਗੋਦ ਲੈਣ ਦੀ ਥਾਂ ਮਹਿੰਗਾ ਇਲਾਜ ਕਰਾ ਕੇ ਆਪਣਾ ਪੁੱਤਰ ਪੈਦਾ ਕਰਦਾ ਹੈ ਜੋ ਨਾਲਾਇਕ ਤੇ ਮਾਂ-ਪਿਉ ਦੀ ਜਾਨ ਦਾ ਖੌ ਬਣਦਾ ਹੈ। ਦੂਜੇ ਪਾਸੇ ਰੀਬ ਜੋੜਾ ਇਕ ਲਾਵਾਰਿਸ ਬੱਚੀ ਗੋਦ ਲੈ ਲੈਂਦਾ ਹੈ, ਜੋ ਘੱਟੋ ਘੱਟ ਉਨ੍ਹਾਂ ਦੀਆਂ ਇੱਛਾਵਾਂ ਲਈ ਆਪਣੀਆਂ ਇੱਛਾਵਾਂ ਕੁਰਬਾਨ ਕਰਦੀ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਅਜਮੇਰ ਸਿੱਧੂ ਅਸਾਧਾਰਨ ਪਾਤਰਾਂ ਦੀ ਸਾਧਾਰਨਤਾ ਤੇ ਸਾਧਾਰਨ ਪਾਤਰਾਂ ਦੇ ਅੰਦਰ ਮੌਜੂਦ ਅਸਾਧਾਰਨਤਾ ਦੋਹਾਂ ਇੱਕੋ ਜਿੰਨੀ ਮੁਹਾਰਤ ਨਾਲ ਪਾਠਕਾਂ ਸੰਗ ਸਾਂਝਾ ਕਰਦਾ ਹੈ। ਉਸ ਦੇ ਪਾਤਰਾਂ ਦੀ ਦੁਆਬੀ ਮਿਸ ਵਾਲੀ ਭਾਸ਼ਾ ਉਸ ਧਰਤੀ ਨਾਲ ਜੋੜੀ ਰਖਦੀ ਹੈ। ਸਿੱਧੂ ਇਤਿਹਾਸ ਅਤੇ ਮਨੋਵਿਗਿਆਨ ਦਾ ਖੋਜੀ ਹੈ, ਪਰ ਉਹ ਹਮੇਸ਼ਾ ਅਨੁਭਵ ਪਥਮ ਰਖਦਾ ਹੈ। ਉਹ ਸਿਧਾਂਤਾਂ ਸਿੱਧ ਕਰਨ ਲਈ ਕਹਾਣੀ ਨਹੀਂ ਲਿਖਦਾ, ਸਗੋਂ ਉਸ ਦੀ ਕਹਾਣੀ ਵਿਚੋਂ ਸਿਧਾਂਤ ਨਿਕਲਦੇ ਹਨ। ਅਜਮੇਰ ਸਿੱਧੂ ਕਹਾਣੀ ਦੇ ਬਿਰਤਾਂਤ ਅੰਦਰ ਮਨੋ-ਸਮਾਜਕ ਸਥਿਤੀਆਂ ਸਭਿਆਚਾਰਕ ਰਾਜਸੀ ਪਸੰਗਾਂ ਵਿਚ ਅਜਿਹੀ ਕਲਾਤਮਕਤਾ ਨਾਲ ਪੇਸ਼ ਕਰਦਾ ਹੈ ਕਿ ਕਥਾ-ਰਸ ਦੇ ਨਾਲੋ ਨਾਲ ਵਿਚਾਰਧਾਰਕ ਅਰਥ ਉਤਪਾਦਨ ਵੀ ਹੁੰਦਾ ਰਹਿੰਦਾ ਹੈ। ਉਹ ਆਪਣੀਆਂ ਕਹਾਣੀਆਂ ਨਾਲ ਸ਼ੋਸ਼ਿਤ ਤੇ ਦਮਿਤ ਵਰਗ ਦੀ ਚੇਤਨਾ ਸਾਣ ਲਗਾਉਂਦਾ ਹੈ।

-ਰਜਿੰਦਰ ਪਾਲ ਸਿੰਘ

## ਯਾਤਰੀ ਹਾਲੇ ਪਰਤੇ ਨਹੀਂ (ਕਾਵਿ ਸੰਗ੍ਰਹਿ) ਜੈਪਾਲ

ਜੈ ਪਾਲ ਦੀ ਕਵਿਤਾ ਬਾਰੇ ਇਹ ਆਮ ਕਿਹਾ ਜਾਂਦਾ ਹੈ ਅਤੇ ਠੀਕ ਕਿਹਾ ਜਾਂਦਾ ਹੈ ਕਿ ਉਸਦੀ ਕਵਿਤਾ ਵਿਚ ਹਾਸ਼ੀਏ ਵੱਲ ਧਕੇਲੇ ਲੋਕਾਂ ਦੀ ਗਾਥਾ ਦਾ ਬਿਆਨ ਹੈ।

ਜੈ ਪਾਲ ਨਾਲ ਮੇਰੀ ਲੰਬੀ ਭਾਵੁਕ ਚੁੱਪ ਭਰੀ ਸਾਂਝ ਹੈ। ਹਾਸ਼ੀਏ ਵੱਲ ਧਕੇਲੇ ਗਏ ਮਨੁੱਖਾਂ ਦੀ ਹੋਣੀ ਬਾਰੇ ਵੀ ਉਹ ਮੇਰੇ ਨਾਲ ਚੁੱਪ ਹੀ ਰਿਹਾ।

ਜੈ ਪਾਲ ਦੀ ਦੋਂਦਾਂ ਸਾਲ ਪਹਿਲਾਂ ਲਿਖੀ ਕਾਵਿ-ਰਚਨਾ ਨਜ਼ਮ ਕਦੋਂ ਚੁੱਪ ਸੀ' ਹੀ ਨਹੀਂ, ਹੱਥਲੀ ਪੁਸਤਕ ਾਤਰੀ ਹਾਲੇ ਪਰਤੇ ਨਹੀਂ' ਲੋਕਗੀਤ ਪਕਾਸ਼ਨ, ਪੰਨੇ , ਮੁੱਲ ਰੁਪਏ ਵਿਚ ਵੀ ਉਸ ਨੇ ਚੁੱਪ' ਦਾ ਜ਼ਿਕਰ ਕਈ ਵਾਰ ਕੀਤਾ ਹੈ ਅਤੇ ਸਭ ਨੂੰ ਪਤਾ ਹੈ ਕਿ ਚੁੱਪ ਦੀ ਵੀ ਇਕ ਜ਼ੁਬਾਨ ਹੁੰਦੀ ਹੈ ਅਤੇ ਚਿੰਤਨਸ਼ੀਲ ਕਵੀ ਅੰਨ੍ਹੀ ਕਾਣੀ ਵਰਗ-ਵੰਡ ਕਰਕੇ ਚੁੱਪ ਰਹਿ ਕੇ, ਉਸ ਵਰਗ ਪਤੀ ਵਿਰੋਧ ਪਗਟਾਉਂਦਾ ਹੈ ਜੋ ਉਸ ਦਾ ਸ਼ੋਸ਼ਣ ਕਰ ਰਿਹਾ ਹੈ। ਕਵਿਤਾ ਵਰਨਾ' ਦੀਆਂ ਸਤਰਾਂ ਹਨ:

*ਦੋਸਤੋ! ਇਹ ਨਵੀਂ ਧਿਰ ਦਾ*
*ਰੋਹਨਾਮਾ ਹੈ*
*ਸਦੀਆਂ ਤੋਂ ਚੁੱਪ ਰਹੀ ਆਵਾਜ਼*
*ਵਿਚਲਾ ਐਲਾਨਨਾਮਾ ਐ*
*ਅਸਮਾਨ ਵੱਲ ਵੇਖ ਲਉ*
*ਧਰਤੀ ਦੇ ਅਸਲ ਬਾਸ਼ਿੰਦਿਆਂ ਦੀ*
*ਅਸਲ ਲੜਾਈ ਐ*

ਵਿਰੋਧ ਕਰਨ ਵਾਲੇ ਜਦੋਂ ਆਪਣੇ ਹੀ ਦੁਖਾਂਤਾਂ ਕਰਕੇ ਚੁੱਪ ਧਾਰ ਲੈਂਦੇ ਹਨ, ਉਹਨਾਂ ਦੀ ਹੋਣੀ ਬਾਰੇ ਜੈ ਪਾਲ ਲਿਖਦਾ ਹੈ:

*ਤੇ ਉਸ ਮਿੱਟੀ ਦੇ ਪੁੱਤ ਮਿੱਟੀ ਤੋਂ ਚੁੱਪ ਨੇ*
*ਉਹ ਰੁੱਝ ਗਏ*
*ਸ਼ਰਾਬਾਂ ਦੇ ਨਵੇਂ ਬਰਾਂਡਾਂ ਨੂੰ ਯਾਦ ਰੱਖਦੇ*
*ਹਰੀ ਕ੍ਰਾਂਤੀ ਦੇ ਟਰੈਕਟਰ 'ਤੇ*
*ਚਮਕੀਲੇ ਤੋਂ ਦਲੇਰ ਮਹਿੰਦੀ ਨਾਲ ਬੁੱਕਦੇ*
*ਮੈਰਿਜ ਪੈਲਸਾਂ 'ਚ ਲੰਗੜਾ ਭੰਗੜਾ ਪਾਉਂਦੇ*
*ਉਹ ਆਪਣੇ ਤੋਂ ਕਿੰਨੀ ਦੂਰ*
*ਤੇ ਸਲਫਾਸ ਦੀਆਂ ਗੋਲੀਆਂ ਦੇ ਕਿੰਨਾ ਨੇੜੇ ਆ ਗਏ ਨੇ*

ਇਸ ਚੁੱਪ ਦੇ ਥੀਮ ਨਾਲ ਸੰਬੰਧਤ ਇਹ ਸਤਰਾਂ ਵੀ ਵਿਚਾਰੀਆਂ ਜਾ ਸਕਦੀਆਂ ਹਨ:

*ਹੁਣ ਗੱਡੀ ਛਲਾਂਗਾਂ ਮਾਰਦੀ ਨੀ ਜਾਂਦੀ*
*ਡੂੰਘੀ ਚੁੱਪ 'ਚ ਉੱਤਰੇ*
*ਸੋਹਣੇ ਯਾਰ ਦਾ ਚੇਤਾ ਜ਼ਰੂਰ ਕਰਵਾਉਂਦੀ ਹੈ*

ਇੱਥੇ ਹੀ ਚੁੱਪ ਨਾਲ ਸੰਬੰਧਤ ਜੈ ਪਾਲ ਦੇ ਕਾਵਿ ਸਿਧਾਂਤਾਂ ਦੀ ਗੱਲ ਪਮੁੱਖਤਾ ਨਾਲ ਕੀਤੀ ਜਾ ਸਕਦੀ ਹੈ, ਕਿਉਂਕਿ ਆਪਣਾ ਕਾਵਿ ਸ਼ਾਸਤਰ ਸਿਰਜਦਿਆਂ ਵੀ ਉਹ ਚੁੱਪ ਦਾ ਜ਼ਿਕਰ ਵਾਰ ਵਾਰ ਕਰਦਾ ਹੈ। ਇਸ ਸੰਬੰਧ ਵਿਚ ਉਸਦੀ ਕਵਿਤਾ ਸਮਕਾਲ' ਦਾ ਹਵਾਲਾ ਵਿਸ਼ੇਸ਼ ਰੂਪ ਵਿਚ ਦਿੱਤਾ ਜਾ ਸਕਦਾ ਹੈ, ਜਿਸ ਵਿਚ ਉਸ ਨੇ ਸ਼ਾਬਦਿਕ ਚੁੱਪ ਦੀ ਗੱਲ ਕੀਤੀ ਹੈ। ਇਸ ਕਵਿਤਾ ਦੇ ਅਰੰਭ ਵਿਚ ਕਵੀ ਸਿਲ ਪੱਥਰਾਂ ਤੇ ਸਮਾਧੀ ਲੇਖ ਲਿਖਦਾ' ਪਹਿਲੀ ਸਮਾਧੀ ਸਮੇਂ ਕਹਿੰਦਾ ਹੈ ਕਿ ਹੁਣ ਮੈਂ ਨਜ਼ਮ ਨਹੀਂ ਲਿਖਦਾ' ਪਰ ਚੌਥੀ ਸਮਾਧੀ ਸਮੇਂ ਬੋਲ ਉੱਠਦਾ ਹੈ:



*ਜਦੋਂ ਮੈਂ ਚੌਥਾ ਸਮਾਧੀ ਲੇਖ ਲਿਖਣ ਲੱਗਾ*
*ਨਜ਼ਮ ਨੇ ਮੇਰਾ ਹੱਥ ਫੜ ਲਿਆ*
*ਤਿੰਨਾਂ ਸਿੱਲ ਪੱਥਰਾਂ ਨੂੰ ਤੋੜ ਕੇ ਕਹਿਣ ਲੱਗੀ*
*ਲੱਕੜਹਾਰੇ ਦੀ ਲੜਾਈ ਉਦੋਂ ਤਕ ਜਾਰੀ ਰਹੇਗੀ*
*ਜਦੋਂ ਤਕ ਸ਼ਬਦ ਜਿਉਂਦੇ ਨੇ*

ਜੈ ਪਾਲ ਦੀ ਕਵਿਤਾ ਇਲਹਾਮ ਹੋਣ ਦੀ ਤਰ੍ਹਾਂ ਕਿਸੇ ਅਦਿੱਖ ਸਰੋਤ ਵਿਚੋਂ ਨਹੀਂ ਉਗਮਦੀ, ਸਗੋਂ ਇਹ ਸੁਚਿੰਤਨ ਵਿਧਾਨ ਅਤੇ ਚੇਤੰਨ ਸਰੋਕਾਰਾਂ ਦੀ ਉਪਜ ਹੈ। ਪੁਸਤਕ ਦੀ ਪਹਿਲੀ ਕਵਿਤਾ ਸਿਰਨਾਵੇਂ ਦੀ ਪੈੜ' ਅਤੇ ਆਖਰੀ ਕਵਿਤਾ ਦੀ ਓਟ' ਤੋਂ ਬਿਨਾਂ ਤਲਾਸ਼ ਇਕ ਨਜ਼ਮ ਦੀ', ਨਦੀ ਤੇ ਕਵਿਤਾ', ਸ਼ਾਇਰੀ', ਮਿਲਣ' ਆਦਿ ਕਵਿਤਾਵਾਂ ਵੀ ਉਹਦੇ ਕਾਵਿ ਸ਼ਾਸਤਰ ਨਾਲ ਹੀ ਸੰਬੰਧਤ ਹਨ। ਪਹਿਲੀ ਕਵਿਤਾ ਜਿਸ ਵਿਚ ਚੁੱਪ ਦਾ ਜ਼ਿਕਰ ਆਪਣੇ ਨਿਵੇਕਲੇ ਅੰਦਾਜ਼ 'ਚ ਕੀਤਾ ਹੈ, ਦੀਆਂ ਇਹ ਸਤਰਾਂ ਪੇਸ਼ ਹਨ:

*ਮੇਰੀ ਕਵਿਤਾ*
*ਪਰਦੇਸੀ ਮਿੱਤਰ ਦੀ ਉਡੀਕ ਹੈ*
*ਯਾਦਾਂ ਦੇ ਪਿੰਡੇ 'ਤੇ ਪਈਆਂ ਲਾਸਾਂ ਨੇ*
*ਤੇ ਗਲੇ 'ਚ ਮੋਈ ਚੀਕ ਹੈ*

ਜੈ ਪਾਲ ਆਪਣੀਆਂ ਕਵਿਤਾਵਾਂ ਵਿਚ ਚੁੱਪ ਤੇ ਆਪਣੇ ਕਾਵਿ ਸਿਧਾਂਤਾਂ ਬਾਰੇ ਜਿਸ ਕੇਂਦਰੀ ਥੀਮ ਦੇ ਅੰਤਰਗਤ ਆਪਣਾ ਸਾਰਾ ਕਾਵਿ ਚਿਤਰ ਚਿਤਰਦਾ ਹੈ, ਉਸਨੂੰ ਮੰਡੀ, ਵਿਸ਼ਵੀਕਰਨ ਤੇ ਕਾਰਪੋਰੇਟ ਕਲਚਰ ਨੇ ਬੁਰੀ ਤਰ੍ਹਾਂ ਪਭਾਵਤ ਕੀਤਾ ਹੈ। ਕੰਮ ਧੰਦਿਆਂ ਤੋਂ ਬਿਨਾਂ ਸਾਡੀ ਵਿਰਾਸਤ ਦੇ ਕਈ ਸਭਿਆਚਾਰਕ ਮੋਟਿਫ ਅਲੋਪ ਹੀ ਹੋ ਗਏ ਹਨ। ਸਾਡੀ ਪਛਾਣ ਕਿਵੇਂ ਗਵਾਚ ਰਹੀ ਹੈ, ਇਸ ਸੰਬੰਧੀ ਉਸਦੀ ਕਵਿਤਾ ਵਿਚੋਂ ਕਈ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ, ਜਿਹਨਾਂ ਦੀ ਘਾੜਤ ਵਿਸ਼ੇ ਪੱਖੋਂ ਵੀ ਤੇ ਸ਼ੈਲੀ ਪੱਖੋਂ ਵੀ ਬੜੀ ਕਲਾਤਮਕ ਤੇ ਸੰਜਮ ਭਰਪੂਰ ਹੈ। ਪਿੰਡ ਵਿਚ ਬਿਸਕੁਟ ਬਣਾਉਣ ਵਿਚ ਮਾਹਰ ਕਲਾਕਾਰ ਰਾਮ ਨਾਥ ਦੇ ਬਿਟਾਨੀਆ ਟਾਈਗਰ ਦੇ ਆਉਣ ਨਾਲ ਹੋਏ ਹਸ਼ਰ ਦਾ ਅੰਦਾਜ਼ਾ ਇਹਨਾਂ ਸਤਰਾਂ ਤੋਂ ਲਾਇਆ ਜਾ ਸਕਦਾ ਹੈ:

*ਇਕ ਦਿਨ- ਬ੍ਰਿਟਾਨੀਆ ਟਾਈਗਰ ਪ੍ਰੀਆ ਗੋਲਡ ਦਾ ਉੱਡਣਾਂ ਸੱਪ*
*ਉਹਦੀ ਕਲਾ ਅਤੇ ਬਿਸਕੁਟਾਂ ਨੂੰ ਖਾ ਗਿਆ*

ਇਹਨਾਂ ਵਿਚਕਾਰਲੀਆਂ ਸਭਿਆਚਾਰਕ ਤਬਦੀਲੀਆਂ ਨਾਲ ਸੰਬੰਧਤ ਦੋ ਮਿਸਾਲਾਂ ਦੇ ਕੇ ਆਪਣੇ ਗੱਲ ਖ਼ਤਮ ਕਰਦੇ ਹਾਂ:

*ਜਦੋਂ ਦਾਣੇ ਪੌਪ ਕੌਰਨ ਬਣ ਗਏ*
*ਸਾਰੇ ਪਰਾਗੇ ਧਰੇ ਧਰਾਏ ਰਹਿ ਗਏ*
*ਤੇ ਪੌਪ ਕੌਰਨ ਦਾ ਹੋਕਾ ਐ*
*ਰੋਜ਼ੀ ਰੋਟੀ ਦਾ ਸਾਧਨ ਸੀ ਜੋ*
*ਭੱਠੀ ਵੀ ਹੁਣ ਇਕ ਧੋਖਾ ਐ ...*
*ਚਿਰਾਂ ਬਾਅਦ ਪੰਛੀ ਪਰਤੇ*
*ਬੁੱਢੇ ਰੁੱਖਾਂ 'ਤੇ ਹਰਿਆਵਲ ਆਈ*
*ਤੇਲ ਚੋਇਆ, ਕੱਚੇ ਘਰ ਕੋਠੀਆਂ 'ਚ ਵਟ ਗਏ*
*ਖੂਹ ਟਿਊਬਲਾਂ ਦੀ ਜੂਨ ਪੈ ਗਏ*
*ਚਿੱਠੀਆਂ ਮੋਬਾਇਲ 'ਚ ਗਵਾਚ ਗਈਆਂ*
*ਪਗਡੰਡੀਆਂ ਫੋਰ ਲੇਨ ਹੋ ਗਈਆਂ*

-ਮਨਦੀਪ ਸਿੰਘ

# ਹੀਰ ਬੈਰਾਗਨ (ਨਾਵਲ) ਸ਼ਾਹ ਚਮਨ

ਸ਼ਾਹ ਚਮਨ ਨੇ ਪੰਜਾਬੀ ਸਾਹਿਤ-ਸਿਰਜਣਾ ਦੇ ਖੇਤਰ ਵਿਚ ਵੱਖਰੀ ਪਛਾਣ ਬਣਾਈ ਹੈ। ਨਾਵਲਕਾਰੀ ਦੇ ਖੇਤਰ ਵਿਚ ਉਸਦੇ ਛੇ ਨਾਵਲ ਪਾਠਕਾਂ ਤੇ ਆਲੋਚਕਾਂ ਦਾ ਧਿਆਨ ਖਿੱਚ ਚੁੱਕੇ ਹਨ। ਵਿਚਾਰ ਅਧੀਨ ਨਾਵਲ ਹੀਰ ਬੈਰਾਗਨ' ਮੁੱਲ ਰੁਪਏ, ਪੰਨੇ , ਚੇਤਨਾ ਪਕਾਸ਼ਨ, ਲੁਧਿਆਣਾ ਉਸਦਾ ਨਵਾਂ ਨਾਵਲ ਹੈ ਜਿਸਦਾ ਕਥਾ-ਪਰਿਵੇਸ਼ ਉਸਦੇ ਪਹਿਲਾ ਨਾਵਲਾਂ ਤੋਂ ਭਿੰਨ ਹੈ। ਇਸ ਨਾਵਲ ਦੁਆਰਾ ਲੇਖਕ ਨੇ ਪੰਜਾਬ ਦੀ ਪਸਿੱਧ ਪੀਤ-ਕਥਾ ਹੀਰ-ਰਾਂਝਾ ਨੂੰ ਨਾਵਲੀ ਬਿਰਤਾਂਤ ਦੇ ਧਰਾਤਲ ਵਜੋਂ ਵਰਤ ਕੇ ਹੀਰ ਪਾਤਰ ਦੇ ਜੁਝਾਰੂ ਜੀਵਨ- ਥਾਰਥ ਨੂੰ ਖੂਬਸੂਰਤ ਕਥਾ-ਲਹਿਜੇ ਵਿਚ ਪੇਸ਼ ਕੀਤਾ ਹੈ। ਹੀਰ' ਪਾਤਰ ਦਾ ਆਪਣੇ ਇਸ਼ਕ ਪਤੀ ਸਮਰਪਣ-ਭਾਵ ਦਿਖਾ ਕੇ ਨਾਵਲਕਾਰ ਨੇ ਉਸਦੀ ਬੈਰਾਗਨ ਮਨੋ-ਅਵਸਥਾ ਦੇ ਵਿਭਿੰਨ ਪਾਸਾਰ ਨਾਵਲੀ ਕਥਾ-ਸੰਗਠਨ ਵਿਚ ਦਰਜ ਕੀਤੇ ਹਨ। ਨਾਵਲਕਾਰ ਦੀ ਵਿਸ਼ੇਸ਼ ਪਾਪਤੀ ਇਹ ਹੈ ਕਿ ਉਸਨੇ ਹੀਰ' ਦੇ ਵਿਅਕਤੀ ਜੀਵਨ-ਵੇਰਵਿਆਂ ਨੂੰ ਉਸਦੀ ਇਸ਼ਕੀਆ ਅਵਸਥਾ ਦੇ ਪਸੰਗ ਵਿਚ ਪੇਸ਼ ਕਰਕੇ ਵੀ ਮੱਧਕਾਲੀ ਪੰਜਾਬੀ ਸਮਾਜ-ਸਭਿਆਚਾਰ ਦੀਆਂ ਜਟਿਲ ਇਕਾਈਆਂ ਨੂੰ ਸਫਲਤਾਪੂਰਵਕ ਗ ਨਾਲ ਪਕੜਿਆ ਹੈ। ਵਿਸ਼ੇ ਪੱਖੋਂ ਇਤਿਹਾਸ ਦੇ ਵਿਸ਼ੇਸ਼ ਕਾਲ-ਖੰਡੀ ਧਰਾਤਲ ਨੂੰ ਤਤਕਾਲ ਦੇ ਰਾਜਸੀ, ਸੰਸਕਿਤਕ, ਆਰਥਿਕ ਤੇ ਸਮਾਜਕ ਪਸੰਗਾਂ ਵਿਚ ਪੇਸ਼ ਕਰਦਾ ਇਹ ਨਾਵਲ ਇਤਿਹਾਸਕ ਨਾਵਲੀ ਪਰੰਪਰਾ ਵਿਚ ਮਹੱਤਵਪੂਰਨ ਵਾਧਾ ਬਣਦਾ ਹੈ। ਲੇਖਕ ਦੀ ਮਾਨਵਵਾਦੀ ਕਥਾ-ਦਿਸ਼ਟੀ, ਸੁਹਜਮਈ ਭਾਸ਼ਾਈ ਚੇਤਨਾ, ਰੌਚਿਕ ਬਿਰਤਾਂਤ-ਪਬੰਧ ਤੇ ਪਾਤਰਾਂ ਦੀ ਸੁਤੰਤਰ ਹਸਤੀ ਨਾਲ ਹੱਥਲਾ ਨਾਵਲ ਪੰਜਾਬ ਦੇ ਮੱਧਕਾਲੀ ਸਮਾਜ ਦੇ ਇਤਿਹਾਸ ਦਾ ਸਾਬਤ ਤੇ ਸੰ_ਕਤ ਕਥਾ-ਪਵਚਨ ਬਣਦਾ ਹੈ।

ਸ਼ਾਹ ਚਮਨ ਦੇ ਇਸ ਨਾਵਲ ਦੁਆਰਾ ਮੱਧਕਾਲੀ ਪੰਜਾਬੀ ਸਮਾਜ ਦਾ ਸ਼ੁੱਧ ਜਗੀਰੂ ਪਬੰਧ ਆਪਣੇ ਚੇਤਨ ਅਵਚੇਤਨ ਰੂਪ ਵਿਚ ਹਾਜ਼ਰ ਰਹਿੰਦਾ ਹੈ। ਇਸ ਪਬੰਧ ਦੇ ਧਰਮ, ਨਿਆਂ-ਸਿਸਟਮ, ਜੀਵਨ-ਮੁੱਲ, ਰਾਜਸੀ ਚੇਤਨਾ, ਕਬੀਲਾ-ਰੂਪ, ਰਿਸ਼ਤਾ-ਪਣਾਲੀ, ਸਮਾਜਕ ਜੁੱਟ ਆਦਿ ਉੱਤੇ ਸਾਧਨ ਸੰਪੰਨ ਧਿਰ ਆਪਣਾ ਨਾਗਵਲ ਪਾਈ ਦਿਖਾਈ ਪੈਂਦੀ ਹੈ ਜਦ ਕਿ ਸਮਾਜ ਦੇ ਕੇਂਦਰ ਤੋਂ ਹਾਸ਼ੀਏ ਵੱਲ ਧੱਕੀ ਜਾ ਰਹੀ ਸਾਧਨਾਂ ਤੋਂ ਸੱਖਰੀ ਧਿਰ ਨਿਰੰਤਰ ਰਸਾਤਲ ਵੱਲ ਵਧਦੀ ਦਿਸਦੀ ਹੈ। ਨਾਵਲੀ ਬਿਰਤਾਂਤ ਦਾ ਸਮੁੱਚਾ ਪਬੰਧ ਉਕਤ ਧਿਰਾਂ ਦੀ ਅੰਤਰ-ਵਿਰੋਧਤਾ ਵਿਚੋਂ ਉਸਰਦਾ ਹੈ। ਇਸ ਉਸਾਰੀ ਲਈ ਕਥਾਕਾਰ ਦੀ ਭਾਸ਼ਾ ਤੇ ਕਥਾ-ਜੁਗਤਕਾਰੀ ਵਿਸ਼ੇਸ਼ ਭੂਮਿਕਾ ਨਿਭਾਉਂਦੀ ਹੈ, ਜਿਸ ਨਾਲ ਇਹ ਨਾਵਲ ਆਪਣੀ ਸਿਰਜਣਾ ਪੱਖੋਂ ਹੀ ਮੱਧਕਾਲੀ ਪੰਜਾਬੀ ਸਮਾਜ ਦਾ ਜਮਾਤੀ ਚਰਿੱਤਰ ਉਭਾਰ ਦਿੰਦਾ ਹੈ। ਇਸ ਜਮਾਤੀ ਦਿਸ਼ਕਾਰੀ ਦੀ ਆਧਾਰ ਪੰਜਾਬ ਦੀ ਸਾਮੰਤਵਾਦੀ ਰਹਿਤਲ ਬਣਦੀ ਹੈ, ਜਿਸ ਵਿਚ ਕਬੀਲਦਾਰੀ ਸਮੇਂ ਦੇ ਜਟਿਲ ਸਮਾਜਕ ਥਾਰਥ, ਉਸ ਦੌਰ ਦੀ ਇਤਿਹਾਸਕ-ਦਵੰਦਾਤਮਕ ਪਕਿਰਿਆ ਲਈ ਪੰਜਾਬ ਦੇ ਮੱਧਕਾਲੀ ਜਗੀਰੂ _ਗ ਦਾ ਲੋਕ-ਇਤਿਹਾਸ, ਲੋਕ- ਥਾਰਥ ਤੇ ਰੁਮਾਂਟਿਕਤਾ ਨੂੰ ਕਥਾ ਦੀ ਆਧਾਰ ਸਰੋਤ ਸਮੱਗਰੀ ਵਜੋਂ ਵਰਤਿਆ ਹੈ।

ਨਾਵਲ ਦੇ ਘਟਨਾ-ਪਬੰਧ ਦਾ ਖਾਕਾ ਹੀਰ-ਰਾਂਝੇ ਦੀ ਪਰੰਪਰਕ ਪੀਤ ਕਥਾ ਅਨੁਸਾਰ ਬੁਣਿਆ ਗਿਆ ਹੈ। ਤਖ਼ਤ-ਹਜ਼ਾਰੇ ਦੀ ਭੂਗੋਲਕ ਵਿਲੱਖਣਤਾ, ਲੋਕ-ਜੀਵਨ, ਲੋਕ-ਧਰਮ ਤੇ ਲੋਕ-ਵਿਸ਼ਵਾਸਾਂ ਦੇ ਪਸੰਗ ਵਿਚ ਉਥੋਂ ਦੀ ਕਬੀਲਾ ਬਣਤਰ ਦੇ ਵਿਭਿੰਨ ਮਨੋ-ਵਿਗਿਆਨਕ ਪਹਿਲੂ ਨਾਵਲ ਦੇ ਮੁੱ ਲੇ ਬਿਰਤਾਂਤ ਵਿਚ ਪੇਸ਼ ਹੋਏ ਹਨ। ਮੌਮ ਦੀਨ ਦੀ ਮੌਤ ਪਿੱਛੋਂ ਰਾਂਝਾ ਕੌਮ



ਦਾ ਸੰਕਟ ਪੇਸ਼ ਕਰਦਿਆਂ ਲੇਖਕ ਨੇ ਤਖ਼ਤ ਹਜ਼ਾਰੇ ਦੀ ਕੁਦਰਤੀ ਕਰੋਪੀ ਦੇ ਚਿੰਨ੍ਹਾਤਮਕ ਪਸੰਗ ਵੀ ਉਲੀਕੇ ਹਨ। ਮੌਜਮਦੀਨ ਦੇ ਪੁੱਤਰ ਤੇ ਨੂੰਹਾਂ ਦਾ ਧੀਦੋ ਨਾਲ ਵਿਤਕਰਾ ਕਰਨ, ਜ਼ਮੀਨ ਦੀ ਵੰਡ ਸਮੇਤ ਪਰਿਵਾਰ ਵਿਚੋਂ ਖਾਰਜ ਕਰਨ, ਧੀਦੋ ਦਾ ਵੰਝਲੀ ਪੇਮ, ਹੀਰ ਦੇ ਪਿੰਡ ਚੂਚਕਾਣੇ ਕਬੀਲਾ ਸਿਆਲਾਂ ਵੱਲ ਜਾਣ, ਮਸੀਤਾਂ, ਪੱਤਣਾਂ, ਡੇਰਿਆਂ 'ਤੇ ਰੁਕਣ, ਹੀਰ ਨਾਲ ਮਿਲਾਪ ਤੇ ਸਿਆਲਾਂ ਦੀ ਚਾਕਦਾਰੀ ਕਰਦਿਆਂ ਹੀਰ ਨਾਲ ਇਸ਼ਕ ਦੇ ਬਿਰਤਾਂਤਕ ਪਸੰਗਾਂ ਨੂੰ ਲੇਖਕ ਨੇ ਭਾਸ਼ਾਈ ਸੁਹਜ, ਲੋਕ-ਮਾਨਸਿਕਤਾ ਤੇ ਤਤਕਾਲੀ ਕਬੀਲਾ-ਚੇਤਨਾ ਦੇ ਸੰਦਰਭ ਵਿਚ ਰੂਪਮਾਨ ਕੀਤਾ ਹੈ। ਨਾਵਲ ਦਾ ਲਕੀਰੀ ਘਟਨਾਕਮ ਪਾਠਕਾਂ ਨੂੰ ਮੱਧਕਾਲੀ ਪੰਜਾਬੀ ਰਹਿਤਲ ਦੇ ਕਬੀਲਾ-ਚਿੰਨ੍ਹਾਂ ਦੀ ਬਾਖੂਬੀ ਜਾਣਕਾਰੀ ਦਿੰਦਾ ਹੈ। ਇਹਨਾਂ ਵਿਚ ਇਸਲਾਮੀ ਧਰਮ ਦੀ ਸ਼ਰੀਅਤ, ਸ਼ਰੀਅਤ ਦੇ ਉਲਟ-ਰੁਖ ਵਹਿੰਦੇ ਸੂਫੀ, ਨਾਥਾਂ ਦੇ ਜੀਵਨ-ਵਿਹਾਰ, ਆਂਚਲਿਕਤਾ, ਕੱਟੜਤਾ ਉਦਾਰਤਾ ਦੀ ਦਿਸ਼ਕਾਰੀ, ਕਬੀਲਾ ਸਮਾਜ ਦੇ ਟੈਬੂ ਟੋਟਮ, ਧਰਮ ਲੋਕ ਧਰਮ ਦੇ ਅੰਤਰ ਦਵੰਦ, ਮਾਲਕ ਨੌਕਰ, ਆਜ਼ਾਦੀ _ਲਾਮੀ, ਜ਼ਾਬਤੇ ਖੁੱਲ੍ਹਾਂ ਤੇ ਕੁੱਲ ਮਿਲਾ ਕੇ ਸਾਮੰਤਵਾਦੀ ਸਮਾਜਕ ਪਬੰਧ ਦੇ ਬਹੁਪਾਸਾਰੀ ਕਥਾ-ਦਿਸ਼ ਨਾਵਲੀ ਬਿਰਤਾਂਤ ਵਿਚ ਪੇਸ਼ ਕੀਤੇ ਹਨ।

ਸ਼ਾਹ ਚਮਨ ਨੇ ਆਪਣੀ ਗਲਪੀ-ਸਮਰੱਥਾ ਦੇ ਬਲਬੂਤੇ ਪੰਜਾਬੀ ਰਹਿਤਲ ਦੇ ਪਰੰਪਰਕ ਸਭਿਆਚਾਰ ਅਤੇ ਪਕਿਰਤਕ ਖਾਹਿਸ਼ ਸ਼ਖਸੀ ਆਜ਼ਾਦੀ ਤੇ ਇਸ਼ਕ ਦੀ ਬਲਵਾਨ ਟੱਕਰ ਨੂੰ ਰੂਪਮਾਨ ਕੀਤਾ ਹੈ। ਇਸ ਟੱਕਰ ਦੀ ਜੇਤੂ ਧਿਰ ਤਤਕਾਲ ਦਾ ਸਥਾਪਤੀ ਪਬੰਧ ਹੀ ਹੁੰਦੀ ਹੈ, ਪਰ ਲੋਕ ਮਨਾਂ ਵਿਚ ਹੀਰ-ਰਾਂਝੇ ਦੇ ਪੀਤ ਸਰੋਕਾਰ ਇਸ਼ਕ ਮਿਜ਼ਾਜੀ ਤੋਂ ਇਸ਼ਕ ਹਕੀਕੀ ਤਕ ਪੁੱਜ ਜਾਂਦੇ ਹਨ। ਇਸਦੇ ਬਿਰਤਾਂਤਕ ਪਬੰਧ ਦੀ ਉਸਾਰੀ ਲਈ ਨਾਵਲਕਾਰ ਨੇ ਕਿੱਸਿਆਂ ਨੂੰ ਹੀ ਆਧਾਰ ਸਰੋਤ ਸਮੱਗਰੀ ਵਜੋਂ ਵਰਤਿਆ ਹੈ। ਫਰਕ ਇਹ ਹੈ ਕਿ ਕਿੱਸਾ ਕਾਵਿ ਦਾ ਪਗੀਤ-ਪਬੰਧ ਪੂਰਵ ਨਿਸ਼ਚਤ ਧਾਰਨਾਵਾਂ 'ਤੇ ਖੜ੍ਹਾ ਹੈ ਪਰ ਇਸਨੂੰ ਨਾਵਲੀ ਰੂਪ ਵਿਚ ਢਾਲਦਿਆਂ ਰਚਨਾਕਾਰ ਨੇ ਪਕਿਰਤੀ ਤੇ ਸੰਸਕਿਤੀ ਦੇ ਤਨਾਉ, ਸ਼ਖਸੀ ਸੁਤੰਤਰਤਾ ਤੇ ਸਮਾਜਕ ਪਬੰਧ ਦੇ ਅੰਤਰ-ਵਿਰੋਧੀ ਅਤੇ ਖੁੱਲ੍ਹਾਂ ਤੇ ਮਨਾਹੀਆਂ ਦੇ ਦਵੰਦ ਨੂੰ ਤਤਕਾਲੀ ਸਮਾਜ-ਸਭਿਆਚਾਰ ਦੀ ਰਹਿਤਲ ਦੇ ਪਸੰਗ ਵਿਚ ਉਭਾਰਿਆ ਹੈ ਤੇ ਗਲਪ ਦੁਆਰਾ ਸੰਵਾਦ ਦੀਆਂ ਸਭ ਸੰਭਾਵਨਾਵਾਂ ਦੇ ਦੁਆਰ ਖੁੱਲ੍ਹੇ ਰੱਖੇ ਹਨ। ਇਸ ਤੋਂ ਇਲਾਵਾ ਕਿੱਸਾ ਕਾਵਿ ਦਾ ਵਸਤੂ-ਪਾਸਾਰ ਇਸਦੀ ਕਥਾ, ਕਵੀ-ਕਥਨ, ਪਾਤਰ ਕਥਨ ਆਦਿ ਦੁਆਰਾ ਹੀ ਇਸਦੇ ਸਤਹੀ ਓਪਰੇ ਜਗਤ ਨੂੰ ਸੁਹਜਮੂਲਕ ਰੂਪ ਵਿਚ ਸਮਝਦਾ-ਵਿਸਤਾਰਦਾ ਰਿਹਾ ਹੈ, ਜਦ ਕਿ ਹੱਥਲੇ ਨਾਵਲ ਦੁਆਰਾ ਮੱਧਕਾਲੀ ਪੰਜਾਬੀ ਸਮਾਜ ਦਾ ਇਤਿਹਾਸਕ ਅਨੁਭਵ ਸਾਰ ਆਪਣੇ ਮੂਲ-ਵਿਰੋਧਾਂ ਵਿਚ ਪਗਟ ਹੋਇਆ ਹੈ। ਇਸਦੇ ਲਈ ਲੇਖਕ ਪੰਜਾਬ ਵਿਚ ਮੁਸਲਮਾਨੀ ਸਾਮੰਤਵਾਦੀ ਰਾਜਸੀ ਬਣਤਰ ਦੇ ਪਤਨਮਈ ਵਿਗਠਨ, ਕਬੀਲਾਈ ਖਾਨਾਜ਼ੰਗੀ, ਜਬਰ-ਜ਼ੁਲਮ ਤੇ ਅਸਥਿਰਤਾ ਭਰੇ ਮਾਹੌਲ ਦਾ ਵਿਸ਼ੇਸ਼ ਗਲਪੀ ਖਾਕਾ ਉਲੀਕਦਾ ਹੈ।

ਲੇਖਕ ਦੇ ਇਸ ਨਾਵਲ ਦਾ ਘਟਨਾਵੀ ਪਰਿਪੇਖ ਹੀਰ' ਪਾਤਰ 'ਤੇ ਕੇਂਦਰਤ ਹੈ। ਹੀਰ ਦੇ ਨਾਬਰ ਕਿਰਦਾਰ ਦੀ ਪਰੰਪਰਕ ਤਸਵੀਰਕਸ਼ੀ ਕਾਜ਼ੀ ਨਾਲ ਸੰਵਾਦ, ਪੇਕਾ ਸਹੁਰਾ ਘਰ ਵਿਚ ਵਿਰੋਧ, ਸਮਾਜਕ ਪਬੰਧ ਵਿਰੁੱਧ ਉੱਚੀ ਸੁਰ ਅਲਾਪ ਕਰਦਿਆਂ ਨਾਵਲਕਾਰ ਨੇ ਕਿੱਸਾ-ਬਿਰਤਾਂਤ ਦੀ ਵਸਤੂ-ਸਮੱਗਰੀ ਨੂੰ ਬਿਨਾਂ ਕਿਸੇ ਵਿਸ਼ੇਸ਼ ਬਦਲਾਅ ਤੋਂ ਵਰਤੋਂ ਵਿਚ ਲਿਆਂਦਾ ਹੈ। ਹੀਰ' ਦਾ ਮੱਧਕਾਲ ਦੇ ਪਿਤਾ ਪੂਜਕ ਮਰਦਾਵੇਂ ਸਮਾਜਕ ਪਬੰਧ ਤੋਂ ਨਾਬਰ ਹੋਣਾ ਨਾਵਲ ਵਿਚ ਉਸਦੀ ਬਿਰਤਾਂਤਕ ਸਰਦਾਰੀ ਨੂੰ ਕਾਇਮ ਰੱਖਦਾ ਹੈ।

ਇਸ ਸਰਦਾਰੀ ਨੂੰ ਸਦੀਵੀ ਚੜ੍ਹਤ ਵਿਚ ਰੱਖਣ ਲਈ ਲੇਖਕ ਨੇ ਹੀਰ ਦੇ ਸਹੁਰਾ ਘਰ ਦੇ ਘਟਨਾਵੀ ਪਸੰਗਾਂ ਨੂੰ ਬਿਰਤਾਂਤਕ ਵਿਉਂਤਬੰਦੀ ਵਿਚ ਉਲੀਕਿਆ ਹੈ। ਇਸ ਨਾਲ ਹੀਰ ਦਾ

ਪਤੀ ਪਾਤਰ ਤੇ ਸਮੁੱਚਾ ਸਹੁਰਾ-ਪਰਿਵਾਰ ਦਬਵੇਂ ਸੁਰ ਵਿਚ ਤੇ ਨਾਵਲਕਾਰ ਦੀ ਵਿਉਂਤੀ ਜਾਲਸਾਜ਼ੀ ਵਿਚ ਉਲਝਿਆ ਪੇਸ਼ ਹੋਇਆ ਹੈ। ਰਾਂਝੇ ਦਾ ਜੋਗ ਧਾਰਨ ਕਰਨਾ, ਹੀਰ ਦੇ ਸਹੁਰੇ ਪਿੰਡ ਪੁੱਜਣਾ, ਹੀਰ-ਸਹਿਤੀ ਪ੍ਰੇਮ, ਰਾਂਝਾ-ਹੀਰ ਮਿਲਾਪ, ਪਿੱਛੋਂ ਪਿੰਡ ਤੋਂ ਦੌੜਨਾ, ਨਾਹੜ ਕਬੀਲੇ ਕੋਲ ਪੁੱਜਣਾ, ਖੇੜੇ-ਨਾਹੜਾਂ ਦੇ ਯੁੱਧ ਪ੍ਰਸੰਗ, ਕੋਟ ਕਬੂਲੇ ਦੀ ਸ਼ਰੀ ਅਦਾਲਤ ਤੇ ਪਿੱਛੋਂ ਸਾਜਿਸ਼ੀ ਢੰਗ ਨਾਲ ਹੀਰ-ਰਾਂਝੇ ਦਾ ਕਤਲ ਆਦਿ ਘਟਨਾ ਪ੍ਰਸੰਗਾਂ ਨੂੰ ਇਤਿਹਾਸਕ ਥਾਰਥ ਦੀ ਰੰਗਤ ਵਿਚ ਰੰਗ ਕੇ ਪੇਸ਼ ਕੀਤਾ ਹੈ। ਕਥਾ-ਜੁਗਤੀਆਂ ਵੀ ਮੱਧਕਾਲੀ ਲੋਕ-ਚੇਤਨਾ ਅਨੁਸਾਰ ਵਰਤੀਆਂ ਗਈਆਂ ਹਨ। ਨਾਵਲ ਦਾ ਕਿੱਸਾ ਕਾਵਿ ਵਾਂਗ ਹੀ ਅੰਤ ਦੁਖਾਂਤ ਭਾਵੀ ਹੈ। ਹੀਰ ਦੇ ਮਨੋਵਿਗਿਆਨ ਦੀ ਉਸਾਰੀ ਵਾਸਤੇ ਪ੍ਰੀਤ ਲਈ ਉਸਦੀ ਪ੍ਰਤੀਬੱਧਤਾ ਤੇ ਸਮਾਜੀ ਪ੍ਰਬੰਧ ਲਈ ਨਾਬਰੀ ਦੇ ਭਾਵ-ਰੂਪਮਾਨ ਹੋਏ ਹਨ। ਨਾਬਰ ਚੇਤਨਾ ਪੱਖੋਂ ਮੱਧਕਾਲ ਦਾ ਪੰਜਾਬੀ ਮਨੋਵਿਗਿਆਨ ਉਸ ਦੌਰ ਦੀ ਇਤਿਹਾਸਕ ਸਥਿਤੀ ਵਿਚੋਂ ਉਸਰਦਾ ਹੈ। ਸ਼ਾਹ ਚਮਨ ਨੇ ਕਬੀਲਾ ਸਮਾਜ, ਨਾਰੀ ਮਨ, ਫਕੀਰੀ ਸੁਭਾਅ ਤੇ ਨਿਮਨ ਵਰਗ ਦੀ ਵਿਦਰੋਹੀ ਸੁਰ ਨੂੰ ਕੇਂਦਰਤ ਕਰਦਿਆਂ ਸਾਂਝੀ ਪੰਜਾਬੀ ਲੋਕ-ਚੇਤਨਾ ਦੇ ਦਰਸ਼-ਦੀਦਾਰ ਕਰਵਾਏ ਹਨ।

ਲੇਖਕ ਦੀ ਸੁਹਜਭਾਵੀ ਭਾਸ਼ਾ ਬਿਰਤਾਂਤ ਦੇ ਸੂਚਨਾਵੀ ਸੰਦਰਭਾਂ ਤੇ ਪਾਤਰਾਂ ਦੀ ਵਾਰਤਾਲਾਪ 'ਚੋਂ ਝਲਕਦੀ ਹੈ। ਉਸ ਕੋਲ ਇਸਲਾਮੀ ਚਿੰਤਨ, ਸੂਫੀ ਪਿਛੋਕੜ, ਹਿੰਦੂ ਚਿੰਤਨ ਤੇ ਨਾਥ-ਜੋਗ ਪਰੰਪਰਾ ਦਾ ਠੋਸ ਸ਼ਬਦ-ਜਾਲ ਹੈ, ਜਿਸਦਾ ਪ੍ਰਗਟਾਵਾ ਹਰ ਧਰਮ, ਮਤ-ਮਤਾਂਤਰ, ਕਬੀਲਾ ਸਮਾਜ ਦੇ ਪਾਤਰਾਂ ਦੀ ਵੱਖੋ ਵੱਖਰੀ ਬੋਲਬਾਣੀ 'ਚੋਂ ਹੁੰਦਾ ਹੈ। ਮੱਧਕਾਲੀ ਪੰਜਾਬੀ ਸੰਸਕਿਤੀ ਵਿਚ ਔਰਤ ਤੇ ਮਰਦ ਦੇ ਭਿੰਨ ਬੋਲੀ-ਉਚਾਰ ਫੜਨੇ ਵੀ ਇਸ ਨਾਵਲ ਦੇ ਹਾਸਲ ਹਨ। ਤਖਤ ਹਜ਼ਾਰਾ, ਚੂਚਕਾਣਾ, ਸਿਆਲ, ਰੰਗਪੁਰ, ਤੁਲੰਬਾ, ਮੁਲਤਾਨ, ਨਾਹੜ-ਡੇਰਾ, ਲੱਖੀ ਜੰਗਲ, ਗੰਜੀ ਬਾਰ, ਪੱਤਣ, ਜੰਗਲ-ਬੇਲੇ, ਖੂਹ-ਟੋਭੇ, ਤ੍ਰਿੰਝਣ ਆਦਿ ਥਾਂ-ਸਥਲ ਵੀ ਨਾਵਲ ਦੇ ਜਿਉਂਦੇ-ਜਾਗਦੇ ਪਾਤਰ ਜਾਪਦੇ ਹਨ।

ਮੱਧਕਾਲੀ ਉਤਪਾਦਨ ਦੇ ਸਾਧਨ, ਸਰੋਤ ਤੇ ਸਮੱਗਰੀ 'ਤੇ ਕਾਬਜ ਧਿਰ ਅਤੇ ਇਸ ਤੋਂ ਪਰ੍ਹਾਂ ਧਕੇਲੀ ਧਿਰ ਦੀ ਧਿੰਙੋਜ਼ੋਰੀ ਨਾਵਲ ਦੇ ਧਰਾਤਲ 'ਤੇ ਪਸਰੀ ਹੋਈ ਹੈ। ਇਹ ਨਾਵਲ ਮੱਧਕਾਲ ਦੇ ਪੰਜਾਬੀ ਸਭਿਆਚਾਰ ਤੇ ਇਸਦੇ ਸਮਾਜਕ ਇਤਿਹਾਸਕ ਥਾਰਥ ਦਾ ਭਰਵਾਂ ਪ੍ਰਗਟਾਵਾ ਹੈ। ਇਸ ਵਿਚ ਉਸ ਦੌਰ ਦੀ ਦਬੇਲ ਤੇ ਦਾਬੂ ਧਿਰ ਦਾ ਜਮਾਤੀ ਚਰਿੱਤਰ ਬਾਖੂਬੀ ਪੇਸ਼ ਹੋਇਆ ਹੈ।

-ਜੇ. ਬੀ. ਸੇਖੋਂ

## ਸੂਰਨਾਮੀ ਕਵਿਤਾ:ਕੌਮੀਅਤ,ਸ਼ਨਾਖ਼ਤ ਅਤੇ ਡਾਇਸਪੋਰਾ (ਆਲੋਚਨਾ) ਅਮਰ ਜਿਉਤੀ

ਸੂਰਨਾਮੀ ਕਵਿਤਾ : ਕੌਮੀਅਤ, ਸ਼ਨਾਖ਼ਤ ਅਤੇ ਡਾਇਸਪੋਰਾ' 2 ਡਾ. ਅਮਰ ਜਿਉਤੀ ਦੀ ਆਲੋਚਨਾਤਮਕ ਪੁਸਤਕ ਦਾ ਅਧਾਰ ਉਸ ਦੁਆਰਾ ਪ੍ਰਸਤੁਤ ਪੀ. ਐਚ-ਡੀ ਲਈ ਪ੍ਰਵਾਨਤ ਖੋਜ-ਪ੍ਰਬੰਧ ਦਾ ਪ੍ਰਕਾਸ਼ਤ ਰੂਪ ਹੈ। ਇਸ ਪੁਸਤਕ ਵਿਚ ਉਸ ਨੇ ਸੂਰੀਨਾਮੀ ਕਵੀਆਂ ਵੱਲੋਂ ਰਚਿਤ ਕਾਵਿ-ਰਚਨਾਵਾਂ ਨੂੰ ਅਧਾਰ ਬਣਾ ਕੇ ਉਹਨਾਂ ਦਾ ਇਤਿਹਾਸਕ ਤੇ ਸਭਿਆਚਾਰਕ ਅਧਿਐਨ ਪੇਸ਼ ਕੀਤਾ ਹੈ। ਇਸ ਤੋਂ ਪਹਿਲਾਂ ਉਹ ਛੇ ਕਾਵਿ-ਸੰਗ੍ਰਹਿ ਅਤੇ ਦੋ ਵਾਰਤਕ ਪੁਸਤਕਾਂ ਤੋਂ ਇਲਾਵਾ ਹੋਰ ਸੰਪਾਦਨਾ ਕਾਰਜ ਅਤੇ ਅੰਗਰੇਜ਼ੀ ਵਿਚ ਸੀਲੈਕਟਡ ਪੋਇਟਰੀ ਅਤੇ ਰਿਸਰਚ ਵਰਕ ਕਰ ਚੁੱਕੀ ਹੈ। ਸੂਰੀਨਾਮ ਲਾਤੀਨੀ ਅਮਰੀਕਾ ਦਾ ਇਕ ਨਿੱਕਾ ਜਿਹਾ ਦੇਸ਼ ਹੈ ਜਿਹੜਾ ਕਰੀਬ ਸਾਲ ਨੀਦਰਲੈਂਡ ਦੀ ਕਲੋਨੀ ਦੇ ਰੂਪ ਵਿਚ ਗੁਲਾਮ ਰਿਹਾ ਤੇ ਅਖੀਰ 2 ਨਵੰਬਰ ਈ. ਨੂੰ ਆਜ਼ਾਦ ਹੋਇਆ। ਬਰਤਾਨਵੀ ਹਕੂਮਤ ਅਧੀਨ ਵਿਚਰਦੇ ਭਾਰਤੀ ਲੋਕਾਂ ਨੂੰ



ਸੂਰੀਨਾਮੀ ਕਾਲੋਨੀ ਵਿਚ ਬਤੌਰ ਮਜ਼ਦੂਰ ਬੁਲਾਇਆ ਗਿਆ ਸੀ। ਅਧਿਐਨ-ਕਰਤਾ ਉਹਨਾਂ ਆਰਥਿਕ ਤੇ ਸਮਾਜਕ ਕਾਰਨਾਂ ਦੀ ਨਿਸ਼ਾਨਦੇਹੀ ਕਰਦੀ ਹੈ ਜਿਸ ਕਾਰਨ ਭਾਰਤੀ ਲੋਕਾਂ ਨੂੰ ਪਰਵਾਸ ਕਰਨ ਲਈ ਮਜਬੂਰ ਹੋਣਾ ਪਿਆ। ਪਰ ਉਹ ਇਸ ਸਥਿਤੀ ਨੂੰ ਵਿਸ਼ਾਲ ਅਰਥਾਂ ਵਿਚ ਸਮਝਣ ਦੀ ਵਕਾਲਤ ਕਰਦੀ ਹੋਈ ਕਹਿੰਦੀ ਹੈ ਕਿ ਪਰਵਾਸ ਨੂੰ ਕਿਸੇ ਵੀ ਹਾਲਤ ਵਿਚ ਨਿਖੇਧਾਤਮਕ ਵਰਤਾਰਾ ਸਥਾਪਤ ਨਹੀਂ ਕਰ ਸਕਦੇ। ਇਹ ਪ੍ਰਕਿਰਿਆ ਕਿਸੇ ਵੀ ਹਾਲਤ ਵਿਚ ਕੌਮੀਅਤ ਦੇ ਵਿਗਠਨ ਵੱਲ ਸਰਗਰਮ ਨਹੀਂ ਹੁੰਦੀ, ਸਗੋਂ ਇਹ ਕੌਮ ਅਤੇ ਕੌਮੀਅਤ ਦੇ ਵਿਸਤਾਰ ਦੀ ਪ੍ਰਕਿਰਿਆ ਹੈ।'

ਡਾ. ਜਿਉਤੀ ਦੀ ਰੁਚੀ ਡੱਚ ਜਾਂ ਸੂਰਨਾਮੀ ਭਾਸ਼ਾਵਾਂ ਦੇ ਸਾਹਿਤ ਵਿਚ ਉਸ ਵੇਲੇ ਬਣੀ ਜਦੋਂ ਉਹ 2 ਈ. ਵਿਚ ਨੀਦਰਲੈਂਡ ਵਿਚ ਰਹਿਣ ਵਾਸਤੇ ਪਰਵਾਸ ਕਰ ਗਈ। ਉਸਨੇ ਡੱਚ ਜਾਂ ਸੂਰਨਾਮੀ ਭਾਸ਼ਾਵਾਂ ਦੇ ਸਾਹਿਤ ਵਿਚ ਪੰਜਾਬੀ ਭਾਰਤੀ ਸਭਿਆਚਾਰ ਅਤੇ ਦਰਸ਼ਨ ਦੀ ਸਮਾਨਤਾ ਦੇਖੀ ਤਾਂ ਖੋਜ ਕਾਰਜ ਦੇ ਵਿਸ਼ੈ ਦੀ ਚੋਣ ਵੀ ਇਸ ਸਾਹਿਤ ਨਾਲ ਸੰਬੰਧਤ ਕਰਨ ਦਾ ਨਿਸ਼ਚਾ ਕੀਤਾ। ਇਸ ਲਈ ਅਧਿਐਨ-ਕਰਤਾ ਸੂਰੀਨਾਮੀ-ਹਿੰਦੋਸਤਾਨੀ' ਲੋਕਾਂ ਦੇ ਸਿਰਜਣਾਤਕ ਸਾਹਿਤ ਨੂੰ ਅਧਾਰ ਬਣਾ ਕੇ ਅਤੀਤ ਅਤੇ ਵਰਤਮਾਨ ਵਿਚਲੇ ਸਭਿਆਚਾਰਕ ਅੰਤਰ-ਵਟਾਂਦਰਿਆਂ ਦੀ ਤਲਾਸ਼ ਕਰਨ ਵੱਲ ਰੁਚਿਤ ਹੈ। ਡਾ. ਜਿਉਤੀ ਜਿੱਥੇ ਸੂਰਨਾਮੀ ਕਵਿਤਾ ਵਿਚ ਅਭਿਵਿਅਕਤ ਹੋਏ ਕਾਵਿ-ਅਨੁਭਵ ਅਤੇ ਕਾਵਿ-ਸੰਵੇਦਨਾ ਨੂੰ ਅਧਿਐਨ ਦਾ ਕੇਂਦਰ ਬਣਾਉਂਦੀ ਹੈ, ਉੱਥੇ ਤਤਕਾਲੀ ਸਥਿਤੀਆਂ ਵਿਚਲੇ ਉਹਨਾਂ ਲੋਕਾਂ ਦੇ ਮਾਨਸਿਕ, ਸਮੂਹਕ, ਸਭਿਆਚਾਰਕ ਵਖਰੇਵੇਂ ਅਤੇ ਅਵਚੇਤਨੀ ਝੂਹੇਰਵਿਆਂ ਨੂੰ ਫੜਨ ਵਿਚ ਵੀ ਕਾਰਜਸ਼ੀਲ ਰਹਿੰਦੀ ਹੈ। ਉਸ ਦਾ ਮੰਨਣਾ ਹੈ ਕਿ ਗੁੰਝਲਦਾਰ ਮਾਨਵੀ ਸਥਿਤੀ ਹੰ ਾ ਰਹੇ ਇਹ ਲੋਕ ਕੌਮ, ਕੌਮੀਅਤ, ਰਾਜ ਅਤੇ ਪ੍ਰਬੰਧ ਦਾ ਵੀ ਵਿਲੱਖਣ ਅਤੇ ਵਚਿੱਤਰ ਸੁਭਾਅ ਵਾਲਾ ਬਿਰਤਾਂਤ ਸਿਰਜਦੇ ਹਨ, ਜੋ ਇਕੋ ਵੇਲੇ ਜਲਾਵਤਨੀ, ਕੌਮਪ੍ਰਸਤੀ ਅਤੇ ਨਾਗਰਿਕਤਾ ਦਾ ਵਿਕੋਲਿਤਰਾ ਸਰੂਪ ਧਾਰਨ ਕਰਦਾ ਹੈ।' ਇਸ ਕਥਨ ਦੇ ਆਧਾਰ 'ਤੇ ਹੀ ਉਹ ਸੂਰੀਨਾਮੀ ਦੇਸ਼ ਵਿਚਲੇ ਮਿਸ਼ਰਤ ਸਭਿਆਚਾਰ' ਨੂੰ ਵੀ ਰੇਖਾਂਕਤ ਕਰਦੀ ਹੈ। ਉਹ ਬਰਤਾਨਵੀ ਭਾਰਤੀ ਕਵੀਆਂ ਦੁਆਰਾ ਰਚਿਤ ਕਾਵਿ-ਰਚਨਾਵਾਂ ਵਿਚਲੇ ਵਸਤੂ 'ਤੇ ਵਿਚਾਰ-ਵਿਵੇਚਨ ਕਰਨ ਲਈ, ਉਹਨਾਂ ਲੋਕਾਂ ਦੇ ਮਾਨਸਿਕ, ਸਮਾਜਕ ਅਤੇ ਸਭਿਆਚਾਰਕ ਸਾਂਝੇ ਸਰੋਕਾਰਾਂ ਨੂੰ ਲੱਭਦੀ ਹੋਈ ਇਹਨਾਂ ਬੁਨਿਆਦੀ ਲੱਛਣਾਂ ਸਥਾਪਨਾਵਾਂ ਦਾ ਨਿਰਮਾਣ ਕਰਦੀ ਹੈ: ਉ ਲਾਮੀ ਨਾਲ ਸੰਬੰਧਤ ਨਜ਼ਮਾਂ ਅ ਸੂਰੀਨਾਮੀ ਦੇਸ ਵਾਸੀ ਦੇ ਤੌਰ ਤੇ ਸ਼ਨਾਖਤ ਦੀ ਪੇਸ਼ਕਾਰੀ ੲ ਆਜ਼ਾਦੀ ਲਈ ਸੰਘਰਸ਼ਾਂ ਦੀਆਂ ਨਜ਼ਮਾਂ ਸ ਸਮਾਜਕ ਰਾਜਨੀਤਕ ਸਮੱਸਿਆਵਾਂ ਅਤੇ ਬਹੁ-ਸਭਿਆਚਾਰ ਬਾਰੇ ਨਜ਼ਮਾਂ। ਇਹਨਾਂ ਸਥਾਪਨਾਵਾਂ ਦੀ ਨਿਰਮਾਣਕਾਰੀ ਪਿੱਛੇ ਅਸੀਂ ਬਸਤੀਵਾਦੀ ਕਾਲ ਵਿਚ ਰਚੇ ਜਾ ਰਹੇ ਸਾਹਿਤ ਦੀ ਸਥਿਤੀ ਅਤੇ ਸੰਘਰਸ਼ ਚੇਤਨਾ ਨੂੰ ਵਿਚਾਰ ਸਕਦੇ ਹਾਂ ਕਿਉਂਕਿ ਬਸਤੀਵਾਦ ਦੌਰਾਨ ਰਚੇ ਸਾਹਿਤ ਦੀ ਆਪਣੀ ਇਕ ਸੀਮਾ ਹੁੰਦੀ ਹੈ। ਇਸ ਸੀਮਾ ਨੂੰ ਅਧਿਐਨ-ਕਰਤਾ ਚੰਗੀ ਤਰ੍ਹਾਂ ਸਮਝਦੀ ਹੈ। ਇਸੇ ਲਈ ਉਹ ਸਮਕਾਲੀ ਸਥਿਤੀਆਂ ਦਾ ਵਿਸ਼ਲੇਸ਼ਣ ਕਰਦੀ ਹੋਈ ਸੂਰੀਨਾਮ ਦੇ ਵਸਨੀਕਾਂ ਦੇ ਭੂਤਕਾਲੀ ਅਨੁਭਵਾਂ ਦਾ ਉਲੇਖ ਵਿਸ਼ੇਸ਼ ਤੌਰ 'ਤੇ ਕਰਦੀ ਹੈ ਅਤੇ ਬਰਤਾਨਵੀ ਭਾਰਤੀ' ਲੋਕਾਂ ਨਾਲ ਹੁੰਦੇ ਨਸਲੀ ਵਿਤਕਰੇ, ਲਾਮੀ ਭਰੇ ਜੀਵਨ, ਬੇਬਸੀ, ਲਾਚਾਰੀ, ਮਾੜੀ ਆਰਥਿਕ ਹਾਲਤ, ਦੇਸ ਵਾਪਸ ਨਾ ਜਾਣ ਦੀ ਤਾਸਦਿਕ ਸਥਿਤੀ ਵਿਚੋਂ ਪੈਦਾ ਹੋਏ ਜੀਵਨ-ਸੰਘਰਸ਼ ਦਾ ਵਿਵਰਨ ਵਿਸਤਾਰ ਵੀ ਦਰਜ ਕਰਦੀ ਹੈ ਅਤੇ ਨਾਲ ਹੀ ਉਹਨਾਂ ਪਰਿਸਥਿਤੀਆਂ ਨੂੰ ਵੀ ਅਧਿਐਨ ਦੇ ਖੇਤਰ ਵਿਚ ਜਗ੍ਹਾ ਦਿੰਦੀ ਹੈ ਜਿਹਨਾਂ ਨੇ ਬਹੁ-ਗਿਣਤੀ ਲੇਖਕਾਂ ਕਵੀਆਂ ਦੀ ਰਚਨਾਤਮਕ ਪ੍ਰਤਿਭਾ ਨੂੰ ਟੁੰਬਿਆ ਹੈ। ਅਧਿਐਨ-ਕਰਤਾ

ਉਹਨਾਂ ਇਤਿਹਾਸਕ ਸਥਿਤੀਆਂ ਅਤੇ ਮਸਲਿਆਂ ਨੂੰ ਵਿਚਾਰਦੀ ਹੋਈ ਕੌਮ ਅਤੇ ਕੌਮੀਅਤ ਵਰਗੇ ਸੰਕਲਪਾਂ ਨੂੰ ਪਰਿਭਾਸ਼ਤ ਕਰਦੀ ਹੈ। ਉਸ ਦਾ ਮੰਨਣਾ ਹੈ ਕੌਮ ਅਤੇ ਕੌਮੀਅਤ ਨੂੰ ਬਿਰਤਾਂਤ ਮੰਨਣ ਦਾ ਅਰਥ ਕੌਮ ਅਤੇ ਕੌਮੀਅਤ ਬਾਰੇ ਅਜਿਹੇ ਵਿਚਾਰ-ਪਬੰਧ ਦੀ ਸਿਰਜਣਾ ਕਰਨਾ ਹੈ, ਜਿਸ ਵਿਚ ਵਿਸ਼ੇਸ਼ ਕੌਮ ਤੋਂ ਇਲਾਵਾ ਅਤੀਤ ਦੀ ਕੌਮ ਦੀਆਂ ਸਿਮਰਤੀਆਂ ਤੇ ਸੰਸਕਾਰ ਵੀ ਨਵੀਂ ਕੌਮ ਦੀ ਬਾਸ਼ਿੰਦਗੀ ਵਿਚ ਸ਼ਾਮਲ ਕੀਤੇ ਜਾ ਸਕਣ।'

ਖੋਜ-ਕਾਰਜ ਵਿਚ ਇਕ ਪਾਸੇ ਭਾਰਤ ਤੋਂ ਲਿਆਂਦੇ ਗਏ ਬਰਤਾਨਵੀ ਭਾਰਤੀ ਮਜਦੂਰਾਂ ਦੇ ਰਚਿਤ ਸਾਹਿਤ ਵਿਚ ਲੁਪਤ ਅਤੇ ਜ਼ਾਹਿਰ ਸੰਵੇਦਨਾਵਾਂ, ਪਗਟਾਅ ਜੁਗਤਾਂ' ਦੀ ਵਿਲੱਖਣਤਾ ਤੇ ਵੰਨ ਸੁਵੰਨਤਾ ਦੀ ਨਿਸ਼ਾਨਦੇਹੀ ਕੀਤੀ ਗਈ ਹੈ ਤਾਂ ਦੂਜੇ ਪਾਸੇ ਇਸ ਕਵਿਤਾ ਨੂੰ ਹੋਰ ਮੂਲ ਦੇਸ਼ਾਂ ਦੇ ਕਵੀਆਂ ਦੀਆਂ ਕਾਵਿ-ਰਚਨਾਵਾਂ ਨਾਲ ਤੁਲਨਾਇਆ ਗਿਆ ਹੈ। ਉਸਨੇ ਸੂਰੀਨਾਮੀ-ਹਿੰਦੋਸਤਾਨੀ ਸਾਹਿਤ ਦੇ ਪਥਮ ਸਾਹਿਤਕਾਰ ਪੰਜਾਬੀ ਇੰਮੀਗਰੇਂਟ ਸਾਬਲ ਸਿੰਘ ਤੋਂ ਸ਼ੁਰੂ ਕਰਕੇ ਰਾਬਿਨ ਐੱਸ ਬਲਦੇਉ ਸਿੰਘ ਦੀਆਂ ਕਾਵਿ-ਰਚਨਾਵਾਂ ਨੂੰ ਅਧਿਐਨ ਦਾ ਕੇਂਦਰ ਬਣਾ ਕੇ ਇਹਨਾਂ ਕਵੀਆਂ ਦੀਆਂ ਰਚਨਾਵਾਂ ਦੇ ਵਿਸ਼ੈਗਤ ਸਰੋਕਾਰਾਂ ਅਤੇ ਪਗਟਾਅ-ਜੁਗਤਾਂ ਦਾ ਅਧਿਐਨ ਪੇਸ਼ ਕੀਤਾ ਹੈ।

ਖੋਜ-ਕਾਰਜ ਵਿਚਲੇ ਸਿਧਾਂਤਕ ਅਧਿਐਨ ਕੌਮੀਅਤ, ਬਿਰਤਾਂਤਕਤਾ ਅਤੇ ਪਰਵਾਸੀ ਸਿਰਜਣਾਮਕਤਾ : ਸਿਧਾਂਤਕ ਪਰਿਪੇਖ' ਵਿਚਲੀਆਂ ਸਿਧਾਂਤਕ ਪਧਤੀਆਂ ਅਤੇ ਦਿਸ਼ਟੀਆਂ ਨੂੰ ਵਿਹਾਰਕ ਰੂਪ ਵਿਚ ਜਿਸ ਕਰੜਾਈ ਤੇ ਤਕੜਾਈ ਨਾਲ ਲਾਗੂ ਕੀਤਾ ਜਾਣਾ ਬਣਦਾ ਸੀ, ਉਸ ਤੋਂ ਅਧਿਐਨ-ਕਰਤਾ ਕਿਧਰੇ ਕਿਧਰੇ ਤਿੜਕ ਜਾਂਦੀ ਹੈ। ਉਹ ਕੇਵਲ ਸਤਹੀ ਪੱਧਰ 'ਤੇ ਕਾਵਿ-ਰਚਨਾਵਾਂ ਦਾ ਵਿਹਾਰਕ ਅਧਿਐਨ ਪੇਸ਼ ਕਰਨ ਲੱਗਦੀ ਹੈ, ਜਿਸ ਕਾਰਨ ਸਿਧਾਂਤ ਤੇ ਵਿਹਾਰ ਵਿਚ ਨਿਰੰਤਰ ਇਕ ਮਸਲਾ ਬਣਿਆ ਰਹਿੰਦਾ ਹੈ। ਪਰ ਕਿਉਂਕਿ ਅਧਿਐਨ ਦੀ ਸਾਰਥਕਤਾ ਗੈਰ ਭਾਸ਼ਾ ਤੇ ਗੈਰ ਸੰਸਕਿਤੀ ਵਿਚ ਵਿਚਰਦੇ ਭਾਰਤੀ ਮੂਲ ਦੇ ਰਚਨਕਾਰਾਂ ਨਾਲ ਸੰਬੰਧਤ ਹੈ, ਇਸ ਕਰਕੇ ਇਹ ਖੋਜ ਕਾਰਜ ਨਵੀਨਨ ਹੀ ਸਲਾਹੁਣਯੋਗ ਤੇ ਵਿਚਾਰਨਯੋਗ ਬਣ ਜਾਂਦਾ ਹੈ, ਜਿਸ ਤੋਂ ਹੋਰ ਖੋਜਾਰਥੀ ਵੀ ਪੇਰਨਾ ਗ੍ਰਹਿਣ ਕਰ ਸਕਦੇ ਹਨ। ਇਸ ਲਈ ਇਸ ਖੋਜ ਪਬੰਧ ਦਾ ਪੁਸਤਕ ਸੂਰਨਾਮੀ ਕਵਿਤਾ : ਕੌਮੀਅਤ, ਸ਼ਨਾਖ਼ਤ ਅਤੇ ਡਾਇਸਪੋਰਾ ਲੋਕ ਗੀਤ ਪਕਾਸ਼ਨ, ਚੰਡੀਗੜ੍ਹ ਪੰਨੇ , ਮੁੱਲ 2 ਰੁਪਏ ਦੇ ਰੂਪ ਵਿਚ ਪਕਾਸ਼ਤ ਹੋਣਾ ਇਸ ਦਿਸ਼ਾ ਵਿਚ ਜਿੱਥੇ ਸਾਰਥਕ ਹੋ ਨਿਬੜਦਾ ਹੈ, ਉਥੇ ਡਾ. ਅਮਰ ਜਿਉਤੀ ਵੱਲੋਂ ਕੀਤੀ ਪਹਿਲ ਅਤੇ ਉਦਮ ਵੀ ਸਲਾਹੁਣਯੋਗ ਬਣਦੇ ਹਨ।

-ਸਤਿੰਦਰਪਾਲ ਸਿੰਘ ਬਾਵਾ

## ਨੋ ਸਪੇਸ ਜ਼ੋਨ ਤੇ ਜਾਈਂ ਨਾ ਓਸ ਦਰੇ (ਨਾਟਕ) ਮਨਜੀਤਪਾਲ ਕੌਰ

ਮਨਜੀਤਪਾਲ ਕੌਰ ਨੇ 'ਨੋ ਸਪੇਸ ਜ਼ੋਨ' ਅਤੇ 'ਜਾਈਂ ਨਾ ਓਸ ਦਰੇ'(ਮੁੱਲ 120 ਰੁਪਏ,ਪੰਨੇ 112,ਏਂਜਲ ਪਬਲੀਕੇਸ਼ਨਜ਼,ਅਮ੍ਰਿਤਸਰ) ਦੋ ਨਾਟਕਾਂ ਨੂੰ ਇਕੋ ਜਿਲਦ ਵਿਚ ਪ੍ਰਕਾਸ਼ਤ ਕਰਵਾ ਕੇ ਪੰਜਾਬੀ ਨਾਟਕ ਦੇ ਇਤਿਹਾਸ ਵਿਚ ਜ਼ਿਕਰਯੋਗ ਵਾਧਾ ਕੀਤਾ ਹੈ। ਇਹ ਨਾਟਕਾਂ ਨੂੰ ਅੱਜੋਕੇ ਵਿਸ਼ਵੀਕਰਨ ਦੇ ਦੌਰ ਦੇ ਨਿਖੇਧਾਤਮਕ ਪੱਖਾਂ ਨੂੰ ਰੂਪਮਾਨ ਕਰਦੀਆਂ ਹੋਰਨਾਂ ਪੰਜਾਬੀ ਸਾਹਿਤਕ ਕਿਰਤਾਂ ਵਰਗੀਆਂ ਕਿਰਤਾਂ ਨਹੀਂ ਹਨ, ਭਾਵੇਂ ਕਿ ਇਨ੍ਹਾਂ ਦੇ ਸਿਰਲੇਖ ਅਜਿਹਾ ਭੁਲੇਖਾ ਪਾਉਂਦੇ ਲਗਦੇ ਹਨ।

'ਨੋ ਸਪੇਸ ਜ਼ੋਨ' ਨਾਟਕ ਦੇ ਕੁੱਲ ਚਾਰ ਅੰਕ ਹਨ ਜਿਨ੍ਹਾਂ ਨਾਲ ਕ੍ਰਮਵਾਰ ਦਸ+ਸੱਤ+ਚਾਰ+ਚਾਰ ਅਥਵਾ ਪੰਝੀ ਦ੍ਰਿਸ਼ ਨੱਥੇ ਗਏ ਹਨ। ਇਨ੍ਹਾਂ ਦ੍ਰਿਸ਼ਾਂ ਵਿਚ ਪਾਤਰਾਂ ਨੂੰ ਸਮੇਂ ਤੇ ਸਥਾਨ ਨਾਲ ਕੀਲ ਕੇ ਮਾਨਵਵਾਦੀ ਦ੍ਰਿਸ਼ਟੀ ਨਾਲ ਜੋ ਕਥਾ ਕਥੀ ਗਈ ਹੈ ਉਸਦਾ ਸੰਬੰਧ ਇੱਕੀਵੀਂ ਸਦੀ ਦੇ ਪਹਿਲੇ ਦਹਾਕੇ ਦੇ ਪਹਿਲੇ ਸਾਲ ਵਿਚ ਅਮਰੀਕਾ ਰਾਜ ਦੇ ਚੋਣਵੇਂ ਸ਼ਹਿਰਾਂ ਦੇ ਚੋਣਵੇਂ ਸਥਾਨਾਂ ਅੰਦਰ ਕਾਰਜ ਕਰਦੀਆਂ ਅਮਰੀਕੀ ਤੇ ਭਾਰਤੀ ਜੀਵਨ-ਸ਼ੈਲੀਆਂ ਦੇ ਏਕੀਕਰਨ ਨਾਲ ਹੈ।

ਨਾਟਕ ਵਿਚ ਵਿਕਸਿਤ ਅਤੇ ਵਿਕਾਸਸ਼ੀਲ ਸਭਿਆਚਾਰਾਂ ਦਾ ਭੇੜ ਨਹੀਂ ਬਲਕਿ ਮੇਲ ਸਿਰਜਿਆ ਗਿਆ ਹੈ ਅਤੇ ਮੇਲ ਸਿਰਜਣ ਲਈ ਲੇਖਿਕਾ ਨੇ ਅਮਰੀਕੀ ਰਾਜ ਵਿਚ ਰਹਿੰਦੇ ਦੋ ਭਾਰਤੀ ਪਰਿਵਾਰਾਂ ਦੀਆਂ ਜੀਵਨ ਝਾਕੀਆਂ ਦਾ ਨਾਟਕੀ ਰੂਪਾਂਤਰਨ ਕੀਤਾ ਹੈ। ਦੋਹਾਂ ਭਾਰਤੀ ਪਰਿਵਾਰਾਂ ਦਾ ਪਿਛੋਕੜ ਇਕੋ ਭਾਰਤੀ ਪਰਿਵਾਰ ਨਾਲ ਜੁੜਦਾ ਹੈ ਜਿਸਦੀ ਪ੍ਰਤੀਨਿੱਧਤਾ ਔਰਤ ਨਾਂ ਦੀ ਮੁੱਖ ਪਾਤਰ ਕਰਦੀ ਹੈ। ਇਸ ਔਰਤ (ਮਨਮੀਤ) ਤੇ ਉਸਦੇ ਦੋ ਪੁੱਤਰਾਂ (ਵਿਵੇਕ ਤੇ ਸੱਮੀ),ਦੋ ਨੂੰਹਾਂ (ਸੁਕ੍ਰਿਤੀ ਤੇ ਨਿੱਧੀ),ਇਕ ਪੋਤਰੀ ਤੇ ਪੋਤਰਾ (ਨੇਹਾ ਤੇ ਅਭੀ),ਇਕ ਸਹੇਲੀ (ਪੁਸ਼ਪ) ਤੇ ਪੁਸ਼ਪ ਦਾ ਪਤੀ ਮਹੀਪ ਤੇ ਪੁਸ਼ਪ ਦੀ ਸਹੇਲੀ ਦੀ ਸਹੇਲੀ(ਰੀਮਾ),ਡਾਕਟਰ ਚੂਆ,ਨਰਸ, ਥੈਰੇਪਿਸਟ ਆਦਿ ਪਾਤਰਾਂ ਰਾਹੀਂ ਨਾਟਕ ਦੀ ਵੱਥ ਨੂੰ ਕਥਿਆ ਗਿਆ ਹੈ। ਕਥੀ ਗਈ ਇਸ ਵੱਥ ਦਾ ਇਕ ਵਿਚਾਰਧਾਰਕ ਬਿੰਦੂ ਉਦੋਂ ਉਘੜਦਾ ਹੈ ਜਦੋਂ ਔਰਤ ਦੇ ਗੋਡਿਆਂ ਦੀ ਦੇਖਭਾਲ ਕਰਦੀ ਅਮਰੀਕੀ ਨਰਸ ਨੂੰ ਔਰਤ ਵਿਚੋਂ ਆਪਣੀ ਮਾਂ ਨਜ਼ਰ ਆਉਂਦੀ ਹੈ ਤੇ ਔਰਤ ਨੂੰ ਉਹ ਨਰਸ, ਇਕ ਹਿੰਦੋਸਤਾਨੀ ਧੀ ਵਰਗੀ ਮੋਹਖੋਰੀ ਧੀ ਪ੍ਰਤੀਤ ਹੁੰਦੀ ਹੈ। ਨਾਟਕ ਵਿਚ ਅਜਿਹੇ ਕਈ ਵਿਚਾਰਧਾਰਕ ਬਿੰਦੂਆਂ ਦੀ ਦਵੰਦਾਤਮਕ ਸਿਰਜਣਾ ਰਾਹੀਂ ਨਾਟਕੀ ਤਨਾਉ ਦੀ ਇਕ ਸੰਪੂਰਨ ਇਕਾਈ ਸਾਕਾਰ ਹੁੰਦੀ ਹੈ।

ਨਾਟਕ ਵਿਚ ਸਿਰਜਿਤ ਤਨਾਉ ਦਾ ਮੂਲ ਅਧਾਰ ਤਾਂ ਏਹੋ ਕਥਾ ਬਣਦੀ ਹੈ ਕਿ ਰੋਮੋਟਾਇਡ ਅਰਥਰਾਈਟਸ ਦੀ ਬੀਮਾਰੀ ਤੋਂ ਪੀੜਤ ਇਕ ਭਾਰਤੀ ਮੂਲ ਦੀ ਲਗਪਗ ਸੱਠ ਸਾਲਾ ਔਰਤ ਅਮਰੀਕਾ 'ਚ ਰਹਿੰਦੇ ਆਪਣੇ ਦੋ ਪੁੱਤਰਾਂ ਨੂੰ ਮਿਲਣ ਜਾਂਦੀ ਹੈ। ਔਰਤ ਦੇ ਅਮਰੀਕਾ ਪੁੱਜਣ 'ਤੇ ਉਸਦੇ ਦੋਵੇਂ ਪੁੱਤਰ ਉਸਦੇ ਦੋਹਾਂ ਗੋਡਿਆਂ ਦਾ ਇਲਾਜ ਕਰਵਾਉਂਦੇ ਹਨ ਤੇ ਉਸਦੀ ਬਿਮਾਰੀ ਠੀਕ ਹੋ ਜਾਂਦੀ ਹੈ। ਨਾਟਕ ਵਿਚ ਇਸ ਕਾਰਜ ਨੂੰ ਇਕ ਸਾਲ ਦੇ ਵਕਫ਼ੇ ਅੰਦਰ ਫੈਲਾਇਆ ਗਿਆ ਹੈ। ਇਸ ਅਰਸੇ ਦੌਰਾਨ ਔਰਤ ਦੀ ਰੋਜ਼ਮਰ੍ਹਾ ਦੀ ਜ਼ਿੰਦਗੀ 'ਚੋਂ ਬਣਦੀ ਉਸਦੀ ਦਾਰਸ਼ਨਿਕ ਸੋਚ ਤੇ ਸਰੀਰਕ ਅਸਮਰੱਥਾ,ਉਸਦੇ ਨੂੰਹਾਂ ਪੁੱਤਰਾਂ ਦੀ ਉਸ ਪ੍ਰਤੀ ਜ਼ਿੰਮੇਵਾਰੀ ਦੀਆਂ ਭਾਵਨਾਵਾਂ,ਉਸਦੀ ਦੇਖਭਾਲ ਕਰ ਰਹੇ ਡਾਕਟਰਾਂ-ਨਰਸਾਂ-ਏਡਾਂ ਆਦਿ ਦੀ ਆਪਣੇ ਆਪਣੇ ਕੰਮਾਂ ਪ੍ਰਤੀ ਸੱਚੀ ਲਗਨ ਤੇ ਚੰਗੀ ਕਾਰਗੁਜ਼ਾਰੀ, ਨੇਹਾ ਤੇ ਅਭੀ ਦੀਆਂ ਔਰਤ ਨਾਲ ਖੇਡੀਆਂ ਨਿੱਕੀਆਂ-ਨਿੱਕੀਆਂ ਖੇਡਾਂ ਆਦਿ ਮਿਲ-ਮਿਲਾ ਕੇ ਨਾਟਕ ਦੀ ਕਾਰਜ-ਸ਼ੈਲੀ ਤੇ ਵਿਚਾਰਧਾਰਕ ਪਹਿਲੂਆਂ ਨੂੰ ਨਿਰਧਾਰਤ ਕਰਦੇ ਕਲਾਤਮਕ ਤੱਤਾਂ ਦੇ ਰੂਪ ਵਿਚ ਉਜਾਗਰ ਹੁੰਦੇ ਹਨ। ਅਜਿਹੇ ਤੱਤਾਂ ਨੇ ਆਹਾਰਯ,ਆਂਗਿਕ,ਵਾਚਿਕ ਤੇ ਸਾਤਵਿਕ ਅਭਿਨੈ ਦੁਆਰਾ ਰੂਪਵਾਨ ਹੋ ਕੇ ਹੀ ਨਾਟਕ ਦੇ ਦੀਦਾਰੇ ਕਰਵਾਉਣੇ ਹਨ। ਐਪਰ, ਨਾਟਕ ਨੂੰ ਮੰਚਣ ਸਮੇਂ ਨਿਰਦੇਸ਼ਕ ਨੂੰ ਨਾਟ-ਲੇਖਿਕਾ ਦੇ ਇਹਨਾਂ ਸੁਝਾਵਾਂ ਦਾ ਖਿਆਲ ਰੱਖਣਾ ਹੋਵੇਗਾ ਕਿ ਕਿਧਰੇ ਕਿਧਰੇ ਸੂਤਰਧਾਰ ਦੀ ਵਰਤੋਂ ਕੀਤੀ ਜਾ ਸਕਦੀ ਹੈ,ਮਾਹੌਲ ਸਿਰਜਣ ਲਈ ਸੰਗੀਤ ਦੀ ਵਰਤੋਂ ਲਾਜ਼ਮੀ ਹੈ,ਬਹੁਤਾ ਨਾਟਕੀ ਕਾਰਜ ਮੂਕ ਜਾਂ ਮਾਈਮ ਅਭਿਨੈ ਦੀ ਮੰਗ ਕਰਦਾ ਹੈ,ਰੋਸ਼ਨੀ ਦੀ ਸੁਚੇਤ ਵਰਤੋਂ ਰਾਹੀਂ ਭਾਵਪੂਰਤ ਸਿੱਟੇ ਪੈਦਾ ਕੀਤੇ ਜਾ ਸਕਦੇ ਹਨ।

'ਨੋ ਸਪੇਸ ਜ਼ੋਨ' ਨਾਟਕ ਵਾਂਗ ਹੀ 'ਜਾਈਂ ਨਾ ਓਸ ਦਰੇ' ਨਾਟਕ ਦਾ ਕੇਂਦਰੀ ਪਾਤਰ ਵੀ ਇਕ ਔਰਤ ਹੀ ਹੈ। ਪੰਜ ਦ੍ਰਿਸ਼ਾਂ ਵਿਚ ਸਾਕਾਰ ਹੁੰਦੀ ਇਸ ਨਾਟਕ ਦੀ ਕਹਾਣੀ ਦੇ ਤਨਾਉ ਦੇ

ਵਹਾਉ ਨੂੰ ਏਸੇ ਕੇਂਦਰੀ ਪਾਤਰ ਦੀ ਤਰਕਸ਼ੀਲ ਸੂਝਵਾਨ ਦ੍ਰਿਸ਼ਟੀ ਰਾਹੀਂ ਸੁਗਠਿਤ ਕੀਤਾ ਗਿਆ ਹੈ। ਤੇ ਇਸ ਕੇਂਦਰੀ ਪਾਤਰ ਦਾ ਨਾਂ 'ਸਿਰਜਣਾ' ਹੈ ਜੋ ਪੜ੍ਹੀ ਲਿਖੀ ਅੱਧਖੜ੍ਹ ਉਮਰ ਦੀ ਔਰਤ ਦੇ ਰੂਪ ਵਿਚ ਕਾਰਜਸ਼ੀਲ ਹੈ।

'ਜਾਈਂ ਨਾ ਓਸ ਦਰੇ' ਨਾਟਕ ਦੀ ਮੂਲ ਕਥਾ ਮਿਸਟਰ ਤੇ ਮਿਸਿਜ਼ ਭੰਡਾਰੀ ਦੇ ਪਰਿਵਾਰ ਦੇ ਘਰੇਲੂ ਕਲੇਸ਼ ਦੁਆਲੇ ਘੁੰਮਦੀ ਹੈ। ਮਾਪੇ ਕੁਮਾਪੇ ਨਹੀਂ ਹੋ ਸਕਦੇ ਪਰ ਪੁੱਤ ਕੁਪੁੱਤ ਹੋ ਸਕਦੇ ਹਨ, ਵਾਲੀ ਲੋਕ-ਪ੍ਰਵਾਨਤ ਧਾਰਨਾ ਨੂੰ ਨਾਟਕੀ ਤਨਾਉ ਲਈ ਵਰਤਿਆ ਗਿਆ ਹੈ। ਲੇਖਿਕਾ ਨੇ ਦੋਹਾਂ ਧਿਰਾਂ ਵਿਚ ਇਕ ਦੂਸਰੇ ਪ੍ਰਤੀ ਬਣੀਆਂ ਬੇਵਸਾਹੀ ਦੀਆਂ ਭਾਵਨਾਵਾਂ ਨੂੰ ਨਾਟਕੀ ਸਮੱਸਿਆ ਦਾ ਰੂਪ ਦਿੱਤਾ ਹੈ। ਪੇਸ਼ ਪਰਿਵਾਰ ਦੇ ਨਿੱਤ ਦੇ ਘਰੇਲੂ ਕਲੇਸ਼ ਨੂੰ ਜੱਦੀ ਜਾਇਦਾਦ ਦੇ ਵੰਡਾਰੇ ਦੀ ਸਮੱਸਿਆ ਨਾਲ ਜੋੜ ਕੇ ਨਾਟਕ ਵਿਚ ਵੱਡੇ ਅਰਥ ਭਰੇ ਗਏ ਹਨ ਜਿਨ੍ਹਾਂ ਦਾ ਸੰਬੰਧ ਪੰਜਾਬੀ ਸਭਿਆਚਾਰ ਵਿਚ ਸਾਂਝੇ ਪਰਿਵਾਰ ਦੇ ਮਹੱਤਵ ਨਾਲ ਜੁੜਿਆ ਹੋਇਆ ਹੈ। ਸ਼ਾਇਦ ਏਸੇ ਲਈ ਲੇਖਿਕਾ ਨੇ ਨਾਟਕ ਦਾ ਆਰੰਭ ਜੇਕਰ ਘਰੇਲੂ ਕਲੇਸ਼ ਤੋਂ ਸ਼ੁਰੂ ਕੀਤਾ ਹੈ ਤਾਂ ਅੰਤ ਵਿਚ ਅਜਿਹੇ ਕਲੇਸ਼ ਨੂੰ ਸਿਰਜਣਾ ਨਾਮੀ ਔਰਤ ਪਾਤਰ ਦੀ ਸੂਝ-ਸਿਆਣਪ ਦੀ ਸ਼ਮੂਲੀਅਤ ਨਾਲ ਹੱਲ ਕਰਕੇ ਖਤਮ ਕਰ ਦਿੱਤਾ ਹੈ। ਕਿਉਂਜੁ, 'ਸਿਰਜਣਾ' ਨੇ ਮਿਸਟਰ ਭੰਡਾਰੀ ਦੀ ਵਸੀਅਤ ਨੂੰ ਸਾਰੇ ਪਾਤਰਾਂ ਸਾਹਵੇਂ ਪੜ੍ਹ ਕੇ ਆਪਣੀ ਸੂਝ-ਸਿਆਣਪ ਦਾ ਜੋ ਪਰਿਚੈ ਦਿੱਤਾ ਹੈ ,ਉਹ ਸਾਰਿਆਂ ਨੂੰ ਪ੍ਰਵਾਨ ਹੈ।

ਗੱਲ ਕੀ,ਹੱਥਲੇ ਦੋਵੇਂ ਨਾਟਕਾਂ ਵਿਚ ਕੇਂਦਰੀ ਪਾਤਰਾਂ ਵਜੋਂ ਭੂਮਿਕਾ ਨਿਭਾਉਂਦੇ ਮਨਮੀਤ ਤੇ ਸਿਰਜਣਾ ਨਾਂ ਦੇ ਔਰਤ ਪਾਤਰ ਔਰਤ ਦੇ ਸਸ਼ਕਤੀਕਰਨ ਦਾ ਹੀ ਇਕ ਰੂਪ ਹਨ। 'ਜਾਈਂ ਨਾ ਓਸ ਦਰੇ' ਨਾਟਕ ਵਿਚ ਔਰਤ ਦੇ ਇਸ ਰੂਪ ਦਾ ਮੂਲ ਕਾਰਜ ਜਿੱਥੇ ਇਸ ਨਾਟਕ ਦੀ ਵਿਧਾ ਨੂੰ ਸੁਨਿਸ਼ਚਤ ਕਰਨਾ ਹੈ ਉੱਥੇ ਘਰ-ਪਰਿਵਾਰ ਵਰਗੀ ਪੰਜਾਬੀ ਸਮਾਜਕ ਸੰਸਥਾ ਦੀ ਵਕਾਲਤ ਕਰਕੇ ਇਸਦੀ ਰੱਖਿਆ ਕਰਨਾ ਵੀ ਬਣਦਾ ਹੈ। ਇੰਝ ਹੀ 'ਨੋ ਸਪੇਸ ਜ਼ੋਨ' ਨਾਟਕ ਵਿਚ ਇਸ ਔਰਤ ਦੀ ਵਿਚਾਰਧਾਰਾ ਦੋਹਰਾ ਸੁਨੇਹਾ ਦਿੰਦੀ ਹੈ। ਪਹਿਲਾ,ਉਹਨਾਂ ਪਰਵਾਸੀ ਪੰਜਾਬੀਆਂ ਲਈ ਹੈ ਜੋ ਪੂੰਜੀਵਾਦੀ ਵਿਵਸਥਾ ਦੇ ਝੰਬੇ ਆਪਣੀਆਂ ਪਰਿਵਾਰਕ ਤੇ ਸਭਿਆਚਾਰਕ ਸਾਂਝਾਂ ਤੇ ਪਛਾਣਾਂ ਨੂੰ ਭੁੱਲੀ ਬੈਠੇ ਹਨ। ਦੂਸਰਾ, ਉਹਨਾਂ ਮੂਲ ਵਾਸੀਆਂ ਲਈ ਹੈ ਜੋ ਪਰਵਾਸੀਆਂ ਨੂੰ ਨਿਰਮੋਹੀ ਤੇ ਸਵਾਰਥੀ ਬਿਰਤੀਆਂ ਵਾਲੇ ਵਿਅਕਤੀ ਗਰਦਾਨਦੇ ਹਨ।

ਇੰਝ ਦੋਵੇਂ ਨਾਟਕ ਵਿਸ਼ਵ-ਵਿਆਪੀ ਪੰਜਾਬੀ ਸਮਾਜ ਅੰਦਰ ਆਏ ਮੋਕਲੇਪਣ ਨੂੰ ਘਰ-ਪਰਿਵਾਰ ਵਰਗੀ ਸਮਾਜਕ ਸੰਸਥਾ ਦੀ ਭਰਪੂਰ ਲੋੜ ਰਾਹੀਂ ਨਿਯੰਤ੍ਰਿਤ ਕਰਨ ਦਾ ਸਬਕ ਦਿੰਦੇ ਹਨ। ਨਾਟਕਾਂ ਨੂੰ ਪੜ੍ਹ ਕੇ ਨਵੀਂ ਪੀੜ੍ਹੀ ਨੂੰ ਇਹ ਵੀ ਸਬਕ ਮਿਲ ਸਕਦਾ ਹੈ ਕਿ ਉਹਨਾਂ ਦਾ ਪ੍ਰਥਮ ਨੈਤਿਕ ਕਾਰਜ ਆਪਣੇ ਬਿਰਧ ਮਾਪਿਆਂ ਦੀ ਹਰ ਪੱਖ ਤੋਂ ਹਿਫਾਜਤ ਕਰਨਾ ਹੈ। ਦੋਹਾਂ ਨਾਟਕਾਂ ਦਾ ਸੁਨੇਹਾ ਹਰ ਉਸ ਵਿਅਕਤੀ ਲਈ ਵੀ ਹੈ ਜੋ ਆਪਣੇ ਜੀਵਨ ਅਤੇ ਸਮਾਜਕ ਵਰਤਾਰੇ ਨੂੰ ਸੁੰਦਰ ਬਣਾਉਣਾ ਚਾਹੁੰਦਾ ਹੈ। ਕਿਉਂਕਿ ਨਾਟਕਾਂ ਦੇ ਪਾਤਰ ਆਪਣੇ ਭੌਤਿਕ,ਸਮਾਜਕ,ਮਨੋਵਿਗਿਆਨਕ ਤੇ ਨੈਤਿਕ ਪੱਧਰਾਂ ਉੱਤੇ ਵਿਚਰਦੇ ਹੋਏ ਮਨੁੱਖੀ ਜੀਵਨ ਅੰਦਰਲੀਆਂ ਚੰਗੀਆਂ ਸੰਭਾਵਨਾਵਾਂ ਨੂੰ ਉਜਾਗਰ ਹੀ ਨਹੀਂ ਕਰਦੇ ਸਗੋਂ ਇਨ੍ਹਾਂ ਰਾਹੀਂ ਇਕ ਅਜਿਹੀ ਜ਼ਿੰਮੇਵਾਰ ਮਨੁੱਖੀ ਸ਼ਖਸੀਅਤ ਨੂੰ ਉਭਾਰਦੇ ਹਨ ਜਿਹੜੀ ਖੇਤਰੀ ਕਿਸਮ ਦੀਆਂ ਭਾਵਨਾਵਾਂ ਤੋਂ ਉੱਪਰ ਉੱਠ ਕੇ ਮੂਲ ਮਾਨਵੀ ਸਰੋਕਾਰਾਂ ਤਕ ਪਹੁੰਚ ਰੱਖਦੀ ਹੈ।

**(ਚੰਦਰ ਮੋਹਨ)**



# ਪੱਤਰ

'ਸਿਰਜਣਾ' ਦੇ ਪਿਛਲੇ ਦੋ ਅੰਕਾਂ ਵਿਚ ਗ਼ਦਰ ਪਾਰਟੀ ਬਾਰੇ ਤੁਹਾਡੀਆਂ ਲਿਖਤਾਂ ਚੰਗੀਆਂ ਲੱਗੀਆਂ। ਕੌਮੀ ਲਹਿਰ ਦੇ ਇਤਿਹਾਸ ਵਿਚ ਗ਼ਦਰ ਪਾਰਟੀ ਲਹਿਰ ਦੀ ਵਿਲੱਖਣ ਦੇਣ ਹੀ ਇਹ ਹੈ ਕਿ ਜਾਤ-ਪਾਤ ਤੇ ਮਜ਼ਹਬੀ ਵਿਤਕਰਿਆਂ ਤੋਂ ਉਪਰ ਉੱਠੀ ਹੋਈ ਇਹ ਸੈਕੂਲਰ ਲਹਿਰ ਸੀ। ਇਸ ਲਹਿਰ ਦੀ ਵਿਰਾਸਤ ਨੂੰ ਜੇ ਕੋਈ ਧਿਰ ਵਿਗਾੜਨ ਦੀ ਕੋਸ਼ਿਸ਼ ਕਰਦੀ ਹੈ ਤਾਂ ਇਹ ਸੱਚਮੁਚ ਹੀ ਚਿੰਤਾ ਵਾਲੀ ਗੱਲ ਹੈ। ਅਜਿਹੇ ਯਤਨ ਨੂੰ ਪੂਰੇ ਤਾਣ ਨਾਲ ਨਕਾਰਨਾ ਬਣਦਾ ਹੈ। ਕੌਮੀ ਲਹਿਰ ਤੇ ਇਸਦੇ ਨਾਇਕਾਂ ਨੂੰ ਸਹੀ ਸੇਧ ਵਿਚ ਸਮਝਣ ਲਈ 'ਸਿਰਜਣਾ' ਤੋਂ ਇਹ ਤਵੱਕੋ ਕੀਤੀ ਜਾਂਦੀ ਹੈ ਕਿ ਉਹ ਨੈਸ਼ਨਲ ਬੁੱਕ ਟ੍ਰਸਟ ਵੱਲੋਂ ਪ੍ਰਕਾਸ਼ਤ ਪੁਸਤਕਾਂ 'ਗ਼ਦਰ ਪਾਰਟੀ ਨਾਇਕ: ਕਰਤਾਰ ਸਿੰਘ ਸਰਾਭਾ' ਅਤੇ 'ਭਗਤ ਸਿੰਘ ਦੇ ਸਿਆਸੀ ਦਸਤਾਵੇਜ਼' ਦੇ ਨਾਲ ਨਵਯੁਗ ਵੱਲੋਂ ਛਾਪੀ ਗਈ ਪੁਸਤਕ 'ਭਗਤ ਸਿੰਘ:ਵਿਚਾਰਵਾਨ ਇਨਕਲਾਬੀ' ਦਾ ਨੋਟਿਸ ਵੀ ਲਵੇ। **-ਚਮਨ ਲਾਲ, ਜੇ.ਐੱਨ.ਯੂ., ਨਵੀਂ ਦਿੱਲੀ**

ਸੰਨ 2013,ਹਿੰਦੁਸਤਾਨ ਗ਼ਦਰ ਪਾਰਟੀ ਦੀ ਸਥਾਪਨਾ ਦਾ ਵਰ੍ਹਾ ਹੈ ਅਤੇ ਇਸ ਵਰ੍ਹੇ ਨੂੰ ਆਪਣੇ ਢੰਗ ਨਾਲ ਮਨਾਉਂਦਿਆਂ 'ਸਿਰਜਣਾ'ਦੇ ਸੰਪਾਦਕ ਨੇ ਅੰਕ-168 ਅਤੇ 169 ਦੀਆਂ ਸੰਪਾਦਕੀਆਂ ਗ਼ਦਰ ਲਹਿਰ ਨੂੰ ਸਮਰਪਤ ਕੀਤੀਆਂ ਹਨ। ਅਜਿਹਾ ਕਰਕੇ ਸੰਪਾਦਕ ਨੇ ਲੋਕ-ਸਿਆਣਪ 'ਬਾਬਾਣੀਆਂ ਕਹਾਣੀਆਂ ਪੁੱਤ ਸਪੁੱਤ ਕਰੇਣ' ਦੇ ਕਥਨ ਨੂੰ ਸੱਚ ਕਰ ਵਿਖਾਇਆ ਹੈ। ਜਿਵੇਂ 169 ਦੀ ਸੰਪਾਦਕੀ 'ਗ਼ਦਰੀ ਸੂਰਬੀਰਾਂ ਨੂੰ ਚੇਤੇ ਕਰਦਿਆਂ'ਵਿਚ ਗ਼ਦਰੀ ਸੂਰਬੀਰਾਂ ਦੁਆਰਾ ਦੇਸ਼ ਭਗਤੀ ਲਈ ਕੀਤੇ ਕੰਮਾਂ ਨੂੰ ਇਤਿਹਾਸਕ ਤੇ ਵਿਚਾਰਧਾਰਕ ਦ੍ਰਿਸ਼ਟੀਕੋਣਾਂ ਤੋਂ ਬਾਖੂਬੀ ਚੇਤੇ ਕਰਵਾਇਆ ਗਿਆ ਹੈ, ਠੀਕ ਉਵੇਂ ਹੀ, 168 ਦੀ ਸੰਪਾਦਕੀ ਵਿਚ 'ਗ਼ਦਰ ਪਾਰਟੀ ਦੀ ਵਿਰਾਸਤ' ਨੂੰ ਨਿਰੋਲ ਸਿੱਖ ਸਮਾਜ ਸਭਿਆਚਾਰ ਤਕ ਸੀਮਤ ਕਰਨ ਦੇ ਗੁੰਮਰਾਹਕੁਨ ਨੁਕਤੇ ਨੂੰ ਭੰਡਦਿਆਂ ਸੰਪਾਦਕ 'ਸਿਰਜਣਾ' ਨੇ ਗ਼ਦਰ ਪਾਰਟੀ ਦੇ ਚਰਿੱਤਰ ਨੂੰ ਕੌਮੀ ਸਰੂਪ ਦਾ ਗਰਦਾਨਦਿਆਂ ਇਸ ਨੂੰ ਕੌਮੀ ਲਹਿਰ ਦੇ ਰੂਪ ਵਿਚ ਵੇਖਣ,ਸਮਝਣ ਤੇ ਪਰਖਣ ਦਾ ਸੁਝਾਅ ਦਿੱਤਾ ਹੈ। ਦੋਵੇਂ ਸੰਪਾਦਕੀਆਂ ਪੰਜਾਬ ਦੇ ਇਤਿਹਾਸਕਾਰਾਂ ਅਤੇ ਚਿੰਤਕਾਂ ਨਾਲ ਸੰਬਾਦ ਰਚਾਉਣੀਆਂ ਸੰਪਾਦਕੀਆਂ ਹਨ। 'ਅੰਕ-169' ਵਿਚ ਗੁਲਜ਼ਾਰ ਸਿੰਘ ਸੰਧੂ ਦਾ ਨਿਬੰਧ 'ਮੈਂ ਤੇ ਮੇਰੀ ਰਚਨਾਕਾਰੀ' ਨੂੰ ਪੜ੍ਹਦਿਆਂ ਇੰਝ ਲਗਦਾ ਹੈ ਜਿਵੇਂ ਕਿ ਸੰਧੂ ਸਾਹਿਬ ਆਪਣੇ ਪ੍ਰਸ਼ੰਸਕਾਂ ਤੇ ਮਿੱਤਰਾਂ ਦੇ ਕਹੇ ਅਨੁਸਾਰ ਆਪਣੀ ਜੀਵਨੀ ਲਿਖਣ ਦਾ ਮਨ ਬਣਾਉਣ ਦੇ ਜਤਨ ਵਜੋਂ ਆਪਣੇ ਜੀਵਨ-ਅਨੁਭਵ ਤੇ ਸਾਹਿਤ-ਸਿਰਜਣਾ ਬਾਰੇ ਕੁਝ ਅਹਿਮ ਨੁਕਤੇ ਸਾਂਝੇ ਕਰਕੇ ਸਮੁੰਦਰ ਨੂੰ ਕੁੱਜੇ ਵਿਚ ਸਮੋ ਰਹੇ ਹੋਣ। ਏਸੇ ਹੀ ਅੰਕ ਵਿਚ ਸੰਬਾਦ ਦੀਆਂ ਚਿੰਤਨੀ ਲਾਟਾਂ ਨਾਲ ਭਰਪੂਰ ਦੇਵਿੰਦਰ ਕੌਰ ਦਾ ਨਿਬੰਧ 'ਪੰਜਾਬੀ ਵਿਰਸਾ:ਗਲੋਬਲੀ ਪਰਿਪੇਖ' ਪੰਜਾਬੀ ਸਭਿਆਚਾਰ ਨੂੰ ਗਲੋਬਲ ਪੱਧਰ ਉੱਤੇ ਵਧੇਰੇ ਵਿਸਤ੍ਰਿਤ ਰੂਪ ਵਿਚ ਫੈਲਿਆ ਸਵੀਕਾਰਦਾ ਹੈ। 'ਸਿਰਜਣਾ' ਵਿਚ ਅਕਸਰ ਛਪਦੀਆਂ ਸੁਰਜੀਤ ਹਾਂਸ ਦੀਆਂ ਲਿਖਤਾਂ ਮਨੁੱਖੀ ਚਿੰਤਨ ਤੇ ਚੇਤਨਾ ਦਾ ਵਡਮੁੱਲਾ ਸਰਮਾਇਆ ਹਨ। 'ਦੇਸ਼ ਕਾਲ ਵਾਲਾ ਦੇਸ਼ ਅਤੇ ਸਰਮਾਇਆ' ਰਿਵਿਊ ਨਿਬੰਧ ਏਸੇ ਲੜੀ ਦਾ ਅਗਲਾ ਜੋੜ ਹੈ। ਹਰਜੀਤ ਅਟਵਾਲ, ਹਰਪ੍ਰੀਤ ਸੇਖਾ, ਜਿੰਦਰ ਤੇ ਮੁਖਤਿਆਰ ਸਿੰਘ ਦੀਆਂ ਕਹਾਣੀਆਂ ਇੱਕੀਵੀਂ ਸਦੀ ਵਿਚ ਪੰਜਾਬੀ ਕਹਾਣੀ ਦੀਆਂ ਪੁਖ਼ਤਾ ਪੈੜਾਂ ਹਨ। ਨੂਰ ਸੰਤੋਖਪੁਰੀ ਦੀਆਂ ਕਵਿਤਾਵਾਂ ਮੋਹ, ਪਿਆਰ,ਹਮਦਰਦੀ,ਰਹਿਮ,ਪਰਉਪਕਾਰ ਜਿਹੀਆ ਭਾਵਨਾਵਾਂ ਜਗਾਉਂਦੀਆਂ ਹਨ।

**-ਗੁਰਦੀਪ ਕੌਰ, ਪੰਜਾਬ ਯੂਨੀਵਰਸਿਟੀ,ਚੰਡੀਗੜ੍ਹ**

'ਸਿਰਜਣਾ' ਨੇ ਨਾ ਕੇਵਲ ਆਪਣਾ ਮਿਆਰ ਲਗਾਤਾਰ ਉੱਚਾ ਕੀਤਾ ਹੈ ਸਗੋਂ ਪੰਜਾਬੀ ਪਾਠਕਾਂ ਦੇ ਸਨਮੁੱਖ ਮਿਆਰੀ ਸਾਹਿਤ ਅਤੇ ਸੋਚ ਨੂੰ ਕਾਇਮ ਰੱਖਣ ਦਾ ਪੁਰਜ਼ੋਰ ਹੀਲਾ ਵੀ ਜਾਰੀ ਰੱਖਿਆ ਹੈ। 'ਸਿਰਜਣਾ' ਦੀ ਇਸ ਕਾਮਯਾਬੀ ਲਈ ਇਸ ਦੇ ਸੰਪਾਦਕ ਵਧਾਈ ਦੇ ਪਾਤਰ ਹਨ। ਅੰਕ 169 (ਜੁਲਾਈ-ਸਤੰਬਰ) ਵਿਚ 'ਗਦਰੀ ਬਾਬਿਆਂ ਨੂੰ ਯਾਦ ਕਰਦਿਆਂ'(ਰਘਬੀਰ

ਸਿੰਘ) ਅਤੇ 'ਮੈਂ ਤੇ ਮੇਰੀ ਰਚਨਾਕਾਰੀ' (ਗੁਲਜ਼ਾਰ ਸੰਧੂ) ਉੱਤਮ ਕਿਰਤਾਂ ਹਨ। 'ਸਿਰਜਣਾ' ਪਾਠਕਾਂ ਨੂੰ ਉੱਚ ਪਾਏ ਦੇ ਪੰਜਾਬੀ ਸਾਹਿਤ ਨਾਲ ਜਾਣੂ ਕਰਾਉਣ ਲਈ ਇਕ ਮੀਲ ਪੱਥਰ ਦੇ ਰੂਪ ਵਿਚ ਕੰਮ ਕਰ ਰਹੀ ਹੈ। ਸ਼ਾਲਾ ਇਉਂ ਹੀ ਹੁੰਦਾ ਰਹੇ।

**-ਡਾ. ਜਸਬੀਰ ਕੌਰ, 3-ਏ, ਐੱਸ.ਏ.ਐੱਸ ਨਗਰ. ਮੋਹਾਲੀ**

ਸਿਰਜਣਾ-168 ਦੀ ਸੰਪਾਦਕੀ ਵਿਚ 'ਗ਼ਦਰ ਪਾਰਟੀ ਦੀ ਵਿਰਾਸਤ ਬਾਰੇ ਅਹਿਮ ਨੁਕਤੇ ਉਠਾਏ ਗਏ ਹਨ। ਜਿੱਥੋਂ ਤਕ ਗ਼ਦਰ ਪਾਰਟੀ ਦੀ ਵਿਰਾਸਤ ਨੂੰ ਹਥਿਆਉਣ ਦੀ ਗੱਲ ਹੈ, ਇਹ ਬਿਲਕੁਲ ਠੀਕ ਹੈ। ਇਸਦੇ ਨਾਲ ਹੀ ਇਹ ਗੱਲ ਵੀ ਜੋੜਨੀ ਜ਼ਰੂਰੀ ਹੈ ਕਿ ਸਰਕਾਰਾਂ ਏਡੀ ਅਹਿਮ ਲਹਿਰ ਨੂੰ ਸਿੱਖਿਆ ਦੇ ਖੇਤਰ ਵਿਚ ਉਹ ਸਥਾਨ ਕਿਉਂ ਨਹੀਂ ਦੇ ਰਹੀਆਂ ਜਿਸਦੀ ਇਹ ਅਧਿਕਾਰੀ ਹੈ। ਪਰ ਇਸ ਗੱਲੋਂ ਵੀ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਗ਼ਦਰੀ ਬਾਬਿਆਂ 'ਚ ਬਹੁਗਿਣਤੀ ਸਿੱਖਾਂ ਦੀ ਹੀ ਸੀ। ਕਹਾਣੀਆਂ ਬਾਰੇ ਫੇਰ ਸਹੀ, ਪਰ ਇਸ ਅੰਕ ਵਿਚ ਸਿਰਮੌਰ ਕਹਾਣੀਕਾਰ ਵਰਿਆਮ ਸਿੰਘ ਸੰਧੂ ਦੀ ਜੀਵਨੀ-ਅੰਸ਼ ਪੜ੍ਹਕੇ ਉਹ ਕਾਲ਼ੇ ਦਿਨ ਯਾਦ ਆਏ ਜਦੋਂ ਸਾਧਾਰਨ ਸਿੱਖ ਵੀ ਸਿੱਖੀ ਦੀ ਪੁਨਰ ਜਾਗ੍ਰਤੀ ਦੇ ਪ੍ਰਭਾਵਾਂ ਥੱਲੇ ਆ ਗਿਆ ਸੀ। ਇਸ ਲਿਖਤ ਵਿਚ ਜੋ ਸੰਧੂ-ਸ਼ੈਲੀ ਸਾਹਮਣੇ ਆਈ ਹੈ, ਉਹ ਨੁੱਕਦਾਰ ਵਾਰਤਕ ਦੀ ਉੱਤਮ ਉਦਾਹਰਣ ਹੈ। 'ਟਾਹ ਟਾਹ ਕਪਾਹੀ ਹਾਸਾ', 'ਹਾਸਾ ਮਜ਼ਾਕ ਸ਼ੁੱਧ ਹਿਰਦਿਆਂ ਦਾ ਖੇੜਾ', 'ਮੈਨੂੰ ਮੇਰੇ ਭੈਣ-ਭਰਾ ਨੇ ਹੀ ਅਜਿਹੇ ਰੰਗ ਵਿਖਾ ਦਿੱਤੇ', 'ਬੰਦੂਕ ਜਾਂ ਦਾਤਰੀ', 'ਕੇਸਰੀ ਪਟਕੇ ਦਾ ਰੰਗ', 'ਏਕੀ ਮੇਕੀ ਢੇਕੀ', 'ਹਨੇਰੀ ਸੁਰੰਗ', 'ਕੂਲ਼ਾ ਰਿਸ਼ਤਾ', 'ਜੜ੍ਹਾਂ ਦੀ ਰਿਸ਼ਤਗੀ', ਅਜਿਹੇ ਬਿੰਬ ਤੇ ਮੈਟਾਫਰ ਵਰਿਆਮ ਸੰਧੂ ਹੀ ਗਹਿਰੇ ਕਰ ਸਕਦੈ। ਉਸਦੀ ਕਲਮ ਨੂੰ ਸਲਾਮ!

**-ਜੋਗਿੰਦਰ ਸਿੰਘ ਨਿਰਾਲਾ, ਰਾਜੌਰੀ, ਜੰਮੂ ਕਸ਼ਮੀਰ**

ਸਿਰਜਣਾ-168 ਦੀ ਸੰਪਾਦਕੀ ਗ਼ਦਰ ਪਾਰਟੀ ਦੇ ਸੌ ਸਾਲਾ ਇਤਿਹਾਸ ਨੂੰ ਯਾਦ ਕਰਦਿਆਂ ਇਸਦੀ ਵਿਰਾਸਤ ਨੂੰ ਸਾਂਭਣ ਦਾ ਹੋਕਾ ਦਿੰਦੀ ਹੈ। ਇੰਦਜੀਤ ਨੰਦਨ ਨੂੰ ਦੇਰ ਬਾਅਦ ਪੜ੍ਹਿਆ ਹੈ। ਇਹਨਾਂ ਕਵਿਤਾਵਾਂ ਵਿਚਲੇ ਮੁਹੱਬਤੀ ਪਲ ਕੁਦਰਤ ਨਾਲ ਇਕਮਿਕ ਹੋਏ ਲਗਦੇ ਹਨ। ਅਨੂ ਬਾਲਾ ਦੀ 'ਰੁੱਖ-ਰਬਾਬ' ਨੇ ਉਸਨੂੰ ਨਿਵੇਕਲੀ ਪਛਾਣ ਦਿੱਤੀ ਹੈ। ਵਰਿਆਮ ਸਿੰਘ ਸੰਧੂ ਦੀ ਸਵੈ-ਜੀਵਨੀ ਦਾ ਟੋਟਾ 'ਹੱਸਣ ਦੀ ਜਾਚ' ਵਿਚ ਉਸਦੀ ਖ਼ੂਬਸੂਰਤ ਵਾਰਤਕ ਪੜ੍ਹਨ ਨੂੰ ਮਿਲਦੀ ਹੈ। ਮੰਗਤ ਰਾਮ ਪਾਸਲਾ ਦੀ 'ਗਵਾਚੀ ਖ਼ੁਸ਼ੀ' ਬੜੀ ਭਾਵ ਪੂਰਤ ਰਚਨਾ ਹੈ। ਸਾਡੀ ਖੰਭਾਂ ਨੂੰ ਡਾਰਾਂ ਬਣਾਉਣ ਵਾਲੀ ਪ੍ਰਵਿਰਤੀ ਕਿਵੇਂ ਰਿਸ਼ਤਿਆਂ ਨੂੰ ਤਾਰ ਤਾਰ ਕਰ ਦਿੰਦੀ ਹੈ, ਅਜਮੇਰ ਸਿੱਧੂ ਦੀ ਕਹਾਣੀ 'ਕੁਰੂਕਸ਼ੇਤਰ ਤੋਂ ਪਾਰ' ਇਸਦੀ ਖ਼ੂਬਸੂਰਤ ਪੇਸ਼ਕਾਰੀ ਹੈ। 'ਹੁਣ ਮੈਂ ਝੂਠ ਨਹੀਂ ਬੋਲਦਾ' ਵਿਚ ਦਲਿਤ ਮਾਨਸਿਕਤਾ ਨੂੰ ਬੜੀ ਖ਼ੂਬਸੂਰਤੀ ਨਾਲ ਚਿਤਰਿਆ ਹੈ ਸਿਮਰਨ ਧਾਲੀਵਾਲ ਨੇ। ਨਸ਼ਿਆਂ ਨੇ ਤੇ ਅੱਯਾਸ਼ੀ ਨੇ ਪੰਜਾਬੀ ਕਿਸਾਨੀ ਨੂੰ ਜਿਸ ਖ਼ੁਦਕੁਸ਼ੀ ਦੇ ਰਾਹ ਤੋਰਿਆ ਹੈ, ਉਸਦੀ ਨਿਸ਼ਾਨਦਹੀ ਕੀਤੀ ਹੈ ਬਲਦੇਵ ਸਿੰਘ ਨੇ ਆਪਣੀ ਕਹਾਣੀ 'ਲੋਟਣ ਕਬੂਤਰ' ਵਿਚ। ਚਰਨਜੀਤ ਸਿੰਘ ਪੰਨੂ ਨੇ 'ਸੂਲੀ ਟੰਗੇ ਪਲ' 'ਚ ਮਾਲਸ਼ ਘਰਾਂ ਦੀ ਸਮੁੱਚੀ ਪ੍ਰਕਿਰਿਆ ਨੂੰ ਬਹੁਤ ਹੀ ਬਰੀਕਬੀਨੀ ਨਾਲ ਬਿਆਨ ਕੀਤਾ ਹੈ। ਚੰਦਰ ਮੋਹਨ ਨੇ ਪ੍ਰਮਿੰਦਰਜੀਤ ਦੀ ਸਮੁੱਚੀ ਕਵਿਤਾ ਬਾਰੇ ਸੁਹਿਰਦਤਾ ਨਾਲ ਲਿਖਿਆ ਹੈ।

**-ਮਲਵਿੰਦਰ, ਅੰਮ੍ਰਿਤਸਰ**

ਸਿਰਜਣਾ-168 ਦਾ ਸਾਰਾ ਹੀ ਮੈਟਰ ਪਾਏਦਾਰ ਸੀ ਪਰ ਕਹਾਣੀਆਂ ਨੇ ਖ਼ਾਸ ਕਰਕੇ ਮਨ ਨੂੰ ਟੁੰਬਿਆ ਹੈ, ਜਿਹਨਾਂ ਵਿਚੋਂ ਸਿਮਰਨ ਧਾਲੀਵਾਲ ਦੀ ਕਹਾਣੀ 'ਹੁਣ ਮੈਂ ਝੂਠ ਨਹੀਂ ਬੋਲਦਾ' ਨਿਵੇਕਲੇ ਅੰਦਾਜ਼ ਵਿਚ ਲਿਖੀ ਹੋਈ ਹੈ। ਮੰਗਤ ਰਾਮ ਪਾਸਲਾ ਦੀ 'ਗਵਾਚੀ ਖ਼ੁਸ਼ੀ' ਇਕ ਯਥਾਰਥਵਾਦੀ ਰਚਨਾ ਹੈ। ਸਾਡੀ ਆਮ ਰੋਜ਼ਮਰ੍ਹਾ ਦੀ ਜ਼ਿੰਦਗੀ ਵਿਚ ਅਜਿਹੀਆਂ ਘਟਨਾਵਾਂ ਆਮ ਵਾਪਰਦੀਆਂ ਹਨ ਜੋ ਸੰਵੇਦਨਸ਼ੀਲ ਜੀਵਾਂ ਨੂੰ ਧੁੰਝ ਕੇ ਰੱਖ ਦਿੰਦੀਆਂ ਹਨ। ਬਲਦੇਵ ਸਿੰਘ ਦੇ 'ਲੋਟਣ ਕਬੂਤਰ' ਅਤੇ ਚਰਨਜੀਤ ਸਿੰਘ ਪੰਨੂ ਦੀ ਕਹਾਣੀ ਵਿਚ ਵਿਸ਼ੈ ਨੂੰ ਕਲਾਤਮਕਤਾ ਨਾਲ ਨਿਭਾਇਆ ਗਿਆ ਹੈ।

**-ਗੁਰਸੇਵਕ ਸਿੰਘ ਰੋੜਕੀ, ਸਰਦੂਲਗੜ੍ਹ**



'ਸ਼ਗਨ', 'ਸਫਰ ਤੇ ਸੂਰਜ', 'ਗੁੰਗਾ ਦਰਦ', 'ਆਵਾਜ਼'
'ਹੁਣ ਧੀਆਂ ਦੀ ਵਾਰੀ' ਅਤੇ 'ਦੋਸਤੀ ਦੀ ਰੁੱਤ' ਦੇ ਰਚੇਤਾ
ਪ੍ਰੌਢ ਕਾਵਿ ਚੇਤਨਾ ਵਾਲੇ ਕਵੀ ਸੁਰਿੰਦਰ ਗਿੱਲ ਦਾ ਨਵਾਂ ਕਾਵਿ ਸੰਗ੍ਰਹਿ




ਫੋਕੇ ਗੀਤ ਨਾ ਗਾਈਏ
ਆਓ ਗੀਤ ਜੂਨ ਹੰਢਾਈਏ
ਆਓ ਕਵਿਤਾ ਜੀਵੀਏ।

ਇਕ ਉਮਰ
ਇਕ ਲੋਰ ਖੁਮਾਰੀ
ਟੇਪਾ ਟੇਪਾ ਪੀਵੀਏ।

ਪੰਨੇ 104 ਮੁੱਲ 150 ਰੁਪਏ

ਪਰੰਪਰਾ ਪਬਲਿਸ਼ਿੰਗ ਹਾਊਸ, ਚੰਡੀਗੜ੍ਹ

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਐਸ. ਸੀ. ਐਫ. 112, ਫੇਜ਼ 7, ਮੋਹਾਲੀ ਤੋਂ ਛਪਵਾ ਕੇ, 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।
ਸੰਪਾਦਕ : ਰਘਬੀਰ ਸਿੰਘ
ਪ੍ਰਕਾਸ਼ਨ ਮਿਤੀ : 1 ਅਕਤੂਬਰ, 2013

**SIRJANA** Literary Punjabi Quarterly Chandigarh
No. 170 October-December 2013
Registered with the Registrar of Newspapers for India vide R.N. 10215/65


## ਸ਼ਿਰੋਮਣੀ ਗਲਪਕਾਰ ਗੁਲਜ਼ਾਰ ਸਿੰਘ ਸੰਧੂ ਦੀ ਸੱਜਰੀ ਨਾਵਲ ਰਚਨਾ

# ਗੋਰੀ ਹਿਰਨੀ




ਇਹ ਨਾਵਲ ਵੀ ਲੇਖਕ ਦੇ ਪਹਿਲੇ ਨਾਵਲ 'ਧਰੂ ਤਾਰੇ' ਵਾਂਗ ਪੰਜਾਬੀ ਧਰਾਤਲ ਤੋਂ ਬਾਹਰ ਦਾ ਹੈ। ਜੇ ਉਸ ਨਾਵਲ ਦਾ ਅੱਧਾ ਘਟਨਾ-ਸਥੱਲ ਦੱਖਣੀ ਭਾਰਤ ਤੇ ਅਮਰੀਕਾ ਦਾ ਰੈੱਡ ਇੰਡੀਅਨ ਉਕਲੋਹਾਮਾ ਸੀ ਤਾਂ ਇਸ ਦਾ ਜਰਮਨੀ ਦਾ ਬਰਲਿਨ ਅਤੇ ਹੈਮਬਰਗ। ਹਿਟਲਰ ਦੀਆਂ ਨਾਜ਼ੀ ਕਰਤੂਤਾਂ ਦਾ ਫਲ ਭੁਗਤਣ ਵਾਲੇ ਇਸ ਦੇ ਪਾਤਰ ਹਮਦਰਦੀ ਦੀ ਮੰਗ ਕਰਦੇ ਹਨ। ਲੇਖਕ ਨੇ ਜਿਸ ਸਿਆਣਪ ਨਾਲ ਉਹਨਾਂ ਨੂੰ ਚਿਤਰਿਆ ਹੈ, ਉਹ ਬਹੁਤ ਕੁਝ ਪੜ੍ਹੇ ਤੇ ਦੇਖੇ ਬਿਨਾਂ ਸੰਭਵ ਨਹੀਂ ਸੀ। ਇਸ ਰਚਨਾ ਵਿਚ ਏਸ਼ੀਆਈ ਧਰਾਤਲ ਤੋਂ ਵੱਖਰੇ ਪੱਛਮੀ ਪਿਛੋਕੜ ਵਿਚੋਂ ਨਵਾਂ ਚਾਨਣ ਲੱਭਣ ਵਾਲਿਆਂ ਲਈ ਬਹੁਤ ਕੁਝ ਹੈ।

ਪੰਨੇ 192 ਸੁੰਦਰ ਦਿੱਖ ਮੁੱਲ 200 ਰੁਪਏ

### ਲੋਕਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ